ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

ਸਾਡੇ ਲੋਕ

SADE LOK

sadelok.com

13-19 ਸਤੰਬਰ 2023

ਸਾਲ 14ਵਾਂ - ਅੰਕ 38

email : info@sadelok.com

Ph. : 510-706-1300

Fax : 925-373-1300

ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੀ ਯਾਦ 'ਚ ਸਮਾਗਮ

ਦੇਖੋ ਸਫ਼ਾ 31 'ਤੇ

ਸਾਰਾਗੜ੍ਹੀ ਜੰਗ ਦੇ ਸ਼ਹੀਦ ਸੈਨਿਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ।

ਕਮਿਊਨਟੀ ਲਈ ਮਾਣ ਵਾਲੀ ਗੱਲ; ਗੁਰਕੀਰਤ ਸਿੰਘ ਅਮਰੀਕਾ ਦੀ ਅੰਡਰ 21 ਹਾਕੀ ਟੀਮ 'ਚ ਸਿਲੈਕਸ਼ਨ

4

ਯੂ.ਕੇ. ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਖ਼ਜ਼ਾਨੇ ਦੇ ਸ਼ੈਡੋ ਐਕਸਚੈਕਰ ਸਕੱਤਰ ਨਿਯੁਕਤ

4

ਮੋਰੱਕੋ 'ਚ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ 2700 ਤੋਂ ਟੱਪੀ



16

ਜੀ20: ਨਵੀਂ ਦਿੱਲੀ ਐਲਾਨਨਾਮਾ ਸਰਬਸੰਮਤੀ ਨਾਲ ਪ੍ਰਵਾਨ

- *ਵਿਸ਼ਵ ਬੈਂਕ ਦੇ ਮੁਖੀ ਸ੍ਰ. ਅਜੈਪਾਲ ਸਿੰਘ ਬੰਗਾ ਵਲੋਂ ਭਾਰਤ ਲੀਡਰਸ਼ਿਪ ਅਤੇ ਜੀ-20 ਨੇਤਾਵਾਂ ਦੀ ਤਾਰੀਫ਼*
- *ਯੂਕਰੇਨ ਜੰਗ ਸਣੇ ਪੇਸ਼ ਸਾਰੇ ਮਤਿਆਂ ਨੂੰ ਦਿੱਤੀ ਪ੍ਰਵਾਨਗੀ*



(ਦੇਖੋ ਸਫ਼ਾ 20-28 'ਤੇ)

ਗਰੀਬ ਤੇ ਪੱਛੜੇ ਵਰਗਾਂ ਦੇ ਬੱਚਿਆਂ ਦੀ ਤਕਦੀਰ ਬਦਲਣ ਵਾਲਾ ਹੋਵੇਗਾ 'ਸਕੂਲ ਆਫ਼ ਐਮੀਨੈਂਸ'

ਬੁਲੰਦੀਆਂ ਛੂਹਣ ਲਈ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਉਡਾਣ ਦੇ ਰਹੇ ਹਾਂ : ਭਗਵੰਤ ਮਾਨ

ਅੰਮ੍ਰਿਤਸਰ : ਵਿਦਿਆਰਥੀਆਂ ਨੂੰ ਆਪਣੇ ਜੀਵਨ 'ਚ ਬੁਲੰਦੀ 'ਤੇ ਪਹੁੰਚਣ ਲਈ ਉਨ੍ਹਾਂ ਦੇ ਸੁਪਨਿਆਂ ਨੂੰ ਉਡਾਣ ਦਿੰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੂਬੇ ਦਾ ਪਹਿਲਾਂ 'ਸਕੂਲ ਆਫ ਐਮੀਨੈਂਸ' ਪੰਜਾਬ ਵਾਸੀਆਂ ਨੂੰ ਸਮਰਪਿਤ ਕੀਤਾ। ਦੋਵਾਂ ਮੁੱਖ ਮੰਤਰੀਆਂ ਨੇ ਕਿਹਾ, "ਪੰਜਾਬ 'ਚ ਅੱਜ ਸਿੱਖਿਆ ਦੇ ਖੇਤਰ 'ਚ ਨਵੀਂ ਕ੍ਰਾਂਤੀ ਦਾ

(ਦੇਖੋ ਸਫ਼ਾ 18 'ਤੇ)

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ

ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਦੇ ਅਸਤ ਸ੍ਰੀ ਕੀਰਤਪੁਰ ਸਾਹਿਬ ਵਿਖੇ ਕੀਤੇ ਜਲ ਪ੍ਰਵਾਹ

ਕੀਰਤਪੁਰ : ਖਾਲਸਾ ਰਾਜ ਦੀ ਪ੍ਰਾਪਤੀ ਲਈ ਸੰਘਰਸ਼ੀ ਯੋਧਿਆਂ ਨੂੰ ਹਮੇਸ਼ਾ ਹੀ ਕੰਡਿਆਲੇ ਰਾਹਾਂ 'ਤੇ ਤੁਰਦਿਆਂ ਸ਼ਹਾਦਤ ਦੇ ਜਾਮ ਪੀਣੇ ਪਏ ਹਨ। ਉਨ੍ਹਾਂ ਦੀ ਬਹਾਦਰੀ ਦੁਸ਼ਮਣ ਨੂੰ ਚੁੱਭਦੀ ਆਈ ਹੈ। ਖਾਲਸਾ ਪੰਥ ਨੂੰ ਮੁਹੱਬਤ ਕਰਨ ਵਾਲੇ ਯੋਧੇ ਸ਼ਹਾਦਤਾਂ ਦੇਣ ਪਿਛੋਂ ਹੋਰ ਵੀ ਅਮਰ ਹੋਣ ਵਰਗੇ ਉਚੇ ਰੁਤਬੇ ਪਾ ਕੇ ਦੁਸ਼ਮਣ ਦੇ ਪਾਲੇ ਹਰ ਵਹਿਮ ਨੂੰ ਚੂਰ ਚੂਰ ਕਰ ਸੁੱਟਦੇ ਹਨ। ਖਾਲਸਾ ਪੰਥ ਨੇ ਸ਼ਹਾਦਤਾਂ ਵਾਲੇ ਯੋਧਿਆਂ ਨੂੰ ਸਦਾ ਆਪਣੇ ਚੇਤਿਆਂ ਵਿਚ ਵਸਾਇਆ ਹੈ। ਉਨ੍ਹਾਂ ਦੀ ਸੋਚ, ਉਨ੍ਹਾਂ ਦੇ ਸੁਫ਼ਨੇ ਇਤਿਹਾਸ ਦੇ ਪੰਨਆਂ 'ਤੇ ਇਸ ਤਰ੍ਹਾਂ ਉਕਰ ਜਾਂਦੇਹਨ ਕਿ ਉਹ ਨਿੱਤ ਦਿਨ ਕੌਮ ਨੂੰ ਹਲੂਣਾ ਦਿੰਦੇ ਹਨ। ਖਾਲਸਾ ਆਪਣੀ ਵਿਲੱਖਣਤਾ ਦੀ ਬਦੌਲਤ ਹੀ ਦੁਨੀਆ ਵਿਚ ਹਰਮਨਪਿਆਰਾ ਹੈ। ਪੰਜਾਬ ਦੀ ਜਰਖੇਜ਼ ਮਿੱਟੀ ਖਾਲਸੇ ਨੂੰ ਅਜਿਹਾ ਥਾਪੜਾ ਦਿੰਦੀ ਹੈ ਕਿ ਉਹ ਦੁਨੀਆ ਦੇ ਹਰ ਹਿੱਸੇ ਵਿਚ ਪਹੁੰਚ ਕੇ ਵੀ ਆਪਣੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਖਾਲਸਾ ਰਾਜ ਦੇ ਜੈਕਾਰੇ ਛੱਡਦਿਆਂ ਵੈਰੀਆਂ ਨੂੰ ਕੰਬਣੀਆਂ ਛੇੜੀ ਰੱਖਦਾ ਹੈ। ਅਜਿਹਾ ਹੀ ਖਾਲਸਾ ਪੰਥ ਦਾ ਯੋਧਾ ਸੀ ਭਾਈ

(ਦੇਖੋ ਸਫ਼ਾ 34 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
USA Immigration
Citizenship
Green Card
Deportation Defense
PoliticalAsylum
Detentaion Cases
Artists
Singers P3 Visas
Priest R1 Visas
Investors EB 5 Visas
L1 Business Visas
Family Law
Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
510-706-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify,1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੇਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu
Attorney at Law
510-788-4558

Valley Real Estate Center

Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property

Property Address : 27022 River Roadm, Newman CA 95260.

RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

ਅਮਰੀਕਾ : 9/11 ਹਮਲਿਆਂ ਚ ਮਾਰੇ ਗਏ ਦੋ ਲੋਕਾਂ ਦੀ 22 ਸਾਲ ਬਾਅਦ ਹੋਈ ਪਛਾਣ

ਨਿਊਯਾਰਕ : ਅਮਰੀਕਾ ਦੇ ਨਿਊਯਾਰਕ ਵਿੱਚ 11 ਸਤੰਬਰ, 2001 ਨੂੰ ਵਰਲਡ ਟਰੇਡ ਸੈਂਟਰ 'ਤੇ ਹੋਏ ਅੱਤਵਾਦੀ ਹਮਲੇ ਵਿਚ ਮਾਰੇ ਗਏ ਦੋ ਹੋਰ ਲੋਕਾਂ ਦੀ ਹੁਣ ਪਛਾਣ ਹੋ ਗਈ ਹੈ। 9/11 ਵਜੋਂ ਜਾਣੇ ਜਾਂਦੇ ਦਹਿਸ਼ਤੀ ਹਮਲਿਆਂ ਦੀ 22ਵੀਂ ਬਰਸੀ ਤੋਂ ਪਹਿਲਾਂ ਅਧਿਕਾਰੀਆਂ ਨੇ ਡੀ.ਐਨ.ਏ ਟੈਸਟਿੰਗ ਰਾਹੀਂ ਮ੍ਰਿਤਕਾਂ ਦੀ ਪਛਾਣ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਮੇਅਰ ਦੇ ਦਫ਼ਤਰ ਦਾ ਕਹਿਣਾ ਹੈ ਕਿ ਅਸੀਂ ਮ੍ਰਿਤਕਾਂ ਦੇ ਪਰਿਵਾਰਾਂ ਦੀ ਬੇਨਤੀ 'ਤੇ ਉਨ੍ਹਾਂ ਦੀ ਪਛਾਣ ਗੁਪਤ ਰੱਖੀ ਹੈ। ਉਸ ਨੂੰ ਹੁਣ ਤੱਕ ਮੌਤ ਨੰਬਰ 1648 ਅਤੇ 1649 ਕਰਾਰ ਦਿੱਤਾ ਗਿਆ ਹੈ। ਜਿੰਨਾਂ ਦੀ ਪਛਾਣ ਹੋਈ ਹੈ, ਉਨ੍ਹਾਂ ਵਿੱਚ ਇੱਕ ਔਰਤ ਅਤੇ ਇੱਕ ਪੁਰਸ਼ ਸ਼ਾਮਲ ਹੈ।

ਡੀ.ਐਨ.ਏ ਟੈਸਟਿੰਗ ਲਈ ਹਾਲ ਹੀ ਵਿੱਚ ਅਪਣਾਈ ਗਈ ਅਗਲੀ ਪੀੜ੍ਹੀ ਦੀ ਸੀਕਵੈਂਸਿੰਗ ਤਕਨਾਲੋਜੀ ਦੀ ਵਰਤੋਂ ਕੀਤੀ ਗਈ ਸੀ। ਜੋ ਕਿ ਮੌਜੂਦਾ ਡੀ.ਐਨ.ਏ ਟੈਸਟਿੰਗ ਟੈਕਨਾਲੋਜੀ ਨਾਲੋਂ ਕਿਤੇ ਜ਼ਿਆਦਾ ਉੱਨਤ ਹੈ। ਅਮਰੀਕੀ ਫੌਜ ਇਸ ਤਕਨੀਕ ਦੀ ਵਰਤੋਂ ਲਾਪਤਾ ਸੈਨਿਕਾਂ ਦੇ ਅਵਸ਼ੇਸ਼ਾਂ ਦੀ ਪਛਾਣ ਕਰਨ ਲਈ ਕਰਦੀ ਹੈ। ਜ਼ਿਕਰਯੋਗ ਹੈ ਕਿ ਇੰਨੀ ਐਡਵਾਂਸ ਡੀ.ਐਨ.ਏ ਟੈਸਟਿੰਗ ਤਕਨੀਕ ਦੇ ਬਾਵਜੂਦ 9/11 ਹਮਲੇ ਵਿੱਚ ਮਾਰੇ ਗਏ ਲੋਕਾਂ ਵਿੱਚੋਂ 40 ਫੀਸਦੀ ਯਾਨੀ 1100 ਲੋਕ ਅਜੇ ਵੀ ਅਣਪਛਾਤੇ ਹਨ।

ਹਮਲੇ ਦੇ ਸਮੇਂ ਲੋਅਰ ਮੈਨਹਟਨ ਖੇਤਰ ਵਿੱਚ ਕੁੱਲ 2,753 ਲੋਕ ਲਾਪਤਾ ਦੱਸੇ ਗਏ ਸਨ। ਸਾਰਿਆਂ ਦੇ ਮੌਤ ਦੇ ਸਰਟੀਫਿਕੇਟ ਵੀ ਜਾਰੀ ਕੀਤੇ ਗਏ। ਨਿਊਯਾਰਕ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਮਲੇ 'ਚ ਮਾਰੇ ਗਏ ਲੋਕਾਂ ਦੀ ਪਛਾਣ ਕਰਨ ਲਈ ਅਮਰੀਕੀ ਇਤਿਹਾਸ ਦੀ ਸਭ ਤੋਂ ਗੁੰਝਲਦਾਰ ਫੋਰੈਂਸਿਕ ਜਾਂਚ ਕਰਵਾਈ ਜਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਦੋਵਾਂ ਵਿਅਕਤੀਆਂ ਦੀ ਪਛਾਣ ਹੋਣ ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਕੁਝ ਰਾਹਤ ਮਿਲੇਗੀ। ਦੱਸਣਯੋਗ ਹੈ ਕਿ 11 ਸਤੰਬਰ, 2001 ਨੂੰ ਵਰਲਡ ਟ?ਰੇਡ ਸੈਂਟਰ ਨਿਊਯਾਰਕ 'ਤੇ ਹੋਏ ਅੱਤਵਾਦੀ ਹਮਲੇ ਵਿੱਚ 2996 ਦੇ ਕਰੀਬ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਸਨ।

ਅਮਰੀਕਾ ਤੇ 11 ਸਤੰਬਰ ਦੇ ਹਮਲੇ ਦੇ ਯਾਦਗਾਰੀ ਸਮਾਰੋਹ 'ਚ ਸਿੱਖ ਭਾਈਚਾਰੇ ਨੇ ਕੀਤੀ ਸ਼ਮੂਲੀਅਤ

ਨਿਊਯਾਰਕ : ਬੀਤੇ ਦਿਨ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਨੇ ਸੈਂਕੜੇ ਹੋਰ ਸਥਾਨਕ ਅਮਰੀਕਨਾਂ ਦੇ ਨਾਲ 11 ਸਤੰਬਰ, 2001 ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦਿੱਤੀ। ਸਿੱਖ ਭਾਈਚਾਰੇ ਨੇ ਨਿਊਯਾਰਕ ਵਿਖੇ ਵਰਲਡ ਟਰੇਡ ਸੈਂਟਰ ਟਾਵਰਾਂ ਅਤੇ ਪੈਂਟਾਗਨ 'ਤੇ ਹੋਏ ਅੱਤਵਾਦੀ ਹਮਲਿਆਂ ਦੀ 22ਵੀਂ ਵਰ੍ਹੇਗੰਢ ਮਨਾਉਂਦੇ ਹੋਏ ਪ੍ਰਸਿੱਧ ਸ਼ਹਿਰ ਡੇਟਨ ਦੇ ਨਾਲ ਲੱਗਦੇ ਬੀਵਰਕ੍ਰੀਕ ਸ਼ਹਿਰ ਦੇ 9/11 ਮੈਮੋਰੀਅਲ ਵਿਖੇ ਸ਼ਰਧਾਂਜਲੀ ਦਿੱਤੀ। ਇਹਨਾਂ ਟਾਵਰਾਂ ਦੀਆਂ ਇਮਾਰਤਾਂ ਵਿੱਚ ਅਤੇ ਆਲੇ ਦੁਆਲੇ 2600 ਤੋਂ ਵੱਧ ਲੋਕ ਮਾਰੇ ਗਏ ਸਨ, ਜਦੋਂ ਅੱਤਵਾਦੀਆਂ ਨੇ ਹਵਾਈ ਜਹਾਜ਼ਾਂ ਨੂੰ ਅਗਵਾ ਕੀਤਾ ਅਤੇ ਟਾਵਰਾਂ ਨਾਲ ਟਕਰਾਅ ਦਿੱਤਾ। 186 ਲੋਕ ਪੈਂਟਾਗਨ ਵਿਖੇ ਜਹਾਜ਼ ਨਾਲ ਕੀਤੇ ਗਏ ਹਮਲੇ ਅਤੇ 40 ਲੋਕ ਪੈਨਸਿਲਵੇਨੀਆ ਵਿੱਚ ਇੱਕ ਜਹਾਜ਼ ਹਾਦਸੇ ਵਿੱਚ ਮਾਰੇ ਗਏ ਸਨ। ਸਮਾਰੋਹ ਵਿੱਚ ਯਾਦਗਾਰ 'ਤੇ ਅਮਰੀਕਨ ਝੰਡਾ ਨੀਵਾਂ ਕੀਤਾ ਗਿਆ, ਫੌਜ ਦੇ ਜਵਾਨਾਂ ਵੱਲੋਂ ਫੁੱਲ ਚੜ੍ਹਾਏ ਗਏ, ਰਾਸ਼ਟਰੀ ਗੀਤ ਗਾਇਆ ਗਿਆ, ਇੱਕ ਰਸਮੀ ਘੰਟੀ ਵਜਾਈ ਗਈ ਅਤੇ ਚਾਰ ਜਹਾਜਾਂ ਵਲੋਂ ਫਲਾਈਓਵਰ ਕਰਕੇ ਸ਼ਰਧਾਂਜਲੀ ਦਿੱਤੀ ਗਈ। ਬੀਵਰਕ੍ਰੀਕ ਦੇ ਮੇਅਰ ਬੰਬ ਸਟੋਨ ਨੇ ਸ਼ਰਧਾਂਜਲੀ ਸੰਦੇਸ਼ ਦਿੱਤਾ। ਸਮਾਰੋਹ ਵਿੱਚ ਸ਼ਾਮਲ ਹੋਏ ਸਿੱਖ ਭਾਈਚਾਰੇ ਦੇ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਸਲਾਨਾ ਯਾਦਗਾਰੀ ਸਮਾਰੋਹ ਦਾ ਆਯੋਜਨ ਬੀਵਰਕ੍ਰੀਕ ਦੇ 9/11 ਮੈਮੋਰੀਅਲ ਵਿਖੇ ਕੀਤਾ ਜਾਂਦਾ ਹੈ ਤਾਂ ਜੋ ਉਸ ਦਿਨ ਗੁਆਚੀਆਂ ਜਾਨਾਂ ਅਤੇ ਕੁਰਬਾਨੀਆਂ ਨੂੰ ਯਾਦ ਕੀਤਾ ਜਾ ਸਕੇ। ਬੀਵਰਕ੍ਰੀਕ ਦੇ ਇਸ 9/11 ਮੈਮੋਰੀਅਲ ਵਿੱਚ ਸਟੀਲ ਦਾ ਇੱਕ 25-ਫੁੱਟ ਉੱਚਾ ਮੁੜਿਆ ਹੋਇਆ ਪਿਲਰ ਸਥਾਪਿਤ ਕੀਤਾ ਗਿਆ ਹੈ, ਜੋ ਹਮਲੇ ਤੋਂ ਪਹਿਲਾਂ ਵਰਲਡ ਟਰੇਡ ਸੈਂਟਰ ਦੇ ਉੱਤਰੀ ਟਾਵਰ ਦੀਆਂ 101ਵੀਂ ਅਤੇ 105ਵੀਂ ਮੰਜ਼ਿਲਾਂ ਦੇ ਵਿਚਕਾਰ ਲੱਗਾ ਹੋਇਆ ਸੀ। ਇਸ ਟੁਕੜੇ ਨੂੰ ਦੋ ਅੱਗ ਬੁਝਾਉ ਦਸਤਿਆਂ ਦੁਆਰਾ ਬੀਵਰਕ੍ਰੀਕ ਵਿੱਚ ਲਿਆਂਦਾ ਗਿਆ ਸੀ ਜੋ ਓਹੀਓ ਟਾਸਕ ਫੋਰਸ ਵਨ ਦਾ ਹਿੱਸਾ ਸਨ ਅਤੇ ਇਹਨਾਂ ਨੇ ਨਿਊਯਾਰਕ ਵਿੱਚ ਗਰਾਊਂਡ ਜ਼ੀਰੋ ਵਿਖੇ ਬਚਾਅ ਕਾਰਜਾਂ ਵਿੱਚ ਸਹਾਇਤਾ ਕੀਤੀ ਸੀ। ਗੁਮਟਾਲਾ ਨੇ ਕਿਹਾ, "ਅਸੀਂ ਇਸ ਸਮਾਰੋਹ ਵਿੱਚ ਉਨ੍ਹਾਂ ਪੁਰਸ਼ਾਂ ਅਤੇ ਔਰਤਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ, ਜਿਨ੍ਹਾਂ ਨੇ ਇਹਨਾਂ ਹਮਲਿਆਂ ਵਿੱਚ ਆਪਣੀ ਜਾਨ ਗੁਆ ਦਿੱਤੀ ਅਤੇ ਜਿਸ ਵਿੱਚ ਅੱਗ ਬੁਝਾਊ ਅਮਲੇ ਦੇ ਮੈਂਬਰ, ਪੁਲਸ ਅਧਿਕਾਰੀ ਤੇ ਮੈਡੀਕਲ ਸੇਵਾਵਾਂ ਦੇ ਅਮਲੇ ਵੀ ਸ਼ਾਮਲ ਸਨ। ਅਸੀਂ ਫੌਜੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਵੀ ਸਨਮਾਨ ਕਰਦੇ ਹਾਂ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ। ਹਰ ਸਾਲ ਸਿੱਖ ਭਾਈਚਾਰੇ ਵਲੋਂ ਐਰੀਜ਼ੋਨਾ ਵਿੱਚ ਉਸ ਸਮੇਂ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਨਡਾਲਾ ਨਾਲ ਪਿਛੋਕੜ ਰੱਖਣ ਵਾਲੇ ਗੈਸ ਸਟੇਸ਼ਨ ਦੇ ਮਾਲਿਕ ਬਲਬੀਰ ਸਿੰਘ ਸੋਢੀ ਨੂੰ ਵੀ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਇਸ ਹਮਲੇ ਤੋਂ ਚਾਰ ਦਿਨ ਬਾਅਦ ਉਹਨਾਂ ਦੇ ਮੀਸਾ, ਐਰੀਜ਼ੋਨਾ ਗੈਸ ਸਟੇਸ਼ਨ ਦੇ ਬਾਹਰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਦੱਸਣਯੋਗ ਹੈ ਕਿ ਉਸ ਸਮੇਂ ਹਮਲਾਵਰ 11 ਸਤੰਬਰ ਦੇ ਹਮਲਿਆਂ ਦਾ ਬਦਲਾ ਲੈਣ ਲਈ 'ਮੁਸਲਮਾਨਾਂ ਨੂੰ ਮਾਰਨਾ' ਚਾਹੁੰਦਾ ਸੀ। ਇਹ 9/11 ਦੇ ਹਮਲੇ ਤੋਂ ਬਾਅਦ ਦਾ ਪਹਿਲਾ ਘਾਤਕ ਨਫ਼ਰਤੀ ਅਪਰਾਧ ਸੀ। ਇਸ ਤੋਂ ਬਾਅਦ ਸਿੱਖਾਂ, ਮੁਸਲਮਾਨਾਂ, ਦੱਖਣੀ ਏਸ਼ੀਆਈ ਅਤੇ ਹੋਰਨਾਂ ਵਿਰੁੱਧ ਨਫ਼ਰਤ ਅਤੇ ਵਿਤਕਰੇ ਦੀਆਂ ਘਟਨਾਵਾਂ ਦੀ ਇੱਕ ਲਹਿਰ ਦੀ ਸ਼ੁਰੂਆਤ ਹੋਈ। ਇਸ ਸਮਾਰੋਹ ਵਿੱਚ ਭਾਗ ਲੈਣ ਵਾਲੇ ਸਿੱਖ ਸੋਸਾਇਟੀ ਆਫ ਡੇਟਨ ਦੇ ਮੈਂਬਰਾਂ ਵਿੱਚ ਡਾ. ਚਰਨਜੀਤ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ, ਡਾ. ਦਰਸ਼ਨ ਸਿੰਘ ਸਹਿਬੀ ਅਤੇ ਪਰਮਿੰਦਰ ਸਿੰਘ ਬਾਸੀ ਸ਼ਾਮਲ ਸਨ। ਇੱਥੇ ਇਹ ਦੱਸਣਾ ਵਰਨਣਯੋਗ ਹੈ ਕਿ ਵਰਲਡ ਟਰੇਡ ਸੈਂਟਰ ਦੇ ਬਹੁਰ ਸਾਰੇ ਇਹਨਾਂ ਪਿਲਰਾਂ ਨੂੰ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬਣਾਈਆਂ ਯਾਦਗਾਰਾਂ 'ਤੇ ਸਥਾਪਿਤ ਕੀਤਾ ਗਿਆ ਹੈ ਜਿੱਥੇ ਲੋਕ ਕਿਸੇ ਵੀ ਸਮੇਂ ਸ਼ਰਧਾਂਜਲੀ ਭੇਟ ਕਰ ਸਕਦੇ ਹਨ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜਾ
* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ
ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।
ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ
State of California
Benefits Identification Card
STATE OF CALIFORNIA
BENEFITS IDENTIFICATION CARD
ID No. 01234567A95052
JOHN Q RECIPIENT
M 05 20 1991 Issue Date 02 21 05
Get more BENEFITS at No Cost $0 Premium
Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

ਕਮਿਉਨਟੀ ਲਈ ਮਾਣ ਵਾਲੀ ਗੱਲ

ਗੁਰਕੀਰਤ ਸਿੰਘ ਅਮਰੀਕਾ ਦੀ ਅੰਡਰ 21 ਹਾਕੀ ਟੀਮ 'ਚ ਸਿਲੈਕਸ਼ਨ

ਸੈਕਰਾਮੈਂਟੋ/ਕੈਲੀਫੋਰਨੀਆ (ਸਾਡੇ ਲੋਕ/ਰਾਜ ਗੋਗਨਾ) : ਅਮਰੀਕਾ ਦੀ ਧਰਤੀ ਤੇ ਸਿੱਖ ਪੰਜਾਬੀ ਭਾਈਚਾਰੇ ਵਿੱਚ ਬੜੇ ਮਾਣ ਵਾਲੀ ਅਤੇ ਖੁਸ਼ੀ ਦੀ ਗੱਲ ਹੈ ਜਦੋਂ ਸੈਕਰਾਮੈਂਟੋ (ਕੈਲੀਫੋਰਨੀਆ) ਤੋਂ ਗਿਆਨੀ ਅਮਰਜੀਤ ਸਿੰਘ ਜੀ ਦੇ ਸਪੁੱਤਰ ਗੁਰਕੀਰਤ ਸਿੰਘ ਦੀ ਅਮਰੀਕਾ ਦੀ ਅੰਡਰ 21 ਹਾਕੀ ਟੀਮ ਵਿੱਚ ਸਿਲੈਕਸ਼ਨ ਹੋ ਗਈ ਹੈ। ਗੁਰਕੀਰਤ ਸਿੰਘ ਪੰਜਾਬ ਚੰਡੀਗੜ੍ਹ ਦੀ ਹਾਕੀ ਅਕੈਡਮੀ ਵਿੱਚ ਅਮਰੀਕਾ ਆਉਣ ਤੋਂ ਪਹਿਲਾ ਖੇਡਦਾ ਸੀ ਅਤੇ ਬਹੁਤ ਥੋੜ੍ਹੇ ਸਮੇਂ ਵਿੱਚ ਗੁਰਕੀਰਤ ਸਿੰਘ ਨੇ ਆਪਣੀ ਸਖ਼ਤ ਮਿਹਨਤ ਦੇ ਨਾਲ ਪਰਿਵਾਰ ਦੀਆਂ ਅਰਦਾਸਾਂ ਅਤੇ ਸਤਿਗੁਰੂ ਦੀ ਕਿਰਪਾ ਨਾਲ ਇਹ ਮੁਕਾਮ ਹਾਸਲ ਕੀਤਾ ਹੈ। ਗਿਆਨੀ ਅਮਰਜੀਤ ਸਿੰਘ ਆਪ ਵੀ ਪੰਥ ਪ੍ਰਸਿੱਧ ਕਥਾਵਾਚਕ ਹਨ ਅਤੇ ਹੁਣ ਸੈਕਰਾਮੈਂਟੋ ਕੈਲੀਫੋਰਨੀਆ ਵਿਖੇ ਆਪਣੇ ਪਰਿਵਾਰ ਦੇ ਨਾਲ ਰਹਿ ਰਹੇ ਹਨ। ਦੁਨੀਆਂ ਭਰ ਵਿੱਚੋਂ ਗੁਰਕੀਰਤ ਸਿੰਘ ਦੀ ਇਸ ਪ੍ਰਾਪਤੀ 'ਤੇ ਪਰਿਵਾਰ ਨੂੰ ਵਧਾਈਆਂ ਮਿਲ ਰਹੀਆਂ ਹਨ।

ਕੈਦੀਆਂ ਦੀ ਅਦਲਾ-ਬਦਲੀ ਕਰਨਗੇ ਅਮਰੀਕਾ-ਈਰਾਨ, 6 ਅਰਬ ਡਾਲਰ ਦੇ ਸਮਝੌਤੇ ਤੇ ਕੀਤੇ ਦਸਤਖ਼ਤ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੇ ਪ੍ਰਸ਼ਾਸਨ ਨੇ ਅਮਰੀਕੀ ਪਾਬੰਦੀਆਂ ਦੇ ਡਰ ਤੋਂ ਬਿਨਾਂ ਦੱਖਣੀ ਕੋਰੀਆ ਵਿੱਚ ਰੁਕੇ 6 ਅਰਬ ਅਮਰੀਕੀ ਡਾਲਰ ਦੇ ਈਰਾਨੀ ਫੰਡ ਕਤਰ ਨੂੰ ਟਰਾਂਸਫਰ ਕਰਨ ਲਈ ਅੰਤਰਰਾਸ਼ਟਰੀ ਬੈਂਕਾਂ ਨੂੰ ਕੰਬਲ ਛੋਟ ਜਾਰੀ ਕਰਕੇ ਈਰਾਨ ਵਿੱਚ ਨਜ਼ਰਬੰਦ ਪੰਜ ਅਮਰੀਕੀ ਨਾਗਰਿਕਾਂ ਦੀ ਰਿਹਾਅ ਦਾ ਰਾਸਤਾ ਸਾਫ਼ ਕਰ ਦਿੱਤਾ ਹੈ। ਇਸ ਤੋਂ ਇਲਾਵਾ ਸਮਝੌਤੇ ਦੇ ਤਹਿਤ ਪ੍ਰਸ਼ਾਸਨ ਨੇ ਅਮਰੀਕਾ ਵਿੱਚ ਕਾਬੂ ਕੀਤੇ 5 ਈਰਾਨੀ ਨਾਗਰਿਕਾਂ ਨੂੰ ਰਿਹਾਅ ਕਰਨ ਲਈ ਵੀ ਸਹਿਮਤੀ ਜਤਾਈ ਹੈ।

ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਪਿਛਲੇ ਹਫ਼ਤੇ ਦੇ ਆਖੀਰ 'ਚ ਪਾਬੰਦੀਆਂ ਦੀ ਛੋਟ 'ਤੇ ਦਸਤਖ਼ਤ ਕੀਤੇ ਸਨ। ਇਸ ਤੋਂ ਇਕ ਮਹੀਨਾ ਪਹਿਲਾਂ ਅਮਰੀਕੀ ਅਤੇ ਈਰਾਨੀ ਅਧਿਕਾਰੀਆਂ ਨੇ ਕਿਹਾ ਸੀ ਕਿ ਸਿਧਾਂਤਕ ਤੌਰ 'ਤੇ ਸਮਝੌਤਾ ਹੋ ਗਿਆ ਹੈ। ਨੋਟੀਫਿਕੇਸ਼ਨ ਮੁਤਾਬਕ ਅਮਰੀਕੀ ਕਾਂਗਰਸ ਨੂੰ ਸੋਮਵਾਰ ਤੱਕ ਛੋਟ ਦੇ ਫ਼ੈਸਲੇ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ। ਸੌਦੇ ਦੀ ਰੂਪਰੇਖਾ ਪਹਿਲਾਂ ਹੀ ਘੋਸ਼ਿਤ ਕੀਤੀ ਜਾ ਚੁੱਕੀ ਸੀ ਅਤੇ ਛੋਟਾਂ ਦੀ ਉਮੀਦ ਕੀਤੀ ਜਾ ਰਹੀ ਸੀ ਪਰ ਨੋਟੀਫਿਕੇਸ਼ਨ ਵਿੱਚ ਬਾਰ ਪ੍ਰਸ਼ਾਸਨ ਨੇ ਪਹਿਲਾਂ ਕਿਹਾ ਕਿ ਉਹ ਸੌਦੇ ਦੇ ਤਹਿਤ ਪੰਜ ਈਰਾਨੀ ਕੈਦੀਆਂ ਨੂੰ ਰਿਹਾ ਕਰ ਰਿਹਾ ਹੈ।

ਦੱਸ ਦੇਈਏ ਕਿ ਇਸ ਮਾਮਲੇ ਦੇ ਕੈਦੀਆਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਗਿਆ। ਰਿਪਬਲੀਕਨ ਅਤੇ ਹੋਰਾਂ ਲੋਕਾਂ ਨੇ ਬੈਂਕਾਂ ਨੂੰ ਛੋਟ ਦੇਣ ਦੇ ਇਸ ਫ਼ੈਸਲੇ ਲਈ ਰਾਸ਼ਟਰਪਤੀ ਜੋ ਬਾਈਡੇਨ ਦੀ ਆਲੋਚਨਾ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਇਹ ਸਮਝੌਤਾ ਅਜਿਹੇ ਸਮੇਂ 'ਚ ਈਰਾਨ ਦੀ ਅਰਥਵਿਵਸਥਾ ਨੂੰ ਹੁਲਾਰਾ ਦੇਵੇਗਾ, ਜਦੋਂ ਈਰਾਨ ਅਮਰੀਕੀ ਸੈਨਿਕਾਂ ਅਤੇ ਪੱਛਮੀ ਇਲਾਕੇ ਦੇ ਸਹਿਯੋਗੀਆਂ ਲਈ ਖ਼ਤਰਾ ਬਣ ਗਿਆ ਹੈ। ਆਇਓਵਾ ਦੇ ਸੈਨੇਟਰ ਚੱਕ ਗ੍ਰਾਸਲੇ ਨੇ ਕਿਹਾ, 'ਕੈਦੀਆਂ ਦੀ ਰਿਹਾਈ ਲਈ 6 ਅਰਬ ਅਮਰੀਕੀ ਡਾਲਰ ਦੇ ਭੁਗਤਾਨ ਨੂੰ ਲੈ ਕੇ ਅਮਰੀਕਾ ਨੂੰ ਬਲੈਕਮੇਲ ਕਰਨਾ ਹਾਸੋਹੀਣਾ ਹੈ, ਜੋ ਇਰਾਨ ਦੀ ਨੰਬਰ ਇਕ ਵਿਦੇਸ਼ ਨੀਤੀ: ਅੱਤਵਾਦ ਨੂੰ ਅਸਿੱਧੇ ਤੌਰ 'ਤੇ ਵਿੱਤੀ ਸਹਾਇਤਾ ਦੇਵੇਗਾ।'

ਅਰਕਨਸਾਸ ਦੇ ਸੈਨੇਟਰ ਟੌਮ ਕਾਟਨ ਨੇ ਬਾਈਡੇਨ 'ਤੇ 'ਅੱਤਵਾਦ ਦੀ ਦੁਨੀਆ ਦੇ ਸਭ ਤੋਂ ਭੈੜੇ ਪ੍ਰਾਯੋਜਕ ਦੇਸ਼ ਨੂੰ ਫਿਰੌਤੀ ਦੇਣ' ਦਾ ਦੋਸ਼ ਲਗਾਇਆ। ਵ੍ਹਾਈਟ ਹਾਊਸ ਨੇ ਇਨ੍ਹਾਂ ਆਲੋਚਨਾਵਾਂ ਨੂੰ ਰੱਦ ਕਰਦੇ ਹੋਏ ਕਿਹਾ ਕਿ ਇਹ ਸਿਰਫ਼ ਇਕ 'ਪ੍ਰਕਿਰਿਆਤਮਕ ਕਦਮ' ਹੈ, ਜਿਸ ਦਾ ਉਦੇਸ਼ ਅਗਸਤ ਵਿੱਚ ਈਰਾਨ ਨਾਲ ਹੋਏ ਅਸਥਾਈ ਸਮਝੌਤੇ ਨੂੰ ਪੂਰਾ ਕਰਨਾ ਹੈ। ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਬੁਲਾਰੇ ਐਡਰੀਨ ਵਾਟਸਨ ਨੇ ਕਿਹਾ, "ਇੱਥੇ ਜੋ ਕੁਝ ਕੀਤਾ ਜਾ ਰਿਹਾ ਹੈ ਉਹ ਇੱਕ ਅਜਿਹਾ ਪ੍ਰਬੰਧ ਹੈ ਜਿਸ ਵਿੱਚ ਅਸੀਂ ਗਲਤ ਤਰੀਕੇ ਨਾਲ ਫੜੇ ਗਏ ਪੰਜ ਅਮਰੀਕੀਆਂ ਦੀ ਰਿਹਾਈ ਨੂੰ ਸੁਰੱਖਿਅਤ ਕਰ ਰਹੇ ਹਾਂ।

ਯੂ.ਕੇ. ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਖ਼ਜ਼ਾਨੇ ਦੇ ਸ਼ੈਡੋ ਐਕਸਚੈਕਰ ਸਕੱਤਰ ਨਿਯੁਕਤ

ਯੂ.ਕੇ. ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਹੁਣ ਇਕ ਹੋਰ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਨੂੰ ਖ਼ਜ਼ਾਨੇ ਦੇ ਸ਼ੈਡੋ ਐਕਸਚੈਕਰ ਸਕੱਤਰ ਨਿਯੁਕਤ ਕੀਤਾ ਗਿਆ ਹੈ। ਸੰਸਦ ਮੈਂਬਰ ਨੇ ਸੋਸ਼ਲ ਮੀਡੀਆ ਰਾਹੀਂ ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਆਪਣੇ ਲੀਡਰ ਕੀਰ ਸਟਾਰਮਰ ਦਾ ਧੰਨਵਾਦ ਕੀਤਾ ਹੈ।

ਢੇਸੀ ਨੇ ਫੇਸਬੁੱਕ 'ਤੇ ਪੋਸਟ ਸਾਂਝੀ ਕਰਦਿਆਂ ਕਿਹਾ ਹੈ ਕਿ ਕੀਰ ਸਟਾਰਮਰ ਨੇ ਮੈਨੂੰ ਆਪਣੇ ਫਰੰਟਬੈਂਚ ਵਿਚ ਜਾਰੀ ਰੱਖਣ ਦਾ ਫ਼ੈਸਲਾ ਲੈਂਦਿਆਂ ਸਾਡੀ ਅਗਲੀ ਚਾਂਸਲ ਰੇਚਲ ਰੀਵਜ਼ ਨਾਲ ਖਜ਼ਾਨੇ ਦੇ ਸ਼ੈਡੋ ਐਕਸਚੈਕਰ ਸੈਕਟਰੀ ਵਜੋਂ ਜੁੜਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਅਰਥ ਸ਼ਾਸਤਰ ਏ-ਪੱਧਰ, ਗਣਿਤ ਦੀ ਡਿਗਰੀ, ਅਪਲਾਈਡ ਸਟੈਟਿਸਟਿਕਸ ਵਿਚ ਮਾਸਟਰਸ, ਅਤੇ ਆਪਣਾ ਕਾਰੋਬਾਰ ਸ਼ੁਰੂ ਕਰਨ ਅਤੇ ਚਲਾਉਣ ਦੇ ਨਾਲ, ਮੈਂ ਉਸ ਸਬੰਧਿਤ ਗਿਆਨ ਅਤੇ ਜੀਵਨ ਦੇ ਅਨੁਭਵ ਨੂੰ ਆਪਣੀ ਨਵੀਂ ਭੂਮਿਕਾ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕਰਾਂਗਾ। ਇਕ ਚੋਟੀ ਦੀ ਪ੍ਰਤਿਭਾਸ਼ਾਲੀ ਖਜ਼ਾਨਾ ਟੀਮ ਵਿਚ ਕੰਮ ਕਰਨ ਲਈ ਉਤਸ਼ਾਹਤ ਹਾਂ।

ਤਨਮਜੀਤ ਸਿੰਘ ਢੇਸੀ ਨੇ ਅੱਗੇ ਲਿਖਿਆ ਕਿ 3 ਸਾਲਾਂ ਤੋਂ ਵੱਧ ਸਮੇਂ ਤੋਂ ਸ਼ੈਡੋ ਰੇਲਵੇ ਮੰਤਰੀ ਵਜੋਂ ਸੇਵਾ ਨਿਭਾਉਣਾ, ਐੱਮ.ਪੀ. ਲੁਈਸ ਹੇਗ ਅਤੇ ਨੰਬਰ ਇਕ ਟ?ਰਾਂਸਪੋਰਟ ਟੀਮ ਦੇ ਨਾਲ ਕੰਮ ਕਰਨਾ ਇਕ ਬਹੁਤ ਵੱਡਾ ਸਨਮਾਨ ਹੈ। ਮੈਂ ਇਸ ਸਰਕਾਰ ਵੱਲੋਂ ਸਹਾਇਤਾ ਅਤੇ ਦੇਖਭਾਲ ਦੀ ਘਾਟ ਦੇ ਬਾਵਜੂਦ, ਰੇਲ ਸਟਾਫ ਦੇ ਸ਼ਾਨਦਾਰ ਕੰਮ ਅਤੇ ਜਨੂੰਨ ਨੂੰ ਨੇੜੇ ਤੋਂ ਦੇਖਿਆ ਹੈ। ਲੇਬਰ ਪਾਰਟੀ ਦੀ ਸਰਕਾਰ ਵਿਚ ਅਸੀਂ ਆਪਣੀ ਰੇਲਵੇ ਨੂੰ ਮੁੜ ਲੀਹ 'ਤੇ ਲਿਆਵਾਂਗੇ - ਉਚਿਤ ਨਿਵੇਸ਼ ਪ੍ਰਦਾਨ ਕਰਨਾ, ਇੱਕ ਜਨਤਕ ਮਲਕੀਅਤ ਵਾਲਾ ਨੈਟਵਰਕ, ਬਿਜਲੀਕਰਨ ਦਾ ਰੋਲਿੰਗ ਪ੍ਰੋਗਰਾਮ, ਯਾਤਰੀ ਫੋਕਸ ਵਿਚ ਸੁਧਾਰ ਕਰਨਾ ਅਤੇ ਹੋਰ ਬਹੁਤ ਕੁਝ। ਮੈਂ ਜਾਣਦਾ ਹਾਂ ਕਿ ਲੂ, ਟੀਮ ਅਤੇ ਮੇਰੇ ਉੱਤਰਾਧਿਕਾਰੀ ਐੱਮ.ਪੀ. ਸਟੀਫਨ ਮੋਰਗਨ ਸਾਡੇ ਦੇਸ਼ ਲਈ ਚੰਗੀਆਂ ਸੇਵਾਵਾਂ ਪ੍ਰਦਾਨ ਕਰਨਗੇ।

ਦੱਸ ਦੇਈਏ ਕਿ ਤਨਮਨਜੀਤ ਸਿੰਘ ਢੇਸੀ ਬ੍ਰਿਟਿਸ਼ ਲੇਬਰ ਪਾਰਟੀ ਨਾਲ ਸਬੰਧਤ ਹਨ ਅਤੇ ਸਲੋਹ ਹਲਕੇ ਨੂੰ 2017 ਤੋਂ ਯੂਕੇ 'ਚ ਸੰਸਦ ਮੈਂਬਰ ਵਜੋਂ ਚੁਣੇ ਜਾ ਰਹੇ ਹਨ। ਢੇਸੀ ਯੂਕੇ ਦੇ ਸੰਸਦ ਮੈਂਬਰ ਵਜੋਂ ਪਹਿਲੇ ਦਸਤਾਰਧਾਰੀ ਸਿੱਖ ਹਨ।

BASRA
Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more

From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

ਸ. ਰਜਿੰਦਰ ਸਿੰਘ ਬਸਰਾ (209) 834-6188

Address: 231 Portico Ln, Tracy, CA 95377

ਟਰੰਪ, ਰਾਮਾਸਵਾਮੀ, ਨਿੱਕੀ ਹੈਲੀ ਸਣੇ ਕਈ ਉਮੀਦਵਾਰ ਰਾਸ਼ਟਰਪਤੀ ਦੌੜ 'ਚ ਸ਼ਾਮਲ

ਵਾਸ਼ਿੰਗਟਨ : ਅਮਰੀਕਾ ਵਿੱਚ ਅਗਲੇ ਸਾਲ 2024 ਵਿਚ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਜਿਸ ਲਈ ਕਈ ਉਮੀਦਵਾਰ ਪਹਿਲਾਂ ਹੀ ਦਾਅਵੇਦਾਰੀ ਪੇਸ਼ ਕਰ ਚੁੱਕੇ ਹਨ। ਵਿਰੋਧੀ ਰਿਪਬਲਿਕਨ ਪਾਰਟੀ ਤੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ, ਵਿਵੇਕ ਰਾਮਾਸਵਾਮੀ, ਨਿੱਕੀ ਹੇਲੀ, ਰੌਨ ਡੇਸੈਂਟਿਸ, ਮਾਈਕ ਪੇਂਸ ਸਮੇਤ ਕਈ ਉਮੀਦਵਾਰ ਰਾਸ਼ਟਰਪਤੀ ਦੀ ਦੌੜ ਵਿੱਚ ਸ਼ਾਮਲ ਹਨ। ਹੁਣ ਤੱਕ ਟਰੰਪ ਰਿਪਬਲਿਕਨ ਪਾਰਟੀ ਦੀ ਦੌੜ ਵਿੱਚ ਸਭ ਤੋਂ ਅੱਗੇ ਹੁੰਦੇ ਨਜ਼ਰ ਆ ਰਹੇ ਹਨ।

ਹਾਲਾਂਕਿ ਇੱਕ ਤਾਜ਼ਾ ਸਰਵੇਖਣ ਵਿੱਚ ਹੈਰਾਨ ਕਰਨ ਵਾਲੇ ਨਤੀਜੇ ਸਾਹਮਣੇ ਆਏ ਹਨ। ਪੋਲ ਨੇ ਦਿਖਾਇਆ ਕਿ ਨਿੱਕੀ ਹੈਲੀ, ਜੇਕਰ ਰਿਪਬਲਿਕਨ ਪਾਰਟੀ ਦੁਆਰਾ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਘੋਸ਼ਿਤ ਕੀਤੀ ਜਾਂਦੀ ਹੈ, ਤਾਂ ਉਹ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ 'ਤੇ ਭਾਰੀ ਪਵੇਗੀ। ਉਹ ਇਕੋਇਕ ਉਮੀਦਵਾਰ ਹੀ ਜੋ ਬਾਈਡੇਨ ਨੂੰ ਹਰਾ ਸਕਦੀ ਹੈ। ਇਹ ਜਾਣਕਾਰੀ ਸੀ.ਐਨ.ਐਨ ਦੇ ਸਰਵੇਖਣ ਦੇ ਨਤੀਜਿਆਂ ਵਿੱਚ ਸਾਹਮਣੇ ਆਈ ਹੈ। ਨਤੀਜੇ ਮੁਤਾਬਕ ਜੇਕਰ ਬਾਈਡੇਨ ਅਤੇ ਨਿੱਕੀ ਹੇਲੀ ਵਿਚਾਲੇ ਪ੍ਰਧਾਨਗੀ ਲਈ ਲੜਾਈ ਹੁੰਦੀ ਹੈ ਤਾਂ ਨਿੱਕੀ ਹੈਲੀ ਬਾਈਡੇਨ 'ਤੇ ਭਾਰੀ ਹੋਵੇਗੀ। ਪੋਲ ਮੁਤਾਬਕ ਨਿੱਕੀ ਹੇਲੀ ਨੂੰ 49% ਵੋਟ ਮਿਲੇ ਹਨ। ਹਾਲਾਂਕਿ ਬਾਈਡੇਨ ਨੂੰ ਸਿਰਫ 43% ਵੋਟਾਂ ਮਿਲੀਆਂ। ਜਦਕਿ ਟਰੰਪ ਅਤੇ ਬਾਈਡੇਨ ਵਿਚਾਲੇ ਸਿੱਧੀ ਟੱਕਰ ਨੂੰ ਲੈ ਕੇ ਦੋਵਾਂ ਵਿਚਾਲੇ ਕੰਡੇਦਾਰ ਟੱਕਰ ਹੈ। ਇਸ ਸਰਵੇਖਣ ਵਿੱਚ ਟਰੰਪ ਨੂੰ 47% ਵੋਟ ਮਿਲੇ ਹਨ ਜਦਕਿ ਬਾਈਡੇਨ ਨੂੰ 46% ਵੋਟ ਮਿਲੇ ਹਨ। ਟਿਮ ਸਕਾਟ ਅਤੇ ਮਾਈਕ ਪੇਂਸ ਦੋਵਾਂ ਨੂੰ ਬਾਈਡੇਨ ਦੇ 44% ਦੇ ਮੁਕਾਬਲੇ 46% ਵੋਟਾਂ ਮਿਲੀਆਂ।

ਨਿਊਜਰਸੀ ਦੇ ਗਵਰਨਰ ਤੇ ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਕ੍ਰਿਸ ਕ੍ਰਿਸਟੀ ਨੂੰ ਬਾਈਡੇਨ ਦੇ 42% ਦੇ ਮੁਕਾਬਲੇ 44% ਵੋਟਾਂ ਮਿਲੀਆਂ। ਉੱਧਰ ਵਿਵੇਕ ਰਾਮਾਸਵਾਮੀ ਵੀ ਲਗਾਤਾਰ ਸੁਰਖੀਆਂ 'ਚ ਹਨ। ਹਾਲਾਂਕਿ ਇਸ ਪੋਲ 'ਚ ਉਹ ਬਾਈਡੇਨ ਤੋਂ ਹਾਰ ਗਏ ਹਨ। ਪੋਲ ਅਨੁਸਾਰ ਬਾਈਡੇਨ ਨੂੰ 46% ਅਤੇ ਰਾਮਾਸਵਾਮੀ ਨੂੰ 45% ਵੋਟਾਂ ਮਿਲੀਆਂ ਹਨ। ਇੱਥੋਂ ਤੱਕ ਕਿ ਡੈਮੋਕਰੇਟਸ ਵੀ ਨਿੱਕੀ ਹੇਲੀ ਨੂੰ ਖ਼ਤਰਾ ਮੰਨਦੇ ਹਨ। ਨਿੱਕੀ ਹੇਲੀ ਰਿਪਬਲਿਕਨ ਪਾਰਟੀ ਤੋਂ ਰਾਸ਼ਟਰਪਤੀ ਦੀ ਚੋਣ ਲੜਨ ਵਾਲੀ ਇਕਲੌਤੀ ਭਾਰਤੀ ਮੂਲ ਦੀ ਔਰਤ ਹੈ। ਇੱਥੋਂ ਤੱਕ ਕਿ ਡੈਮੋਕ੍ਰੇਟਿਕ ਪਾਰਟੀ ਦੇ ਆਗੂਆਂ ਦਾ ਮੰਨਣਾ ਹੈ ਕਿ ਨਿੱਕੀ ਹੈਲੀ ਉਨ੍ਹਾਂ ਲਈ ਖਤਰਾ ਹੈ। ਡੈਮੋਕ੍ਰੇਟਿਕ ਪਾਰਟੀ ਦੇ ਇੱਕ ਰਣਨੀਤੀਕਾਰ ਨੇ ਇੱਕ ਮੀਡੀਆ ਇੰਟਰਵਿਊ ਵਿੱਚ ਕਿਹਾ ਕਿ ਜੇਕਰ ਨਿੱਕੀ ਹੈਲੀ ਨੂੰ ਰਿਪਬਲਿਕਨ ਪਾਰਟੀ ਤੋਂ ਚੁਣਿਆ ਜਾਂਦਾ ਹੈ ਤਾਂ ਸਾਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪਵੇਗਾ।

ਅਮਰੀਕਾ ਦੀ ਡੱਲਾਸ ਰਗਬੀ ਟੀਮ ਨੇ ਸਿੱਖ ਜਰਨੈਲ ਹਰੀ ਸਿੰਘ ਨਲਵਾ ਨੂੰ ਦਿੱਤਾ ਵੱਡਾ ਸਤਿਕਾਰ

ਫ੍ਰਿਸਕੋ, ਟੈਕਸਾਸ : ਅਮਰੀਕਾ ਦੀ ਡੱਲਾਸ ਕਾਊਬੌਇਸ ਰਗਬੀ ਟੀਮ ਨੇ ਖਾਲਸਾ ਰਾਜ ਦੇ ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲਵਾ ਨੂੰ ਸਤਿਕਾਰ ਦਿੰਦਿਆਂ, ਖਿਡਾਰੀਆਂ ਦੇ ਕੱਪੜਿਆਂ ਤੇ ਨਲਵਾ ਦੀ ਤਸਵੀਰ ਵਾਲੇ ਕੱਪੜੇ ਪਾ ਮੈਦਾਨ ਵਿੱਚ ਉਤਰਿਆ ਜਾਵੇਗਾ। ਟੀਮ ਕੋਚ ਦਾ ਮੰਨਣਾ ਹੈ ਕਿ ਸਿੱਖ ਜਰਨੈਲ ਸ. ਹਰੀ ਸਿੰਘ ਨਲਵਾ ਇਕ ਮਹਾਨ ਯੋਧਾ ਹੋਇਆ ਹੈ। ਅਮਰੀਕਾ 'ਚ ਸੀਜ਼ਨ ਦੇ ਅਧਿਕਾਰਤ ਤੌਰ 'ਤੇ ਸ਼ੁਰੂ ਹੋਣ ਵਾਲੇ ਰਗਬੀ ਮੈਚ ਲਈ ਮੁੱਖ ਕੋਚ ਮਾਈਕ ਮੈਕਕਾਰਥੀ ਨੇ ਟੀਮ ਦੀ 2023 ਥੀਮ ਨੂੰ 'ਕਾਰਪੇ ਓਮਨੀਆ' ਵਾਕਾਂਸ਼ ਵਜੋਂ ਪ੍ਰਗਟ ਕੀਤਾ ਜਿਸਦਾ ਅਰਥ ਹੈ 'ਸਭ ਕੁਝ ਪ੍ਰਾਪਤ ਕਰੋ' ਅਤੇ ਟੀਮ ਤੇ ਪ੍ਰਸ਼ੰਸਕਾਂ ਲਈ ਖਾਲਸਾ ਰਾਜ ਦੇ ਸਿੱਖ ਜਰਨੈਲ ਸ. ਹਰੀ ਸਿੰਘ ਨਲਵਾ ਦੀ ਤਸਵੀਰ ਦਾ ਲੋਗੋ ਵਾਲੇ ਕੱਪੜੇ ਬਣਾਏ ਗਏ ਹਨ ਜੋ ਅੱਗੇ ਦੀ ਯਾਤਰਾ ਲਈ ਟੀਮ ਦਾ ਮਨੋਬਲ ਵਧਾਉਣਗੇ।

ਮੈਕਕਾਰਥੀ ਨੇ ਹਰ ਸਾਲ ਲਈ ਇੱਕ ਥੀਮ ਸਥਾਪਤ ਕੀਤਾ ਹੈ ਅਤੇ ਇਸ ਸਾਲ ਦੇ ਐਡੀਸ਼ਨ ਲਈ, ਉਹ ਇਸ ਨੂੰ ਇੱਕ ਬੁਲੇਟਿਨ ਬੋਰਡ ਦੇ ਰੂਪ 'ਚ ਦੇਖਦਾ ਹੈ ਕਿ ਟੀਮ ਇਸ ਸੀਜ਼ਨ ਨੂੰ ਪੂਰਾ ਕਰਨ ਲਈ ਮੇਜ਼ 'ਤੇ ਕੀ ਹੈ। ਮੈਕਕਾਰਥੀ ਨੇ ਥੋੜਾ ਵੱਖਰਾ ਕਰਦਿਆਂ ਕਿਹਾ ਹੈ ਕਿ ਇਸ ਨੂੰ ਦਰਸਾਉਣ ਦੀ ਲੋੜ ਹੈ ਕਿ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੀ ਟੀਮ ਕਿੱਥੇ ਹੈ, ਉਹ ਚੈਂਪੀਅਨਸ਼ਿਪ ਜਿੱਤਣ ਦੀ ਦਿਸ਼ਾ 'ਚ ਕਿੱਥੇ ਹੈ।÷ ਮੈਕਕਾਰਥੀ ਦੁਆਰਾ ਟੀਮ ਨੂੰ ਥੀਮ ਦਾ ਖੁਲਾਸਾ ਕਰਨ ਤੋਂ ਬਾਅਦ,

ਉਨ੍ਹਾਂ ਨੇ ਇਹ ਦਰਸਾਉਣ ਲਈ ਟੀਮ ਦੇ ਮੀਟਿੰਗ ਰੂਮ ਦੇ ਸਾਹਮਣੇ ਵੱਡੇ ਪੋਸਟਰ ਤੇ ਸਿੱਖ ਜਰਨੈਲ ਸ. ਹਰੀ ਸਿੰਘ ਨਲਵਾ ਦੀ ਕਿਰਪਾਨ ਤੇ ਢਾਲ ਫੜੀ ਵੱਡੀ ਤਸਵੀਰ ਨਾਲ ਖਿਡਾਰੀਆਂ ਦੀ ਤਸਵੀਰਾਂ ਤੋਂ ਇਲਾਵਾ ਇੱਕ ਖਾਲੀ ਤਸਵੀਰ ਫਰੇਮ ਲਗਾ ਦਿੱਤੀ ਕਿ 'ਹਰ ਚੀਜ਼' ਸਾਲ 'ਚ ਜਾਣ ਵਾਲੇ ਉਨ੍ਹਾਂ ਦੇ ਸਾਹਮਣੇ ਬੈਠੀ ਹੈ। ਉਸ ਫਰੇਮ ਵਿੱਚ ਕੀ ਭਰੇਗਾ? ਇਸ ਦਾ ਜਵਾਬ ਟੀਮ ਦੀ ਸਫਲਤਾ ਲਈ ਹੋਵੇਗਾ। ਇਹ ਦਰਸਾਉਂਦਾ ਹੈ ਕਿ ਤਸਵੀਰਾਂ ਇੱਕ ਹਜ਼ਾਰ ਸ਼ਬਦ ਬੋਲਦੀਆਂ ਹਨ ਪਰ ਇਸਦੀ ਅਸਲੀਅਤ ਇੱਕ ਖਾਲੀ ਫਰੇਮ ਹੈ ਜੋ ਸਭ ਕੁਝ ਹੈ ਕਿਉਂਕਿ ਇਹ ਸਾਰੀਆਂ ਸੰਭਾਵਨਾਵਾਂ, ਸਮਰੱਥਾਵਾਂ, ਸਾਡੇ ਸਾਹਮਣੇ ਕੀ ਹਨ, 'ਮੈਕਕਾਰਥੀ ਨੇ ਕਿਹਾ ਕੀ ਅਸੀਂ ਉਹ ਕਰਨ ਜਾ ਰਹੇ ਹਾਂ ਜੋ ਸਾਨੂੰ ਹਰ ਇੱਕ ਦਿਨ ਕਰਨ ਦੀ ਜ਼ਰੂਰਤ ਹੈ, ਉਹ ਸਭ ਕੁਝ ਜੋ ਅਸੀਂ ਸੰਭਵ ਤੌਰ 'ਤੇ ਉਸ ਫਰੇਮ ਨੂੰ ਭਰਨ ਅਤੇ ਡੱਲਾਸ ਕਾਊਬੌਇਸ ਦੇ ਇਤਿਹਾਸ ਅਤੇ ਪਰੰਪਰਾ ਦਾ ਹਿੱਸਾ ਬਣਨ ਲਈ ਕਰ ਸਕਦੇ ਹਾਂ?'

ਉਨ੍ਹਾਂ ਕਿਹਾ ਕਿ 17ਵੀਂ ਸਦੀ 'ਚ ਸਿੱਖਾਂ ਦੇ ਛੇਵੇਂ ਗੁਰੂ ਗੁਰੂ ਹਰਗੋਬਿੰਦ ਜੀ ਅਧਿਆਤਮਿਕ ਗੁਰੂ ਸਨ। ਮੈਕਕਾਰਥੀ ਨੇ ਦੱਸਿਆ ਕਿ ਉਨ੍ਹਾਂ ਦਾ ਜਨਮ ਇੱਕ ਸ਼ਾਂਤਮਈ ਪਿੰਡ ਵਿੱਚ ਹੋਇਆ ਸੀ ਉਨ੍ਹਾਂ ਨੇ ਪਹਿਲੀ ਸਿੱਖ ਫੌਜ ਦੀ ਸ਼ੁਰੂਆਤ ਕੀਤੀ ਸੀ ਅਤੇ ਦੋ ਤਲਵਾਰਾਂ ਧਾਰਨ ਕੀਤੀਆਂ ਜੋ ਮੀਰੀ ਅਤੇ ਪੀਰੀ ਨੂੰ ਦਰਸਾਉਂਦੀਆਂ ਸਨ। ਜੰਗ ਨਾਲ ਸਬੰਧਤ ਮੀਰੀ ਤੇ ਪੀਰੀ ਨੂੰ ਰੂਹਾਨੀਅਤ ਨਾਲ ਜੋੜਿਆ ਸੀ। ਇਸ ਮੌਕੇ ਮੈਚ ਦੌਰਾਨ ਪ੍ਰਸ਼ੰਸਕਾਂ ਨੂੰ ਸਿੱਖ ਜਰਨੈਲ ਹਰੀ ਸਿੰਘ ਨਲਵਾ ਦੀਆਂ ਤਸਵੀਰਾਂ ਵਾਲੇ ਕੱਪੜੇ ਪਾ ਕੇ ਆਉਣ ਦੀ

ਸਿਨਸਿਨੈਟੀ 'ਚ 6ਵੇਂ ਸਲਾਨਾ ਵਿਸ਼ਵ ਧਰਮ ਸੰਮੇਲਨ 'ਚ ਸਿੱਖਾਂ ਨੇ ਕੀਤੀ ਸ਼ਮੂਲੀਅਤ

ਨਿਊਯਾਰਕ : ਬੀਤੇ ਦਿਨ ਅਮਰੀਕਾ ਦੇ ਸੂਬੇ ਓਹਾਈਓ ਦੇ ਸ਼ਹਿਰ ਸਿਨਸਿਨੈਟੀ ਦੀ ਜ਼ੇਵੀਅਰ ਯੂਨੀਵਰਸਿਟੀ ਵਿਖੇ 6ਵਾਂ ਸਲਾਨਾ "ਸਿਨਸਨੈਟੀ ਫੈਸਟੀਵਲ ਆਫ ਫੇਥਸ" (ਵਿਸ਼ਵ ਧਰਮ ਸੰਮੇਲਨ) ਦਾ ਆਯੋਜਨ ਕੀਤਾ ਗਿਆ। 'ਇਕੁਏਜ਼ਨ' ਸੰਸਥਾ ਵਲੋਂ ਕਰਵਾਏ ਜਾਂਦੇ ਇਸ ਸੰਮੇਲਨ ਵਿੱਚ 13 ਪ੍ਰਮੁੱਖ 'ਵਿਸ਼ਵ ਧਰਮਾ' ਦੇ ਲੋਕ ਅਤੇ 30 ਤੋਂ ਵੱਧ ਧਾਰਮਿਕ ਸੰਸਥਾਵਾਂ ਇਕ ਵਾਰ ਫਿਰ ਇਕਜੁੱਟ ਹੋਈਆਂ ਅਤੇ ਵੱਖ-ਵੱਖ ਧਰਮਾਂ, ਸਭਿਆਚਾਰਾਂ ਬਾਰੇ ਸਿੱਖਿਆ ਦੇਣ ਅਤੇ ਲੈਣ ਲਈ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋਏ।

ਸਿਨਸਿਨੈਟੀ ਅਤੇ ਨੇੜਲੇ ਸ਼ਹਿਰ ਡੇਟਨ ਦੇ ਸਿੱਖਾਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ। ਪਿਛਲੇ ਸਾਲ ਵਾਂਗ ਸਿੱਖ ਭਾਈਚਾਰੇ ਵਲੋਂ ਆਏ ਹੋਏ ਹਜਾਰਾਂ ਮਹਿਮਾਨਾਂ ਲਈ ਲੰਗਰ ਦੀ ਵੀ ਸੇਵਾ ਕੀਤੀ ਗਈ। ਇਸ ਸਾਲ ਹਿੰਦੂ ਭਾਈਚਾਰੇ ਨੇ ਸਿੱਖ ਸੰਗਤ ਨਾਲ ਲੰਗਰ ਦੀ ਸੇਵਾ ਵਿੱਚ ਯੋਗਦਾਨ ਪਾਇਆ। ਆਏ ਹੋਏ ਮਹਿਮਾਨਾਂ ਨੂੰ ਸਿੱਖ ਧਰਮ ਵਿਚ ਲੰਗਰ ਅਤੇ ਸੇਵਾ ਦੀ ਮਹੱਤਤਾ ਬਾਰੇ ਜਾਣ ਕੇ ਬਹੁਤ ਖੁਸ਼ੀ ਹੋਈ ਤੇ ਉਹਨਾਂ ਨੇ ਸਿੱਖਾਂ ਦਾ ਧੰਨਵਾਦ ਕੀਤਾ। ਫੈਸਟੀਵਲ ਦਾ ਉਦਘਾਟਨ ਵੱਖ-ਵੱਖ ਧਰਮਾਂ ਦੀ ਅਰਦਾਸ ਨਾਲ ਹੋਇਆ। ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਆਪਣੇ ਧਰਮ ਦੇ ਅਕੀਦੇ ਮੁਤਾਬਕ ਪਰਮਾਤਮਾ ਦਾ ਗੁਣ ਗਾਇਨ ਕੀਤਾ। ਮਰਹੂਮ ਜੈਪਾਲ ਸਿੰਘ ਜੋ ਕਿ ਇਸ ਸੰਮੇਲਨ ਦੇ ਮੁੱਖ ਸੰਸਥਾਪਕਾਂ ਵਿੱਚੋਂ ਸਨ ਦੀ ਪਤਨੀ ਅਸੀਸ ਕੌਰ ਨੇ ਸਿੱਖ ਧਰਮ ਦੀਆਂ ਮੂਲ ਬੁਨਿਆਦੀ ਸਿੱਖਿਆਵਾਂ, "ਮੂਲ ਮੰਤਰ" ਬਾਰੇ ਦੱਸਿਆ। ਉਹਨਾਂ ਕਿਹਾ ਕਿ ਜਿਵੇਂ ਪਾਣੀ ਪਾਣੀ ਵਿੱਚ ਅਤੇ ਪ੍ਰਕਾਸ਼ ਪ੍ਰਕਾਸ਼ ਵਿੱਚ ਅਭੇਦ ਹੋ ਜਾਂਦਾ ਹੈ, ਇਸ ਸਾਡੀ ਅਰਦਾਸ ਹੈ ਕਿ ਅਸੀਂ ਵੀ ਸਾਰੇ ਸਰਬੱਤ ਦਾ ਭਲਾ ਮੰਗ ਸ਼ਾਤੀ ਨਾਲ ਇਕੱਠੇ ਰਹੀਏ।

ਇਸ ਮੌਕੇ ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲਿਆਂ ਦੇ ਕਵੀਸ਼ਰੀ ਜੱਥੇ ਨੇ ਸੰਗਤਾਂ ਨੂੰ

ਗੁਰੂ ਜੱਸ ਨਾਲ ਜੋੜਿਆ। ਸਿੱਖ ਪ੍ਰਦਰਸ਼ਨੀ ਵਿਚ ਪੁਸਤਕਾਂ ਤੋਂ ਇਲਾਵਾ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਪੰਜ ਕਕਾਰ ਰੱਖੇ ਗਏ। ਆਏ ਹੋਏ ਮਹਿਮਾਨਾਂ ਨੂੰ ਦਸਤਾਰ ਬੰਨਣ ਤੇ ਉਸ ਦੀ ਮਹੱਤਤਾ ਬਾਰੇ ਜਾਣੂ ਕਰਾਉਣ ਲਈ ਸੈਸ਼ਨ ਦਾ ਪ੍ਰਬੰਧ ਕੀਤਾ ਗਿਆ। ਵੱਖ-ਵੱਖ ਰੰਗਾਂ ਦੀਆਂ ਦਸਤਾਰਾਂ ਸਜਾਈ ਇਹ ਸਮਾਗਮ ਸਿੱਖ ਸਭਿਆਚਾਰ ਦੇ ਰੰਗਾਂ ਅਤੇ ਪਰੰਪਰਾਵਾਂ ਵਿਚ ਲੀਨ ਹੋ ਗਿਆ। ਦਸਤਾਰ ਸਜਾ ਕੇ ਬੱਚੇ, ਵੱਡੇ, ਬਜ਼ੁਰਗ ਬਹੁਤ ਹੀ ਉਤਸ਼ਾਹਿਤ ਹੁੰਦੇ, ਤਸਵੀਰਾਂ ਲੈਂਦੇ ਅਤੇ ਮਾਣ ਨਾਲ ਆਪਣੇ ਸਿਰ ਤੇ ਤਾਜ ਦੇ ਨਾਲ ਸੰਮੇਲਨ ਵਿਚ ਘੁੰਮਦੇ ਰਹੇ।

ਸਿਨਸਿਨੈਟੀ ਦੇ ਮੇਅਰ ਆਫਤਾਬ ਪੂਰੇਵਾਲ ਨੇ ਕਿਹਾ, "ਸਾਨੂੰ ਗੁਰੂ ਨਾਨਕ ਸੋਸਾਇਟੀ ਸਿਨਸਿਨੈਟੀ ਅਤੇ ਡੇਟਨ ਦੇ ਸਮੂਹ ਸਿੱਖ ਭਾਈਚਾਰੇ 'ਤੇ ਮਾਣ ਹੈ। ਸਿੱਖ ਭਾਈਚਾਰਾ ਇੱਥੇ ਆਏ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਲਈ ਲੰਗਰ ਦੀ ਸੇਵਾ ਕਰ ਰਿਹਾ ਹੈ। ਮੈਂ ਭਾਈਚਾਰੇ ਲਈ ਉਤਸ਼ਾਹਿਤ ਅਤੇ ਮਾਣ ਮਹਿਸੂਸ ਕਰਦਾ ਹਾਂ ਕਿ ਉਹ ਲਗਾਤਾਰ ਸਾਡੇ ਆਲੇ ਦੁਆਲੇ ਦੇ ਲੋਕਾਂ ਲਈ ਸੇਵਾ ਕਰਦੇ ਰਹਿੰਦੇ ਹਨ। ਲੋਕਾਂ ਦੀ ਇਹਨੀ ਵੱਡੀ ਗਿਣਤੀ ਲੰਗਰ ਵਿੱਚ ਸ਼ਾਮਲ ਹੁੰਦੇ ਦੇਖ ਕੇ ਮੈਨੂੰ ਬਹੁਤ ਮਾਣ ਮਹਿਸੂਸ ਹੁੰਦਾ ਹੈ।" ਇਸ ਮੌਕੇ ਸਿੱਖ ਭਾਈਚਾਰੇ ਵੱਲੋਂ ਜੈਪਾਲ ਸਿੰਘ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਭਾਗ ਲੈਣ ਵਾਲੀਆਂ ਸੰਸਥਾਵਾਂ ਵਿੱਚੋਂ ਸਭ ਤੋਂ ਪ੍ਰਮੁੱਖ ਸਥਾਨਕ ਸਿੱਖ ਭਾਈਚਾਰਾ ਨੇ ਬੜੇ ਉਤਸ਼ਾਹ ਨਾਲ ਇਸ ਸੰਮੇਲਨ ਨੂੰ ਕਾਮਯਾਬ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ।

ਇਸ ਦਾ ਕਾਰਨ ਫੈਸਟੀਵਲ ਦੇ ਸੰਸਥਾਪਕਾਂ ਵਿੱਚੋਂ ਇੱਕ ਜੈਪਾਲ ਸਿੰਘ ਹੈ, ਜਿਸਨੇ ਇਸ ਸਲਾਨਾ ਸੰਮੇਲਨ ਨੂੰ ਸ਼ੁਰੂ ਕਰਨ ਵਿੱਚ ਆਪਣਾ ਬਹੁਤ ਵੱਡਾ ਹਿੱਸਾ ਪਾਇਆ। ਇਸ ਨਾਲ ਸਿਨਸਿਨਾਟੀ ਦੇ ਵੱਖ ਵੱਖ ਭਾਈਚਾਰਿਆ ਵਿੱਚ ਆਪਸੀ ਸਿੱਖਿਆ, ਸੰਬੰਧ, ਹਮਦਰਦੀ, ਸਮਝ ਅਤੇ ਪਿਆਰ ਪੈਦਾ ਹੋ ਰਿਹਾ ਹੈ।

ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਕੁੱਤਿਆਂ ਦੀਆਂ ਲੜਾਈਆਂ ਕਰਵਾਉਣ ਦਾ ਮਾਮਲਾ

ਅਮਰੀਕਾ ਦੀ ਇਕ ਸੰਘੀ ਗਰੈਂਡ ਜਿਊਰੀ ਵੱਲੋਂ 21 ਵਿਅਕਤੀਆਂ ਵਿਰੁੱਧ ਦੋਸ਼ ਆਇਦ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੀ ਇਕ ਸੰਘੀ ਗਰੈਂਡ ਜਿਊਰੀ ਨੇ ਨਸ਼ੀਲੇ ਪਦਰਾਥਾਂ ਦੀ ਤਸਕਰੀ ਕਰਨ ਤੇ ਕੁੱਤਿਆਂ ਦੀ ਲੜਾਈ ਕਰਵਾਉਣ ਦੇ ਮਾਮਲਿਆਂ ਵਿਚ 21 ਵਿਅਕਤੀਆਂ ਵਿਰੁੱਧ ਦੋਸ਼ ਆਇਦ ਕਰਨ ਦਾ ਫੈਸਲਾ ਸੁਣਾਇਆ ਹੈ। ਇਹ ਐਲਾਨ ਇੰਡਿਆਨਾ ਰਾਜ ਦੇ ਅਧਿਕਾਰੀਆਂ ਨੇ ਕੀਤਾ ਹੈ। ਇੰਡਿਆਨਾ ਦੇ ਦੱਖਣੀ ਜਿਲੇ ਦੇ ਯੂ ਐਸ ਅਟਾਰਨੀ ਜ਼ਾਚਰੀ ਮਾਇਰਜ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਇਨਾਂ ਵਿਅਕਤੀਆਂ ਵਿਰੁੱਧ ਹਥਿਆਰ ਬੰਦ ਫੈਂਟਾਨਾਇਲ, ਕੋਕੀਨ ਤੇ ਮੈਥੰਫੈਟਾਮਾਈਨ ਦੀ ਤਸਕਰੀ ਕਰਨ ਤੋਂ ਇਲਾਵਾ ਪੈਸੇ ਨੂੰ ਚਿੱਟਾ ਕਰਨ ਤੇ ਪਸ਼ੂਆਂ ਦੀ ਲੜਾਈ ਦੇ ਮੁਕਾਬਲਿਆਂ ਵਿਚ ਹਿੱਸਾ ਲੈਣ ਸਬੰਧੀ ਦੋਸ਼ ਆਇਦ ਕੀਤੇ ਗਏ ਹਨ। ਇਹ ਦੋਸ਼ 2022 ਤੋਂ ਸ਼ੁਰੂ ਹੋਈ ਜਾਂਚ ਦਾ ਸਿੱਟਾ ਹੈ। ਮਾਇਰਜ ਅਨੁਸਾਰ ਇਹ ਜਾਂਚ ਦੋ ਸ਼ੱਕੀ ਦੋਸ਼ੀਆਂ ਬਾਰੇ ਸੀ ਜਿਨਾਂ ਨੇ ਕਥਿੱਤ ਤੌਰ 'ਤੇ ਮੈਕਸੀਕੋ ਤੋਂ ਅਮਰੀਕਾ ਵਿਚ ਫੈਂਟਾਨਾਇਲ, ਮੈਥੰਫੈਟਾਮਾਈਨ ਤੇ ਕੁਕੀਨ ਦੀ ਤਸਕਰੀ ਕੀਤੀ ਤੇ ਨਸ਼ੀਲੇ ਪਦਾਰਥਾਂ ਨੂੰ ਇੰਡਿਆਨਪੋਲਿਸ ਤੇ ਕੈਂਦਰੀ ਇੰਡਿਆਨਾ ਵਿਚ ਵੰਡਿਆ। ਮਾਇਰਜ ਨੇ ਕਿਹਾ ਕਿ ਭਰੌੜੇ ਗਰੇਗੋਰੀ ਹੈਂਡਸਰਸਨ ਜੁਨੀਅਰ ਸਮੇਤ ਬਾਕੀ ਸ਼ੱਕੀ ਦੋਸ਼ੀਆਂ ਦੇ ਨਾਂ ਦੋਸ਼ ਸੂਚੀ ਵਿਚ ਸ਼ਾਮਿਲ ਹਨ। ਉਨਾਂ ਕਿਹਾ ਕਿ ਜਾਂਚਕਾਰਾਂ ਨੇ ਦੋਸ਼ ਸੂਚੀ ਵਿਚ ਸ਼ਾਮਿਲ ਸ਼ੱਕੀ ਦੋਸ਼ੀਆਂ ਵੱਲੋਂ ਕੁੱਤਿਆਂ ਦੀ ਲੜਾਈ ਦੇ ਮੁਕਾਬਲੇ ਕਰਵਾਉਣ ਦਾ ਪਰਦਾਫਾਸ਼ ਵੀ ਕੀਤਾ ਹੈ ਤੇ ਤਕਰੀਬਨ 90 ਕੁੱਤੇ ਬਰਾਮਦ ਕੀਤੇ ਹਨ। ਮਾਇਰਜ ਨੇ ਕਿਹਾ ਕਿ ਇਨਾਂ ਵਿਅਕਤੀਆਂ ਵਿਰੁੱਧ ਲੱਗੇ ਦੋਸ਼ ਬਹੁਤ ਪ੍ਰੇਸ਼ਾਨ ਕਰਨ ਵਾਲੇ ਹਨ। ਇਹ ਵਿਅਕਤੀਗਤ ਲੋਕਾਂ ਦੀ ਖੁਸ਼ੀ ਤੇ ਜੂਏਬਾਜ਼ੀ ਲਈ ਕੁੱਤਿਆਂ ਦੀਆਂ ਬਹੁਤ ਹੀ ਖਤਰਨਾਕ ਲੜਾਈਆਂ ਕਰਵਾਉਂਦੇ ਸਨ। ਇਨਾਂ ਲੜਾਈਆਂ ਦਾ ਮਕਸਦ ਆਮ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣਾ ਸੀ। ਇਹ ਕੁੱਤਿਆਂ ਦੀਆਂ ਲੜਾਈਆਂ ਵਾਰ ਵਾਰ ਕਰਵਾਉਂਦੇ ਸਨ ਤਾਂ

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

Coming Soon!

Fresno California

ਵਿਚ ਖੁੱਲ੍ਹਾ ਰਿਹਾ ਨਵਾਂ ਦਫ਼ਤਰ

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ

Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

209-481-7750

510-472-0608

PH. : 209-624-3919

ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ

Anthony Nwosu
Attorney at Law

ਕਦੋਂ ਬਦਲੇਗਾ ਪੰਜਾਬ ਪੁਲਿਸ ਦਾ ਅਣਮਨੁੱਖੀ ਵਤੀਰਾ ?

ਪੁਲਿਸ ਦਾ ਕੰਮ ਰਾਜ ਵਿਚ ਅਮਨ-ਕਾਨੂੰਨ ਨੂੰ ਕਾਇਮ ਰੱਖਣਾ ਅਤੇ ਨਾਗਰਿਕਾਂ ਦੇ ਜਾਨ-ਮਾਲ ਦੀ ਰਾਖੀ ਕਰਕੇ ਆਮ ਨਾਗਰਿਕਾਂ ਨੂੰ ਇਨਸਾਫ਼ ਦਿਵਾਉਣਾ ਹੁੰਦਾ ਹੈ। ਕਿਸੇ ਵੀ ਲੋਕਤੰਤਰੀ ਸਾਸ਼ਨ ਵਿਵਸਥਾ ਵਿਚ ਪੁਲਿਸ ਨਿਆਂਕਾਰੀ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲਾ ਵਤੀਰਾ ਇਕ ਜ਼ਰੂਰੀ ਸ਼ਰਤ ਹੁੰਦਾ ਹੈ। ਪਰ ਸਾਡੇ ਦੇਸ਼ ਵਿਚ ਜ਼ਿਆਦਾਤਰ ਰਾਜਾਂ ਵਿਚ ਪੁਲਿਸ ਦਾ ਦਮਨਕਾਰੀ, ਸ਼ੋਸ਼ਣਕਾਰੀ ਅਤੇ ਅਣਮਨੁੱਖੀ ਵਤੀਰਾ ਵਾਰ-ਵਾਰ ਸਾਹਮਣੇ ਆਉਂਦਾ ਹੈ ਅਤੇ ਇਸ ਦਾ ਇਕ ਲੰਬਾ ਇਤਿਹਾਸ ਹੈ। ਪੰਜਾਬ ਵਿਚ ਅੱਤਵਾਦ ਦੇ ਦੌਰ ਵਿਚ ਅਤੇ ਉਸ ਤੋਂ ਬਾਅਦ ਵੀ ਪੁਲਿਸ ਨੂੰ ਅਸੀਮਤ ਸ਼ਕਤੀਆਂ ਮਿਲੀਆਂ ਹੋਈਆਂ ਹਨ। ਸਿਆਸੀ ਪੁਸ਼ਤ-ਪਨਾਹੀ ਨੇ ਪੁਲਿਸ ਅਫ਼ਸਰਾਂ ਅਤੇ ਮੁਲਾਜ਼ਮਾਂ ਨੂੰ ਹੈਂਕੜਬਾਜ਼ ਬਣਾ ਦਿੱਤਾ ਹੈ। ਸੇਵਾ ਭਾਵਨਾ ਵਾਲੀ ਅਤੇ ਇਨਸਾਫ਼ ਵਾਲੀ ਭਾਵਨਾ ਗ਼ਾਇਬ ਹੈ। ਇਸ ਦੀ ਤਾਜ਼ਾ ਉਦਾਹਰਨ ਜਲੰਧਰ ਵਿਚ ਵਾਪਰਿਆ ਭਿਆਨਕ ਦੁਖਾਂਤ ਹੈ, ਜਿਥੇ ਥਾਣੇ ਵਿਚ ਆਪਣੀ ਭੈਣ ਦੇ ਸਹੁਰਿਆਂ ਨਾਲ ਚੱਲ ਰਹੇ ਝਗੜੇ ਨੂੰ ਨਿਪਟਾਉਣ ਲਈ ਆਏ ਦੋ ਕਾਰੋਬਾਰੀ ਭਰਾਵਾਂ ਜਸ਼ਨ ਅਤੇ ਮਾਨਵ ਢਿੱਲੋਂ ਨੂੰ ਜਲੰਧਰ ਦੇ ਸਿਟੀ-1 ਪੁਲਿਸ ਸਟੇਸ਼ਨ ਦੇ ਐਸ.ਐਚ.ਓ. ਨਵਦੀਪ ਸਿੰਘ ਨੇ ਰੱਜ ਕੇ ਜ਼ਲੀਲ ਕੀਤਾ ਅਤੇ ਉਨ੍ਹਾਂ ਦੀਆਂ ਦਸਤਾਰਾਂ ਦੀ ਬੇਅਦਬੀ ਵੀ ਕੀਤੀ। ਇਸ ਘਟਨਾ ਤੋਂ ਦੁਖੀ ਹੋ ਕੇ ਦੋਵੇਂ ਭਰਾਵਾਂ ਨੇ 17 ਅਗਸਤ ਨੂੰ ਬਿਆਸ ਦਰਿਆ ਵਿਚ ਛਾਲ ਮਾਰ ਦਿੱਤੀ ਤੇ ਇਹ ਆਰਟੀਕਲ ਲਿਖੇ ਜਾਣ ਤੱਕ ਉਨ੍ਹਾਂ 'ਚੋਂ ਇਕ ਦੀ ਲਾਸ਼ ਵੀ ਬਰਾਮਦ ਨਹੀਂ ਹੋਈ। ਜਦੋਂ ਕਿ 2 ਸਤੰਬਰ ਨੂੰ ਜਸ਼ਨ ਦੀ ਲਾਸ਼ ਬਰਾਮਦ ਕਰ ਲਈ ਗਈ ਹੈ। ਇਨ੍ਹਾਂ ਨੌਜਵਾਨਾਂ ਦੇ ਪਿਤਾ-ਮਾਤਾ ਅਤੇ ਬਾਕੀ ਪਰਿਵਾਰ 'ਤੇ ਜੋ ਬੀਤ ਰਹੀ ਹੈ, ਇਸ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਸੰਭਵ ਨਹੀਂ। ਭਾਵੇਂ ਕਿ ਉਕਤ ਥਾਣੇਦਾਰ ਸਣੇ ਤਿੰਨ ਵਿਅਕਤੀਆਂ ਖ਼ਿਲਾਫ਼ ਐਫ.ਆਈ.ਆਰ. ਦਰਜ ਕਰ ਲਈ ਗਈ ਹੈ ਪਰ ਅਜੇ ਵੀ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ। ਪੁਲਿਸ ਪ੍ਰਸ਼ਾਸਨ ਅਤੇ ਸਰਕਾਰ ਉਸ ਦੀ ਪਿੱਠ 'ਤੇ ਖੜ੍ਹੇ ਨਜ਼ਰ ਆ ਰਹੇ ਹਨ ਅਤੇ ਪਰਿਵਾਰ ਇਨਸਾਫ਼ ਲਈ ਤਰਸ ਰਿਹਾ ਹੈ।

ਵੱਡੀ ਸਿਤਮਜ਼ਰੀਫੀ ਹੈ ਕਿ ਪੰਜਾਬ ਵਿਚ ਅਜਿਹੀਆਂ ਸੈਂਕੜੇ ਉਦਾਹਰਨਾਂ ਹਨ, ਜਿਥੇ ਪੰਜਾਬ ਪੁਲਿਸ ਦੇ ਤਾਨਾਸ਼ਾਹੀ ਅਤੇ ਅਣਮਨੁੱਖੀ ਵਤੀਰੇ ਕਾਰਨ ਕਈ ਪਰਿਵਾਰ ਉੱਜੜ ਗਏ ਹਨ। ਕਈ-ਕਈ ਸਾਲਾਂ ਤੋਂ ਅਦਾਲਤਾਂ ਵਿਚ ਇਨਸਾਫ਼ ਲਈ ਉਹ ਭਟਕ ਰਹੇ ਹਨ। ਖਾੜਕੂਵਾਦ ਦੇ ਦੌਰ ਵਿਚ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਮਨੁੱਖੀ ਹੱਕਾਂ ਦਾ ਘਾਣ ਕਰਨ ਦੀ ਜੋ ਰਵਾਇਤ ਪੰਜਾਬ ਪੁਲਿਸ ਨੇ ਚਲਾਈ ਸੀ, ਉਹ ਸੋਚ ਅਜੇ ਵੀ ਪੁਲਿਸ ਤੰਤਰ ਵਿਚ ਮੌਜੂਦ ਹੈ।

ਕਦੀ-ਕਦੀ ਅਜਿਹੇ ਘਟਨਾਕ੍ਰਮ ਵੇਖਦੇ ਹੋਏ ਆਪਣੇ ਲੋਕਤੰਤਰੀ ਨਿਜ਼ਾਮ ਦੀ ਸਾਰਥਿਕਤਾ 'ਤੇ ਸ਼ੱਕ ਹੁੰਦਾ ਹੈ। ਲੋਕਤੰਤਰ ਤਾਂ ਲੋਕਾਂ ਦਾ, ਲੋਕਾਂ ਲਈ ਅਤੇ ਲੋਕਾਂ ਵਾਸਤੇ ਕੰਮ ਕਰਨ ਵਾਲਾ ਨਿਜ਼ਾਮ ਹੁੰਦਾ ਹੈ। ਅਜਿਹਾ ਲੋਕਤੰਤਰ ਜਿਥੇ ਆਮ ਜਨਤਾ ਪੁਲਿਸ ਦੇ ਨੇੜੇ ਜਾਣ ਅਤੇ ਪੁਲਿਸ ਸਟੇਸ਼ਨ ਦੇ ਅੰਦਰ ਇਕੱਲੇ ਜਾਣ ਤੋਂ ਡਰੇ ਅਜਿਹੇ ਲੋਕਤੰਤਰ ਦੇ ਸਭ ਤੋਂ ਸਫਲ ਅਤੇ ਵਿਸ਼ਾਲ ਹੋਣ ਦੇ ਦਾਅਵੇ ਖੋਖਲੇ ਪ੍ਰਤੀਤ ਹੁੰਦੇ ਹਨ।

ਅੱਜ ਸਾਡੇ ਪੰਜਾਬ ਵਿਚ ਪੁਲਿਸ ਸਟੇਸ਼ਨਾਂ ਦੇ ਅੰਦਰ ਹਰ ਰੋਜ਼ ਹੀ ਲੱਖਾਂ ਦੀ ਰਿਸ਼ਵਤ ਦਾ ਲੈਣ-ਦੇਣ ਚਲਦਾ ਹੈ। ਪੰਜਾਬ ਦੇ ਬਹੁਤ ਘੱਟ ਥਾਣੇ ਹੋਣਗੇ, ਜਿਥੇ ਕੋਈ ਭ੍ਰਿਸ਼ਟਾਚਾਰ ਨਹੀਂ ਹੁੰਦਾ ਹੋਵੇਗਾ। ਬਦਲਾਅ ਦੇ ਦਾਅਵੇ ਨਾਲ ਆਪਣੀ ਸਰਕਾਰ ਬਣਵਾਉਣ ਵਾਲੀ ਆਮ ਆਦਮੀ ਪਾਰਟੀ ਦੀ ਹਕੂਮਤ ਵਿਚ ਇਹ ਭ੍ਰਿਸ਼ਟਾਚਾਰ ਹੋਰ ਵਧ ਗਿਆ ਹੈ। ਪੁਲਿਸ ਦਾ ਵਤੀਰਾ ਹੀ ਮਜਬੂਰ ਕਰਦਾ ਹੈ ਕਿ ਜਦ ਵੀ ਬਦਕਿਸਮਤੀ ਨਾਲ ਕਿਸੇ ਨੂੰ ਆਪਣੀ ਦਰਖਾਸਤ ਲੈ ਕੇ ਥਾਣੇ ਜਾਣਾ ਪੈਂਦਾ ਹੈ ਤਾਂ ਹਰ ਸ਼ਰੀਫ਼ ਵਿਅਕਤੀ ਪੰਚਾਂ, ਸਰਪੰਚਾਂ ਜਾਂ ਹੋਰ ਮੁਹਤਬਰਾਂ ਨੂੰ ਨਾਲ ਕੇ ਹੀ ਥਾਣੇ ਜਾਂਦਾ ਹੈ। ਇਕੱਲੇ ਜਾਣ ਦੀ ਜ਼ਿਆਦਾਤਰ ਕਿਸੇ ਆਮ ਨਾਗਰਿਕ ਦੀ ਹਿੰਮਤ ਨਹੀਂ ਪੈਂਦੀ। ਇਹ ਸਾਡੇ ਲੋਕਤੰਤਰੀ ਢਾਂਚੇ ਦੀ ਅਸਫਲਤਾ ਹੀ ਹੈ ਕਿ ਬਹੁਤ ਲੋਕ ਇਹ ਧਾਰਨਾ ਰੱਖਦੇ ਹਨ ਕਿ ਨਸ਼ਿਆਂ ਸਮੇਤ ਹਰੇਕ ਨਾਜਾਇਜ਼ ਕੰਮ ਪੁਲਿਸ ਦੀ ਸਰਪ੍ਰਸਤੀ ਹੇਠ ਹੀ ਚਲਦਾ ਹੈ ਤੇ ਆਮ ਲੋਕ ਇਸ ਚੱਕੀ ਵਿਚ ਪਿਸਦੇ ਰਹਿੰਦੇ ਹਨ।

ਇਹ ਇਕ ਆਮ ਧਾਰਨਾ ਹੈ ਕਿ ਪੁਲਿਸ ਜੇਕਰ ਚਾਹੇ ਤਾਂ ਜੰਗਲ ਵਿਚ ਗੁਆਚੀ ਸੂਈ ਵੀ ਲੱਭ ਲੈਂਦੀ ਹੈ ਪਰ ਇਹ ਵੀ ਇਕ ਕੌੜੀ ਸੱਚਾਈ ਹੈ ਕਿ ਪੰਜਾਬ ਵਿਚ ਨਸ਼ਿਆਂ ਸਮੇਤ, ਨਾਜਾਇਜ਼ ਕਬਜ਼ੇ, ਮਾਈਨਿੰਗ ਅਤੇ ਕਤਲੋ-ਗਾਰਤ, ਲੁੱਟ-ਖਸੁੱਟ ਪੁਲਿਸ ਦੀਆਂ ਨਜ਼ਰਾਂ ਸਾਹਮਣੇ ਅਤੇ ਪੁਸ਼ਤਪਨਾਹੀ ਹੇਠ ਹੋ ਰਹੇ ਹਨ। ਪੰਜਾਬ ਦੇ ਵੱਡੇ ਪੁਲਿਸ ਅਫ਼ਸਰ ਗੈਂਗਸਟਰਾਂ ਦੀਆਂ ਪਾਰਟੀਆਂ ਵਿਚ ਨੱਚ ਰਹੇ ਹਨ ਅਤੇ ਗੈਂਗਸਟਰਾਂ ਅਤੇ ਨਸ਼ਿਆਂ ਦੇ ਤਸਕਰਾਂ ਦੇ ਗੱਠਜੋੜ ਦਾ ਪ੍ਰਦਰਸ਼ਨ ਖੁੱਲ੍ਹੇਆਮ ਆਮ ਜਨਤਾ ਦੇ ਸਾਹਮਣੇ ਕਰ ਰਹੇ ਹਨ। ਪੰਜਾਬ ਦੀ ਮੌਜੂਦਾ ਸਰਕਾਰ ਆਪਣੀ ਡੇਢ ਸਾਲ ਦੀ ਕਾਰਗੁਜ਼ਾਰੀ ਵਿਚ ਪੰਜਾਬ ਦੀ ਆਮ ਜਨਤਾ ਦੇ ਮਨਾਂ 'ਤੇ ਚੰਗਾ ਪ੍ਰਭਾਵ ਸਿਰਜਣ ਵਿਚ ਸਫਲ ਨਹੀਂ ਹੋ ਸਕੀ। ਲੋਕਾਂ ਨੇ ਇਸ ਸਰਕਾਰ ਨੂੰ ਵੱਡਾ ਫਤਵਾ ਬਦਲਾਅ ਦੇ ਨਾਂਅ 'ਤੇ ਦਿੱਤਾ ਸੀ। ਹੁਣ ਸਰਕਾਰ ਦਾ ਮੁਢਲਾ ਫਰਜ਼ ਬਣਦਾ ਹੈ ਕਿ ਉਹ ਹਰੇਕ ਖੇਤਰ ਵਿਚ ਪਹਿਲਾਂ ਦੀਆਂ ਸਰਕਾਰਾਂ ਨਾਲੋਂ ਨਿਵੇਕਲੀ ਪਹੁੰਚ ਅਪਣਾਏ ਅਤੇ ਪ੍ਰਸ਼ਾਸਨ ਨੂੰ ਲੋਕ ਪੱਖੀ ਅਤੇ ਭ੍ਰਿਸ਼ਟਾਚਾਰ ਰਹਿਤ ਬਣਾਏ।

ਇਸ ਸਮੇਂ ਦੀ ਵੱਡੀ ਲੋੜ ਹੈ ਕਿ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ ਵਿਚ ਸੁਧਾਰ ਲਿਆਉਣ ਲਈ ਅਤੇ ਪੁਲਿਸ ਦਾ ਚਿਹਰਾ ਲੋਕ-ਪੱਖੀ ਅਤੇ ਇਨਸਾਫ਼ ਵਾਲਾ ਬਣਾਉਣ ਲਈ ਵੱਡੇ ਕਦਮ ਚੁੱਕੇ ਜਾਣ। ਚੰਗੇ ਅਤੇ ਸਾਫ਼-ਸੁਥਰੇ ਅਕਸ ਵਾਲੇ ਅਫ਼ਸਰਾਂ ਅਤੇ ਮੁਲਾਜ਼ਮਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਲੋਕਾਂ ਵਿਚ ਪੰਜਾਬ ਪੁਲਿਸ ਪ੍ਰਤੀ ਵਿਸ਼ਵਾਸ ਪੈਦਾ ਹੋਣਾ ਚਾਹੀਦਾ ਹੈ। ਜਲੰਧਰ ਵਿਚ ਵਾਪਰੇ ਦੁਖਾਂਤ ਵਰਗੀਆਂ ਘਟਨਾਵਾਂ ਨਾ ਹੋਣ ਇਸ ਲਈ ਵੱਡੇ ਯਤਨਾਂ ਦੀ ਲੋੜ ਹੈ। ਪੁਲਿਸ ਦੀ ਸਿਖਲਾਈ ਸਮੇਂ ਪੁਲਿਸ ਮੁਲਾਜ਼ਮਾਂ ਨੂੰ ਅਤੇ ਅਫ਼ਸਰਾਂ ਨੂੰ ਆਮ ਲੋਕਾਂ ਪ੍ਰਤੀ ਹਮਦਰਦੀ ਰੱਖਣ ਅਤੇ ਮਨੁੱਖੀ ਵਤੀਰਾ ਅਪਣਾਉਣ ਦੀ ਸਿਖਲਾਈ ਦੇਣੀ ਚਾਹੀਦੀ ਹੈ। ਮਾਨਵਜੀਤ ਢਿੱਲੋਂ ਅਤੇ ਜਸ਼ਨਪ੍ਰੀਤ ਢਿੱਲੋਂ ਦੇ ਨਾਲ ਦੁਰਵਿਹਾਰ ਕਰਨ ਵਾਲੇ ਥਾਣੇਦਾਰ ਨੂੰ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ। ਪੁਲਿਸ ਦੇ ਕੰਮ ਵਿਚ ਸਿਆਸੀ ਦਖਲਅੰਦਾਜ਼ੀ ਬੰਦ ਹੋਣੀ ਚਾਹੀਦੀ ਹੈ। ਪੁਲਿਸ ਸੁਧਾਰ ਸਮੇਂ ਦੀ ਵੱਡੀ ਲੋੜ ਹੈ। ਇਨ੍ਹਾਂ ਸੁਧਾਰਾਂ ਅਤੇ ਯਤਨਾਂ ਨੂੰ ਜਲਦ ਤੋਂ ਜਲਦ ਅਮਲ ਵਿਚ ਲਿਆਉਣਾ ਚਾਹੀਦਾ ਹੈ। ਇਸ ਤਰ੍ਹਾਂ ਹੋਣ ਨਾਲ ਹੀ ਆਮ ਜਨਤਾ ਅਤੇ ਪੁਲਿਸ ਵਿਚ ਵਿਸ਼ਵਾਸ ਵਧੇਗਾ ਅਤੇ ਪੰਜਾਬ ਪੁਲਿਸ ਵੀ ਮਨੁੱਖੀ ਵਤੀਰਾ ਧਾਰਨ ਕਰਦੇ ਹੋਏ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰੇਗੀ ਅਤੇ ਅਮਨ-ਕਾਨੂੰਨ ਕਾਇਮ ਰੱਖੇਗੀ।

- ਪਲਵਿੰਦਰ ਸੋਹਲ

'ਇਕ ਦੇਸ਼, ਇਕ ਚੋਣ' ਗ਼ੈਰ-ਲੋਕਰਾਜੀ ਵਿਚਾਰ

ਜ਼ੋਇਆ ਹਸਨ

ਕੇਂਦਰ ਸਰਕਾਰ ਨੇ ਵੱਡਾ ਕਦਮ ਪੁੱਟਦਿਆਂ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਅਗਵਾਈ ਹੇਠ ਅੱਠ ਮੈਂਬਰੀ ਕਮੇਟੀ ਕਾਇਮ ਕਰਨ ਦਾ ਐਲਾਨ ਕੀਤਾ ਹੈ ਜੋ ਲੋਕ ਸਭਾ, ਸੂਬਾਈ ਅਸੈਂਬਲੀਆਂ ਅਤੇ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਇਕੋ ਵੇਲੇ ਕਰਾਉਣ ਦੀਆਂ ਸੰਭਾਵਨਾਵਾਂ ਦੀ ਘੋਖ ਅਤੇ ਸਿਫਾਰਸ਼ਾਂ ਕਰੇਗੀ। 1951 ਤੋਂ 1967 ਤਕ ਸੰਸਦ ਅਤੇ ਸੂਬਾਈ ਅਸੈਂਬਲੀਆਂ ਦੀਆਂ ਚੋਣਾਂ ਇਕੱਠੀਆਂ ਕਰਵਾਈਆਂ ਗਈਆਂ ਸਨ ਪਰ 1967 ਤੋਂ ਬਾਅਦ ਪਾਰਟੀ ਪ੍ਰਣਾਲੀ ਵਿਚ ਵੱਡਾ ਬਦਲਾਓ ਆ ਗਿਆ ਜਿਸ ਕਰ ਕੇ ਲੋਕ ਸਭਾ ਅਤੇ ਸੂਬਾਈ ਵਿਧਾਨ ਸਭਾਵਾਂ ਦੀਆਂ ਚੋਣਾਂ ਵੱਖੋ ਵੱਖਰੀਆਂ ਕਰਾਉਣਾ ਜ਼ਰੂਰੀ ਹੋ ਗਿਆ ਸੀ।

ਹੁਣ ਦੁਬਾਰਾ ਸਾਰੀਆਂ ਚੋਣਾਂ ਇਕੋ ਵਾਰ ਕਰਾਉਣ ਦੀ ਤਜਵੀਜ਼ ਨਾਲ ਭਾਰਤ ਦੇ ਲੋਕਤੰਤਰ ਲਈ ਦੂਰਗਾਮੀ ਸਿੱਟੇ ਨਿਕਲਣਗੇ। ਲਾਅ ਕਮਿਸ਼ਨ, ਨੀਤੀ ਆਯੋਗ ਅਤੇ ਸਥਾਈ ਸੰਸਦੀ ਕਮੇਟੀ ਨੇ ਪਹਿਲਾਂ ਹੀ ਇਸ ਪ੍ਰਸਤਾਵ ਦੀ ਘੋਖ ਕਰ ਲਈ ਹੈ। ਪ੍ਰਧਾਨ ਮੰਤਰੀ ਖੁਦ ਵੀ ਇਸ ਪ੍ਰਸਤਾਵ ਦੀ ਪੁਰਜ਼ੋਰ ਹਮਾਇਤ ਕਰ ਚੁੱਕੇ ਹਨ ਅਤੇ ਕਈ ਵਾਰ ਆਖ ਚੁੱਕੇ ਹਨ ਕਿ ਚੋਣਾਂ ਦਾ ਚੱਕਰ ਲਗਾਤਾਰ ਚਲਦਾ ਰਹਿਣ ਕਰ ਕੇ ਹਰ ਚੀਜ਼ ਸਿਆਸੀ ਝਰੋਖੇ 'ਚੋਂ ਦੇਖੀ ਜਾਂਦੀ ਹੈ ਅਤੇ ਇਸ ਨਾਲ ਵਿਕਾਸ ਕਾਰਜਾਂ 'ਤੇ ਬੁਰਾ ਅਸਰ ਪੈਂਦਾ ਹੈ। ਉਂਝ, ਇਸ ਵਿਚਾਰ ਨਾਲ ਮਜ਼ਬੂਤ ਪ੍ਰਤੀਬੱਧਤਾ ਹੋਣ ਦੇ ਬਾਵਜੂਦ ਇਸ ਮੁਤੱਲਕ ਕੋਈ ਖਾਸ ਪ੍ਰਗਤੀ ਨਹੀਂ ਹੋ ਸਕੀ।

ਇਕੋ ਵਾਰ ਚੋਣਾਂ ਕਰਾਉਣ ਦਾ ਵਿਚਾਰ ਨਾ ਤਾਂ ਵਿਹਾਰਕ ਹੈ ਤੇ ਨਾ ਹੀ ਇਹ ਕੋਈ ਨਵਾਂ ਨਿਵੇਕਲਾ ਹੈ ਸਗੋਂ ਇਸ ਨੂੰ ਅਜਿਹੇ ਸਮੇਂ ਉਭਾਰਿਆ ਜਾ ਰਿਹਾ ਹੈ ਜਦੋਂ ਸਰਕਾਰ ਨੂੰ ਵਿਰੋਧੀ ਪਾਰਟੀਆਂ ਦੇ ਗੱਠਜੋੜ 'ਇੰਡੀਆ' ਵਲੋਂ ਪੁੱਛੇ ਜਾ ਰਹੇ ਅਹਿਮ ਸਵਾਲਾਂ ਦੇ ਰੂਪ ਵਿਚ ਸਖ਼ਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਪਦਾ ਹੈ ਕਿ 'ਇੰਡੀਆ' ਗੱਠਜੋੜ ਦੀ ਮੁੰਬਈ ਵਿਚ ਹੋਈ ਤੀਜੀ ਮੀਟਿੰਗ ਤੋਂ ਬਾਅਦ ਇਕੱਠੀਆਂ ਚੋਣਾਂ ਕਰਾਉਣ ਦਾ ਵਿਚਾਰ ਵਿਰੋਧੀ ਧਿਰ ਨੂੰ ਭੰਬਲਭੂਸੇ ਵਿਚ ਪਾਉਣ ਲਈ ਲਿਆਂਦਾ ਗਿਆ ਹੈ ਕਿਉਂਕਿ ਮੀਟਿੰਗ ਵਿਚ ਵਡੇਰੀ ਸਹਿਮਤੀ ਅਤੇ ਏਕਤਾ ਦਾ ਸੰਦੇਸ਼ ਗਿਆ ਸੀ।

ਅੱਠ ਮੈਂਬਰੀ ਕਮੇਟੀ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਨਾ ਕੇਵਲ ਇਕੱਠੀਆਂ ਚੋਣਾਂ ਦੇ ਵਿਚਾਰ ਦੀ ਘੋਖ ਕਰੇਗੀ ਸਗੋਂ ਇਸ ਨੂੰ ਲਾਗੂ ਕਰਨ ਲਈ ਸਿਫ਼ਾਰਸ਼ਾਂ ਵੀ ਦੇਵੇਗੀ। ਮੁੱਢ ਤੋਂ ਹੀ ਇਹ ਪ੍ਰਭਾਵ ਬਣ ਗਿਆ ਹੈ ਕਿ ਇਹ ਕਮੇਟੀ ਇਸ ਵਿਚਾਰ ਦੀ ਹਾਮੀ ਹੈ। ਵਿਰੋਧੀ ਧਿਰ ਦੀ ਤਰਫ਼ੋਂ ਇਸ ਕਮੇਟੀ ਵਿਚ ਸਿਰਫ਼ ਇਕ ਮੈਂਬਰ ਅਧੀਰ ਰੰਜਨ ਚੌਧਰੀ ਨੂੰ ਲਿਆ ਗਿਆ ਸੀ ਜਿਨ੍ਹਾਂ ਨੇ ਇਸ ਦਾ ਹਿੱਸਾ ਬਣਨ ਤੋਂ ਇਨਕਾਰ ਕਰ ਦਿੱਤਾ ਸੀ; ਬਾਕੀ ਦੇ ਸਾਰੇ ਮੈਂਬਰਾਂ ਵਲੋਂ ਇਸ ਵਿਚਾਰ ਦੀ ਹਮਾਇਤ ਕਰਨ ਦੀ ਸੰਭਾਵਨਾ ਹੈ। ਖੇਤਰੀ ਪਾਰਟੀ ਦੇ ਆਗੂਆਂ ਦੀ ਕੋਈ ਸੱਦ-ਪੁੱਛ ਨਹੀਂ ਕੀਤੀ ਗਈ ਹਾਲਾਂਕਿ ਇਕੱਠੀਆਂ ਚੋਣਾਂ ਨਾਲ ਸਭ ਤੋਂ ਵੱਧ ਪ੍ਰਭਾਵ ਖੇਤਰੀ ਪਾਰਟੀਆਂ 'ਤੇ ਹੀ ਪਵੇਗਾ। ਕਮੇਟੀ ਵਿਚ ਚੋਣ ਕਮਿਸ਼ਨ ਦਾ ਕੋਈ ਮੌਜੂਦਾ ਜਾਂ ਸਾਬਕਾ ਮੈਂਬਰ ਵੀ ਸ਼ਾਮਲ ਨਹੀਂ ਕੀਤਾ ਗਿਆ ਹਾਲਾਂਕਿ ਇਕੱਠੀਆਂ ਚੋਣਾਂ ਕਰਾਉਣ ਵੇਲੇ ਆਉਣ ਵਾਲੀਆਂ ਅੌਕੜਾਂ ਨੂੰ ਸਮਝਣ ਲਈ ਉਨ੍ਹਾਂ ਤੋਂ ਬਿਹਤਰ ਹੋਰ ਕੋਈ ਬਦਲ ਨਹੀਂ ਹੋ ਸਕਦਾ।

ਕਮੇਟੀ ਲਈ ਵਿਚਾਰਨਯੋਗ ਸਭ ਤੋਂ ਅਹਿਮ ਨੁਕਤਾ ਇਹ ਹੋਵੇਗਾ: ਕੀ ਇਕੱਠੀਆਂ ਚੋਣਾਂ ਕਰਾਉਣ ਲਈ ਸੂਬਿਆਂ ਦੀ ਸਹਿਮਤੀ ਲੈਣ ਦੀ ਲੋੜ ਹੈ। ਤੱਥ ਇਹ ਹੈ ਕਿ ਇਹ ਇਕੱਠੀਆਂ ਚੋਣਾਂ ਕਰਾਉਣ ਲਈ ਸੰਵਿਧਾਨ ਅਤੇ ਕਾਨੂੰਨਾਂ ਵਿਚ ਲੋੜੀਂਦੀਆਂ ਸੋਧਾਂ ਦਾ ਸੁਝਾਅ ਵੀ ਦੇਵੇਗੀ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਦਰਅਸਲ ਇਹ ਫ਼ੈਸਲਾ ਪਹਿਲਾਂ ਹੀ ਹੋ ਚੁੱਕਿਆ ਹੈ। ਬਹਰਹਾਲ, ਇਕੱਠੀਆਂ ਚੋਣਾਂ ਦੇ ਪ੍ਰਸਤਾਵ ਦੇ ਰਾਹ ਵਿਚ ਕਈ ਗੁੰਝਲਦਾਰ ਸਮੱਸਿਆਵਾਂ ਆਉਣਗੀਆਂ। ਸੰਸਦੀ ਲੋਕਰਾਜ ਵਾਲੇ ਮੁਲਕਾਂ ਵਿਚ ਇਸ ਨੂੰ ਲਾਗੂ ਕਰਨ ਦਾ ਕੋਈ ਵਿਹਾਰਕ ਰਾਹ ਮੌਜੂਦ ਨਹੀਂ ਹੈ। ਇਸ ਦੇ ਅਮਲ ਨਾਲ ਨਾ ਕੇਵਲ ਵਿਹਾਰਕ ਚੁਣੌਤੀਆਂ ਜੁੜੀਆਂ ਹੋਈਆਂ ਹਨ ਸਗੋਂ ਇਸ ਵਿਚ ਕਈ ਗੁੰਝਲਦਾਰ ਕਾਨੂੰਨੀ ਅਤੇ ਸੰਵਿਧਾਨਕ ਪੇਚੀਦਗੀਆਂ ਵੀ ਸ਼ਾਮਲ ਹਨ। ਇਸ ਲਈ ਲੋਕ ਪ੍ਰਤੀਨਿਧਤਾ ਐਕਟ ਅਤੇ ਹੋਰਨਾਂ ਬਹੁਤ ਸਾਰੇ ਕਾਨੂੰਨਾਂ ਵਿਚ ਸੋਧਾਂ ਤੋਂ ਇਲਾਵਾ ਸੰਵਿਧਾਨਕ ਸੋਧਾਂ ਵੀ ਕਰਨੀਆਂ ਪੈਣਗੀਆਂ।

ਇਸ ਪ੍ਰਸਤਾਵ ਨੂੰ ਓਨੀ ਦੇਰ ਤੱਕ ਅਮਲ ਵਿਚ ਨਹੀਂ ਲਿਆਂਦਾ ਜਾ ਸਕਦਾ ਜਦੋਂ ਤੱਕ ਸੰਸਦ ਦੇ ਦੋਵੇਂ ਸਦਨਾਂ ਵਿਚ ਦੋ ਤਿਹਾਈ ਬਹੁਮਤ ਨਾਲ ਲੋੜੀਂਦੀਆਂ ਸੋਧਾਂ ਨਹੀਂ ਕਰ ਲਈਆਂ ਜਾਂਦੀਆਂ ਅਤੇ ਜਿਨ੍ਹਾਂ ਸੂਬਿਆਂ 'ਤੇ ਇਸ ਦਾ ਪ੍ਰਭਾਵ ਪਵੇਗਾ, ਉਨ੍ਹਾਂ ਤੋਂ ਸਹਿਮਤੀ ਨਹੀਂ ਲੈ ਲਈ ਜਾਂਦੀ। 14 ਸੂਬੇ ਅਜਿਹੇ ਹਨ ਜਿਨ੍ਹਾਂ ਵਿਚ ਵਿਰੋਧੀ ਪਾਰਟੀਆਂ ਜਾਂ ਗ਼ੈਰ-ਭਾਜਪਾ ਪਾਰਟੀਆਂ ਦਾ ਸ਼ਾਸਨ ਹੈ ਅਤੇ ਉਨ੍ਹਾਂ ਵਲੋਂ ਇਸ ਪ੍ਰਸਤਾਵ ਨੂੰ ਸਹਿਮਤੀ ਦੇਣ ਦੀ ਕੋਈ ਸੰਭਾਵਨਾ ਨਹੀਂ ਹੈ ਜਿਸ ਕਰ ਕੇ ਇਸ ਪ੍ਰਸਤਾਵ ਦਾ ਅਸਰ ਗੁਸੂਖ ਘਟ ਜਾਵੇਗਾ। ਸੂਬਾਈ ਵਿਧਾਨ ਸਭਾਵਾਂ ਦੀ ਮਿਆਦ ਵੱਖੋ-ਵੱਖਰੀ ਹੈ ਅਤੇ ਸਾਰੀਆਂ ਵਿਧਾਨ ਸਭਾਵਾਂ ਨੂੰ ਭੰਗ ਕਰਨਾ ਪਵੇਗਾ। ਇਸ ਲਈ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀ ਮਿਆਦ ਪੰਜ ਸਾਲ ਨਿਸ਼ਚਤ ਕਰਨੀ ਪਵੇਗੀ ਪਰ ਸੰਵਿਧਾਨ ਵਿਚ ਲੋਕ ਸਭਾ ਜਾਂ ਵਿਧਾਨ ਸਭਾਵਾਂ ਲਈ ਅਜਿਹੀ ਕੋਈ ਵਿਵਸਥਾ ਨਹੀਂ ਹੈ।

ਕਾਨੂੰਨੀ ਪੇਚੀਦਗੀਆਂ ਤੋਂ ਇਲਾਵਾ ਇਸ ਪ੍ਰਸਤਾਵ



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

Gurdip Singh Sandhu Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com

ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ

ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-85

ਸਿਹਤ ਵਿਗਿਆਨ ਭਾਗ ਤੀਜਾ : ਸਰੀਰਕ ਬਣਤਰ ਦਾ ਅਧਾਰ ਪਾਣੀ ਪਦਾਰਥ ਤੇ ਹਵਾ ਦੀ ਬਣਤਰ ਯਾਨੀ ਸੈਲ ਯਾਨੀ ਸਰੀਰਕ ਬਣਤਰ ਦੀਆ ਇੱਟਾ ਤੇ ਉਹਦੀ ਬਣਤਰ ਬਾਰੇ ਗਿਆਨ

BIOLOGY ਜੀਵਨ ਦੀ ਸਾਇੰਸ ਦੀ ਤਰਕ ਸੰਗਤ ਵਿਆਖਿਆ ਇਸਨੂੰ ਮਨ ਚੁੱਕੀ ਹੈ ਕਿ ਜੀਵਨ ਦਾ ਆਧਾਰ ਇਕ ਪਹਿਲਾ ਬਣਤਰ ਵਿੱਚ ਆਏ ਸੈਲ ਯਾਨੀ ਪਹਿਲਾ ਬਣ ਚੁੱਕੇ ਸੈਲ ਦੀ ਹੀ ਅੱਗੇ ਪਿਉਦ ਹੁੰਦੀ ਆਉਂਦੀ ਹੈ ਤੇ ਸਰੀਰਕ ਢਾਂਚਾ ਬਣਦਾ ਹੈ। ਪਾਣੀ ਪਦਾਰਥ ਤੇ ਹਵਾ ਜੀਵਨ ਨੂੰ ਸਾਖਸ਼ਾਤ ਕਰਦੇ ਹਨ। ਗੁਰਬਾਣੀ ਅਨੁਸਾਰ ਇਸ ਨੂੰ ਇੰਜ ਪਰਿਭਾਸਿਤ ਕੀਤਾ ਗਿਆ ਹੈ। "ਜਲ ਕੀਭੀਤ ਪਵਨ ਕਾ ਥੰਬਾ ਰਕਤ ਪਿਤ ਕਾ ਗਾਰਾ।" ਪਾਣੀ ਦੀ ਕੰਧ ਹਵਾ ਸਹਾਰੇ ਖੜੀ ਹੈ ਜਿਸ ਵਿੱਚ ਪੈਦਾ ਹੁੰਦੇ ਰਕਤ ਪਿਤ ਇਸੇ ਵਿੱਚ ਹੀ ਵਿਚਰਦੇ ਰਹਿੰਦੇ ਹਨ। ਬਣਦੇ ਟੁੱਟਦੇ ਰਹਿੰਦੇ ਹਨ ਹਵਾ ਰੁਕੀ ਸੰਸਾਰਕ ਤੌਰ ਤੇ ਦਿਵਾਰ ਗਿਰੀ ਸੰਸਾਰਿਕ ਤੌਰ ਤੇ ਦਿਸਦਾ ਢਾਚਾ ਸਭ ਖਤਮ।

ਪਰ ਮੁਢਲਾ ਅਧਾਰ ਪਾਣੀ ਹੀ ਹੈ ਸਰੀਰਕ ਬਣਤਰ ਦਾ ਜਿਸ ਵਿਚ ਵੱਖ-ਵੱਖ ਤਰ੍ਹਾਂ ਦੇ ਬ੍ਰਹਿਮੰਡ ਵਿੱਚ ਵਿਚਰਦੇ ਪਦਾਰਥ ਕਣ ਕਈ ਧਾਤਾਂ ਦੇ ਮਿਲਕੇ ਜਿਵੇ ਲੋਹਾ ਕੈਲਸ਼ੀਅਮ ਪੁਟਾਸ਼ੀਅਮ ਆਦਿਕ ਜੋ ਰੂਪਮਾਨ ਕਰਦੇ ਹਨ ਉਹ ਸਾਨੂੰ ਸਰੀਰ ਰੂਪੀ ਦਿਖਾਈ ਦਿੰਦਾ ਹੈ। ਹਵਾ ਦੇ ਸਹਾਰੇ ਟਿਕੇ ਇਸ ਢਾਂਚੇ ਵਿਚੋਂ ਜਦ ਹਵਾ ਵਿਚਰਦੀ ਹੈ ਤਾਂ ਇਹ ਵਜਦ ਵਿੱਚ ਆਉਂਦਾ ਹੈ ਤੇ ਲਗਦਾ ਹੈ ਜਿਉਂਦਾ ਹੈ। ਪਰ ਹੈ ਇਕ ਦਮੀ ਇਕ ਸਾਹ ਵਾਲਾ ਜੇ ਹਵਾ ਛੂਹ ਕੇ ਗੁਜਰੀ ਤਾ ਜ਼ਿੰਦਾ ਜੇ ਹਵਾ ਰੁਕੀ ਤਾ ਸਭ ਢਹਿ ਢੇਰੀ ਮੁਰਦਾ ਤੇ ਸਮੇਂ ਨਾਲ ਅਲੋਪ ਹੋ ਜਾਂਦਾ ਹੈ। ਇਸੇ ਲਈ ਇਸ ਨੂੰ ਆਦਮੀ ਕਹਿੰਦੇ ਹਾਂ ਇਕ ਦਮ ਦਾ ਮੁਹਤਾਜ। ਇਸ ਸਰੀਰ ਵਿੱਚ ਮੌਜੂਦ ਪਦਾਰਥ ਕਣਾ ਅਤੇ ਹਵਾ ਦੇ ਵੱਖ-ਵੱਖ ਰੂਪ ਜੋ ਜੀਵਨ ਵਿਚ ਯੋਗਦਾਨ ਪਾਉਂਦੇ ਹਨ ਉਹਨਾਂ ਦਾ ਵੇਰਵਾ ਇਕ ਵੱਖਰੇ ਲੈਕਚਰ ਵਿੱਚ ਦਿਤਾ ਜਾਵੇਗਾ। ਪਹਿਲਾ ਕਿਉਂਕਿ ਬਣਤਰ ਦੀ ਗੱਲ ਚਲ ਰਹੀ ਹੈ ਤੇ ਬਣਤਰ ਦਾ ਬਹੁਤਾ ਅਧਾਰ ਪਾਣੀ ਤੇ ਸੋ ਪਾਣੀ ਦੀ ਵਿਆਖਿਆ ਪਹਿਲ ਦੇ ਅਧਾਰ ਤੇ ਕਰ ਰਹੇ ਹਾਂ।

ਪਾਣੀ : ਅੰਦਾਜ਼ਨ 45 ਤੋਂ 75% ਤੱਕ ਸਾਡੇ ਸਰੀਰ ਵਿੱਚ ਪਾਣੀ ਹੁੰਦਾ ਹੈ। ਜੋ ਉਮਰ ਦੇ ਹਿਸਾਬ ਅਤੇ ਵੱਖ ਵੱਖ ਸਰੀਰ ਦੇ ਅੰਗਾਂ ਦੇ ਹਿਸਾਬ ਮੌਸਮਾਂ ਦੇ ਹਿਸਾਬ ਵੱਧ ਘੱਟ ਹੁੰਦਾ ਰਹਿੰਦਾ ਹੈ। ਜਿਵੇਂ ਬੱਚਿਆਂ ਵਿੱਚ ਪਰਸਨਟੇਜ ਦੇ ਹਿਸਾਬ ਵੱਧ ਪਾਣੀ ਹੁੰਦਾ ਹੈ। ਵੱਡਿਆਂ ਵਿੱਚ ਮਸਲ ਹੱਡੀਆਂ ਤੇ ਵੱਖ-ਵੱਖ ਅੰਗਾਂ ਵਿੱਚ ਪਾਣੀ ਦੀ ਮਾਤਰਾ ਵੱਧ ਘੱਟ ਹੁੰਦੀ ਰਹਿੰਦੀ ਹੈ ਇਵੇਂ ਹੀ ਗਰਮੀਆਂ ਦੇ ਮੌਸਮ ਵਿੱਚ ਸਰੀਰ ਵਿੱਚ ਪਾਣੀ ਦੀ ਮਾਤਰਾ ਘਟਦੀ ਹੈ ਤਾਂ ਹੀ ਵਾਰ ਵਾਰ ਸਰੀਰ ਪਾਣੀ ਦੀ ਲੋੜ ਮਹਿਸੂਸ ਕਰਦਾ ਹੈ। ਇਸ ਦੇ ਉਲਟ ਸਰਦੀਆਂ ਵਿੱਚ ਚਮੜੀ ਦੇ ਬਾਹਰੀ ਮੁਸਾਮ ਬੰਦ ਹੋ ਜਾਂਦੇ ਹਨ ਤੇ ਪਾਣੀ ਸਰੀਰ ਵਿਚੋਂ ਘੱਟ ਵਾਸ਼ਪੀਕਰਨ ਹੁੰਦਾ ਹੈ ਘੱਟ ਉੱਡਦਾ ਹੈ ਜਿਸ ਕਰਕੇ ਪਾਣੀ ਦੀ ਲੋੜ ਘੱਟ ਮਹਿਸੂਸ ਹੁੰਦੀ ਹੈ।

ਪਰ ਯਾਦ ਰੱਖਣਯੋਗ ਗੱਲ ਜ਼ਿਆਦਾ ਦੇਰ ਰੁਕੇ ਪਾਣੀ ਜ਼ਿਆਦਾ ਗੰਦਲੇ ਹੋ ਜਾਂਦੇ ਹਨ ਸਿਆਲ ਵਿੱਚ ਅਮਿਉਨਿਟੀ ਇਸੇ ਲਈ ਘਟਦੀ ਹੈ ਤੇ ਸਰੀਰਕ ਅੰਦਰੂਨੀ ਅੰਗਾਂ ਦੀਆਂ ਬਿਮਾਰੀਆਂ ਜ਼ਿਆਦਾ ਹੁੰਦੀਆਂ ਹਨ ਨਿਮੋਨੀਆਂ ਜੋੜਾਂ ਦੇ ਦਰਦ ਬੁਖਾਰ ਵਗੈਰਾ ਅਤੇ ਸਰਦੀਆਂ ਦੇ ਖਤਮ ਹੁੰਦੇ ਹੀ ਬਾਹਰੀ ਚਮੜੀ ਦੀਆਂ ਬਿਮਾਰੀਆਂ ਜ਼ਿਆਦਾ ਹੁੰਦੀਆਂ ਹਨ ਕਿਉਂਕਿ ਸਰਦੀਆਂ ਵਿੱਚ ਸਰੀਰ ਵਿੱਚ ਲੋੜ ਤੋਂ ਵੱਧ ਸਮਾਂ ਰੁਕੇ ਰਹਿ ਗਏ ਜ਼ਹਿਰੀਲੇ ਤੱਤ ਚਮੜੀ ਦੇ ਮੁਸਾਮਾਂ ਦੇ ਖੁੱਲ੍ਹਣ ਨਾਲ ਬਾਹਰ ਨਿਕਲਣ ਲੱਗਦੇ ਹਨ ਤੇ ਉਹਨਾਂ ਦਾ ਜ਼ਹਿਰੀਲਾ ਅਸਰ ਚਮੜੀ ਦੀਆਂ ਬਿਮਾਰੀਆਂ ਜ਼ਿਆਦਾ ਪੈਦਾ ਕਰਦਾ ਹੈ। ਸਰਦੀਆਂ ਵਿੱਚ ਅਗਰ ਚਮੜੀ ਤੇ ਜਿਲਦੀ ਯਾਨੀ ਚਮੜੀ ਦੀਆਂ ਬਿਮਾਰੀਆਂ ਹੁੰਦੀਆਂ ਵੀ ਹਨ ਤਾਂ ਖੁਸਕ ਤਾਸੀਰ ਦੀਆਂ ਹੁੰਦੀਆਂ ਹਨ।

ਬੱਚਿਆਂ ਦੇ ਸਰੀਰ ਵਿੱਚ 75% ਤੱਕ ਪਾਣੀ ਹੁੰਦਾ ਹੈ ਅਤੇ ਮਰਦਾਂ ਨਾਲੋਂ ਔਰਤ ਸਰੀਰ ਵਿਚ ਘੱਟ ਪਾਣੀ ਹੁੰਦਾ ਹੈ। ਜਿਸਦਾ ਸਿੱਧਾ-ਸਿਧਾ ਮਤਲਬ ਇਹ ਹੁੰਦਾ ਹੈ ਕਿ ਔਰਤਾਂ ਵਿੱਚ ਮਰਦਾਂ ਦੀ ਬਨਿਸਬਤ ਸਰੀਰਕ ਭਾਰ ਅਨੁਸਾਰ ਫੈਂਟ ਜ਼ਿਆਦਾ ਮਾਤਰਾ ਹੁੰਦਾ ਹੈ ਇਸੇ ਤਰ੍ਹਾਂ ਮਰਦਾ ਵਿੱਚ ਮਸਲ ਮਾਸ ਜ਼ਿਆਦਾ ਹੋਣ ਕਰਕੇ ਫੈਂਟ ਦੀ ਮਾਤਰਾ ਘੱਟ ਹੁੰਦੀ ਹੈ ਤੇ ਇਸਨੂੰ ਤੁਸੀਂ ਇਕ ਕਿਲੋ ਵਿਚ ਫੈਂਟ ਦੀ ਮਾਤਰਾ ਦੇ ਹਿਸਾਬ ਗਿਣ ਸਕਦੇ ਹੋ।

ਪਰ ਉਮਰ ਦੇ ਹਿਸਾਬ ਅੰਦਾਜ਼ਨ : 12 ਤੋਂ 18 ਸਾਲ ਦੀ ਉਮਰ ਦੇ ਮਰਦਾਂ ਵਿੱਚ ਪਾਣੀ 59% ਤੇ ਇਸੇ ਉਮਰ ਦੀਆਂ ਔਰਤਾਂ ਵਿੱਚ 56% ਹਰੇਕ ਕਿਲੋ ਭਾਰ ਵਿੱਚ 19 ਤੋਂ 50 ਸਾਲ ਯਾਨੀ ਪੂਰੇ ਮਰਦ ਸਰੀਰ ਵਿੱਚ ਪਾਣੀ ਦੀ ਔਸਤ ਮਾਤਰਾ ਵਿੱਚ ਬਹੁਤਾ ਫਰਕ ਨਹੀਂ ਪੈਦਾ ਕਿਉਂਕਿ ਇਸ ਉਮਰ ਵਿੱਚ ਮਰਦਾਂ ਵਿੱਚ ਮਸਲ ਮਾਸ ਹੀ ਵਧਦਾ ਹੈ। ਪਰ ਔਰਤਾਂ ਵਿੱਚ ਇਸ ਉਮਰ ਵਿੱਚ ਚਿਹਰੇ ਤੇ ਛਾਤੀਆਂ ਵਿੱਚ ਜਾਘਾਂ ਵਿੱਚ ਫੈਂਟ ਮਰਦਾਂ ਨਾਲੋਂ ਵੱਧ ਮਾਤਰਾ ਵਿੱਚ ਵੱਧਦਾ ਤੇ ਪਾਣੀ ਦੀ ਮਾਤਰਾ ਘਟਦੀ ਹੈ।

50 ਸਾਲ ਦੀ ਉਮਰ ਤੇ ਉਸ ਤੋਂ ਬਾਅਦ ਦੀ ਉਮਰ ਦੇ ਮਰਦਾ ਵਿੱਚ ਪਾਣੀ ਦੀ ਮਾਤਰਾ ਔਸਤਨ ਹੋਰ ਘੱਟਦੀ ਹੈ ਕਿਉਂਕਿ ਮਸਲ ਮਾਸ ਵੀ ਘਟਦਾ ਹੈ ਤੇ ਫੈਂਟ ਹੋਰ ਘਟਦਾ ਹੈ ਸਖ਼ਤ ਕਿਸਮ ਦੀ ਸਰੀਰ ਦੀ ਬਣਤਰ ਬਣ ਜਾਦੀ ਹੈ ਤੇ ਪਾਣੀ ਦੀ ਔਸਤ 56% ਤੱਕ ਆ ਜਾਂਦੀ ਹੈ।

ਇਸੇ ਤਰ੍ਹਾਂ ਇਸ ਉਮਰ ਦੇ ਗਰੁੱਪ ਵਿੱਚ ਔਰਤਾਂ ਵਿੱਚ ਵੀ ਫੈਂਟ ਮਾਸ ਘਟਣ ਲਗਦਾ ਹੈ ਤੇ ਉਹਨਾਂ ਵਿੱਚ ਇਹ ਪਾਣੀ ਦੀ ਔਸਤ 47 % ਤੱਕ ਸਮਝੀ ਜਾਂਦੀ ਹੈ।

ਯਾਦ ਰਹੇ ਸਰੀਰ ਦੀ ਵੱਡੀ ਛੋਟੀ ਬਣਤਰ ਤੇ ਸਰੀਰ ਵਿੱਚ ਫੈਂਟ ਮਾਸ ਦੀ ਬਣਤਰ ਦੇ ਹਿਸਾਬ ਇਹ ਔਸਤ ਵੱਧ ਘੱਟ ਵੀ ਹੋ ਸਕਦੀ ਹੈ ਇਸੇ ਲਈ ਅਸੀਂ ਔਸਤਨ 75% ਸਰੀਰਕ ਵਜ਼ਨ ਦੇ ਬਰਾਬਰ ਪਾਣੀ ਦਾ ਹੋਣਾ ਮੰਨਦੇ ਹਨ

ਜਦੋਂਕਿ ਇਹੀ ਔਸਤ ਨਵ ਜਨਮੇ ਤੇ ਬਾਰਹ ਸਾਲ ਦੀ ਉਮਰ ਤੋਂ ਪਹਿਲਾ ਭਾਵ ਹੁੰਦੜਹੇਲ ਉਮਰ ਆਉਣ ਤੋਂ ਪਹਿਲਾ ਪਹਿਲਾਂ ਇਹ ਮਾਤਰਾ ਬਹੱਤਰ 72% ਤੋਂ 84% ਤੱਕ ਵੀ ਵੱਧ ਹੋ ਸਕਦੀ ਹੈ ।

ਸਰੀਰ ਦੇ ਅੰਗਇ ਵਿੱਚ ਵੀ ਉਹਨਾਂ ਦੀ ਪਾਣੀ ਸੰਭਾਲਣ ਤੇ ਵਰਤਣ ਦੀ ਲੋੜ ਅਨੁਸਾਰ ਪਾਣੀ ਦੀ ਮਾਤਰਾ ਵੱਖ-ਵੱਖ ਹੈ ਜਿਵੇਂ ਬਰੇਨ ਕਿਡਨੀਆਂ ਦਿਲ ਤੇ ਫੇਫੜੇ 80 ਤੋਂ 85% ਸਾਰੇ ਸਰੀਰ ਦਾ ਪਾਣੀ ਸੰਭਾਲਦੇ ਹਨ ਜਿਗਰ ਯਾਨੀ ਲਿਵਰ ਚਮੜੀ ਤੇ ਮਾਸਪੇਸੀਆ 70 ਤੋਂ 75% ਤੇ ਖ਼ੂਨ ਵਿੱਚ 50% ਹੱਡੀਆਂ ਵਿੱਚ 20% ਤੋਂ 25% ਤੱਕ ਵੀ ਵੱਧ ਹੋ ਸਕਦੀ ਹੈ ।

(ਚੱਲਦਾ)

HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects

Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB -577 STATE OF CA

CAPITAL ACCOUNTING & TAX SERVICES

Kuldip Singh Kang

Sewa Singh Bhinder

HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜ਼ਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

CALIFORNIA DMV LIV. # 40524

ਅਮਰੀਕੀ ਸੰਸਦ 'ਤੇ ਹੋਏ ਹਮਲੇ ਦੇ ਮਾਮਲੇ 'ਚ ਪਰਾਊਡ ਬਵਾਏਜ ਦੇ ਰਾਸ਼ਟਰੀ ਚੇਅਰਮੈਨ ਨੂੰ 22 ਸਾਲ ਦੀ ਕੈਦ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : 6 ਜਨਵਰੀ 2021 ਨੂੰ ਅਮਰੀਕਾ ਦੇ ਸੰਸਦ ਭਵਨ ਉਪਰ ਹੋਏ ਹਮਲੇ ਦੇ ਮਾਮਲੇ ਵਿਚ ਦੇਸ਼ ਧਰੋਹ ਦੀ ਸਾਜਿਸ਼ ਵਿਚ ਸ਼ਾਮਿਲ ਹੋਣ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤੇ ਪਰਾਊਡ ਬਵਾਏਜ ਸੰਗਠਨ ਦੇ ਰਾਸ਼ਟਰੀ ਚੇਅਰਮੈਨ ਐਨਰੀਕ ਟਾਰੀਓ ਨੂੰ ਇਕ ਅਦਾਲਤ ਨੇ 22 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਹ ਹਮਲਾ 2020 ਦੇ ਚੋਣ ਨਤੀਜਿਆਂ ਨੂੰ ਉਲਟਾਉਣ ਦੇ ਮਕਸਦ ਨਾਲ ਕੀਤਾ ਗਿਆ ਸੀ ਤਾਂ ਜੋ ਡੋਨਲਡ ਟਰੰਪ ਰਾਸ਼ਟਰਪਤੀ ਵਜੋਂ ਬਣੇ ਰਹਿਣ। ਮੁਦਈ ਪੱਖ ਨੇ ਮਿਆਮੀ ਵਾਸੀ ਟਾਰੀਓ (39) ਨੂੰ 33 ਸਾਲ ਕੈਦ ਦੀ ਸਜ਼ਾ ਦੇਣ ਦੀ ਮੰਗ ਕੀਤੀ ਸੀ। ਟਾਰੀਓ 6 ਜਨਵਰੀ 2021 ਨੂੰ ਅਮਰੀਕੀ ਸੰਸਦ ਉਪਰ ਹੋਏ ਹਮਲੇ ਵੇਲੇ ਮੌਜੂਦ ਨਹੀਂ ਸੀ ਪਰੰਤੂ ਉਸ ਨੇ ਪਰਾਊਡ ਬਵਾਏਜ ਦੇ ਮੈਂਬਰਾਂ ਨੂੰ ਇਕੱਠੇ ਕੀਤਾ ਜੋ ਪਰਾਊਡ ਬਵਾਏਜ ਉਨਾਂ ਪਹਿਲੇ ਲੋਕਾਂ ਵਿਚ ਸ਼ਾਮਿਲ ਸਨ ਜਿਨਾਂ ਨੇ ਇਤਿਹਾਸਕ ਇਮਾਰਤ ਵਿਚ ਦਾਖਲ ਹੋ ਕੇ ਚੋਣ ਨਤੀਜਿਆਂ ਦੀ ਪੁਸ਼ਟੀ ਕਰਨ ਲਈ ਕਾਂਗਰਸ ਵੱਲੋਂ ਇਲੈਕਟੋਰਲ ਕਾਲਜ ਵੋਟਾਂ ਦੀ ਕੀਤੀ ਜਾ ਰਹੀ ਗਿਣਤੀ ਨੂੰ ਆਰਜੀ

ਪਰਾਊਡ ਬਵਾਏਜ ਸੰਗਠਨ ਦਾ ਰਾਸ਼ਟਰੀ ਚੇਅਰਮੈਨ ਐਨਰੀਕ ਟਾਰੀਓ

ਤੌਰ 'ਤੇ ਰੋਕ ਦਿੱਤਾ ਸੀ। ਟਾਰੀਓ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਉਹ ਉਸ ਦਿਨ ਬਾਲਟੀਮੋਰ ਵਿਚ ਸੀ ਤੇ ਉਸ ਨੇ ਪੁਲਿਸ ਉਪਰ ਹਮਲਾ ਕਰਨ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਲਈ ਸਿੱਧੇ ਤੌਰ 'ਤੇ ਕੋਈ ਨਿਰਦੇਸ਼ ਨਹੀਂ ਦਿੱਤਾ। ਉਸ ਦੇ ਵਕੀਲਾਂ ਨੇ ਟਾਰੀਓ ਨੂੰ 15 ਸਾਲ ਤੋਂ ਘੱਟ ਸਜ਼ਾ ਦੇਣ ਉਪਰ ਜੋਰ ਦਿੱਤਾ ਪਰੰਤੂ ਅਦਾਲਤ ਨੇ ਇਸ ਦਲੀਲ ਵੱਲ ਕੋਈ ਤਵਜੋਂ ਨਹੀਂ ਦਿੱਤੀ।

ਸੁਖਬੀਰ ਬਾਦਲ ਨੇ ਕੁੰਡਾ ਖੜਕਾਇਆ ਐ ?

ਮੋਦੀ ਸਰਕਾਰ ਨੇ 'ਇੱਕ ਦੇਸ਼ ਇੱਕੋ ਵੇਲੇ ਚੋਣ' ਬਾਰੇ ਵਿਚਾਰ ਕਰਨ ਲਈ ਹਾਲੇ ਇੱਕ ਕਮੇਟੀ ਹੀ ਬਣਾਈ ਹੈ। ਉਸ ਕਮੇਟੀ 'ਚੋਂ ਵੀ ਇੱਕ ਕਾਂਗਰਸੀ ਮੈਂਬਰ ਨੇ ਆਪਣਾ ਨਾਂ ਵਾਪਸ ਲੈ ਲਿਆ ਹੈ। ਮਤਲਬ ਕਿ ਕਮੇਟੀ ਦਾ ਸਰੂਪ ਹਾਲੇ ਲਟਕਦਾ ਹੀ ਹੈ! ਨਾ ਉਸ ਕਮੇਟੀ ਨੇ ਕੋਈ ਮੀਟਿੰਗ ਕੀਤੀ ਹੈ ਤੇ ਨਾ ਹੀ ਕਿਸੇ ਕੋਲੋਂ ਸਹਿਮਤੀ ਜਾਂ ਅਸਹਿਮਤੀ ਬਾਰੇ ਕੋਈ ਰਾਇ ਹੀ ਮੰਗੀ ਹੈ ਪਰ ਬਾਦਲ ਦਲ ਦੇ ਮਾਲਕ ਸੁਖਬੀਰ ਬਾਦਲ ਨੇ ਆਪ ਮੁਹਾਰੇ 'ਬਿਨਾਂ ਸ਼ਰਤ ਹਮਾਇਤ' ਦਿੰਦਿਆਂ ਕਹਿ ਦਿੱਤਾ ਕਿ ਅਸੀਂ 'ਇੱਕ ਦੇਸ਼ ਇੱਕ ਇਲੈਕਸ਼ਨ' ਦਾ ਸਮਰਥਨ ਕਰਦੇ ਹਾਂ!

'ਉਂਬਲਦਾ ਉਂਬਲਦਾ ਚੱਟਣ' ਵਰਗੀ ਇਸ ਹੋਛੀ ਹਮਾਇਤ ਪਿੱਛਲੇ ਕਾਰਨਾਂ ਦੀ ਵਿਆਖਿਆ ਵਜੋਂ ਸਾਡੀ ਇੱਕ ਘਰੇਲੂ ਵਾਰਤਾ ਸੁਣ ਲਉ !

ਪੁਰਾਣੀ ਗੱਲ ਹੈ ਜਦ ਸਾਡੇ ਘਰ ਵੀ ਕੱਚੇ ਹੁੰਦੇ ਸੀ ਤੇ ਮੇਰੇ ਤਿੰਨੋਂ ਨਿਆਣੇ ਵੀ ਛੋਟੇ ਛੋਟੇ ਸਨ। ਮੇਰੀ ਪਤਨੀ ਖੀਰ ਬਣਾਉਣ ਲੱਗੀ। ਬੜੇ ਹੀ ਸ਼ਰਾਰਤੀ ਸੁਭਾਅ ਦਾ ਅਤੇ ਮਿੱਠਾ ਖਾਣ ਦਾ ਬੇਹੱਦ ਸ਼ੌਕੀਨ ਸਾਡਾ ਵੱਡਾ ਕਾਕਾ ਕਹੇ ਕਿ ਮੇਰੀ ਕੌਲੀ ਵਿੱਚ ਹੁਣੇ ਈ ਖੀਰ ਪਾਉ। ਜਦ ਉਹ ਜ਼ਿਦ ਕਰਨੋਂ ਹਟਿਆ ਨਾ ਤਾਂ ਮੈਂ ਉਹਨੂੰ ਥੋੜ੍ਹਾ ਘੂਰ ਦਿੱਤਾ।ਲਾਡਲਾ ਹੋਣ ਕਰਕੇ ਉਹ ਝਿੜਕ ਨਾ ਬਰਦਾਸ਼ਤ ਕਰਦਾ ਹੋਇਆ ਦਰਵਾਜੇ ਉਹਲੇ ਲੁਕ ਕੇ ਖੜ੍ਹ ਗਿਆ। ਖੀਰ ਬਣੀ ਤੋਂ ਅਸੀਂ ਆਪਣੇ ਮਾਂ ਬਾਪ ਸਮੇਤ ਛੰਨੋਂ ਥਾਲੀਆਂ ਵਿੱਚ

ਖੀਰ ਪਾ ਕੇ ਹਾਲੇ ਖਾਣ ਹੀ ਲੱਗੇ ਸਾਂ ਕਿ ਦਰਵਾਜੇ ਦਾ ਕੁੰਡਾ ਖੜਕਿਆ! ਨਾਲੇ ਦਰਵਾਜੇ

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਪਿੱਛਿਉਂ ਤੋਤਲੀ ਅਵਾਜ਼ ਆਈ-
'ਓ ਮੈਂ ਐਧਰ ਨੁੱਛਿਉ (ਰੁੱਸਿਆ) ਖਲ੍ਹਾ ਐਂ!'
ਅਸੀਂ ਬੜੇ ਹੱਸੇ ਤੇ ਘਰ ਵਾਲੀ ਉਹਨੂੰ ਰੁੱਸੇ ਹੋਏ ਨੂੰ ਲਾਡ ਲਡਾਉਂਦੀ ਚੁੱਕ ਕੇ ਲੈ ਆਈ ਤੇ ਨਾਲੇ ਉਹਨੂੰ ਵੀ ਬਾਟੀ ਵਿੱਚ ਖੀਰ ਪਾ ਦਿੱਤੀ!!

ਬਾ-ਐਨ੍ਹ ਇਸੇ ਤਰਾਂ ਦੇਸ ਦੇ ਸਿਆਸੀ ਪਿੜ ਵਿੱਚ ਇਸ ਵੇਲੇ 'ਐੱਨ.ਡੀ.ਏ' ਅਤੇ 'ਇੰਡੀਆ' ਨਾਵਾਂ ਵਾਲੇ ਦੋ ਧੜੇ ਬਣ ਗਏ ਹਨ ਚੌਵੀ ਵਿੱਚ 'ਸਿਆਸੀ ਖੀਰ' ਛਕਣ ਵਾਸਤੇ ! 'ਨਾ ਤਿੰਨਾਂ 'ਚੋਂ ਨਾ ਤੇਰ੍ਹਾਂ 'ਚੋਂ' ਵਾਲੇ ਮੁਹਾਵਰੇ ਮੁਤਾਬਕ ਸੁਖਬੀਰ ਦਾ ਬਾਦਲ ਦਲ, ਫਿਲਹਾਲ ਨਾ ਛੱਬੀਆਂ ਵਿੱਚ ਹੈ ਨਾ ਅਠਾਈਆਂ ਵਿੱਚ! ਉਹ ਮਜ਼ਬੂਰੀ ਵੱਸ ਹਾਥੀ ਦੀ ਪੂਛ ਫੜੀ ਬੈਠਾ ਹੈ! ਅਜਿਹੀ ਹਾਲਤ ਵਿੱਚ ਉਸਨੇ ਸਾਡੇ ਰੁੱਸੇ ਹੋਏ ਕਾਕੇ ਵਾਂਗ ਭਾਜਪਾ ਨੂੰ 'ਕੁੰਡਾ ਖੜਕਾ ਕੇ' ਕੇ ਸੁਣਾਇਆ ਹੈ ਕਿ ਮੇਰੇ ਮਾਲਕੋ, ਦਾਸ ਦਾ ਵੀ ਖਿਆਲ ਕਰੋ? ਮੇਰੇ ਖਾਲੀ ਪਏ ਛੰਨੋਂ ਵਿੱਚ ਵੀ ਖੀਰ ਦਾ ਭੋਰਾ ਪੈ ਜਾਣ ਦਾ ਇੰਤਜ਼ਾਮ ਕਰੋ!

ਪੈਨਸਿਲਵਾਨੀਆ ਦੇ ਪੁਲਿਸ ਅਫਸਰ ਵਿਰੁੱਧ ਹੱਤਿਆ ਦੇ ਦੋਸ਼ ਆਇਦ, ਕੀਤਾ ਆਤਮ ਸਮਰਪਣ

ਟਰੈਫਿਕ ਸਟਾਪ 'ਤੇ ਕਾਰ ਡਰਾਈਵਰ ਦੇ ਮਾਰੀਆਂ ਸੀ 6 ਗੋਲੀਆਂ



ਪੁਲਿਸ ਅਫਸਰ ਮਾਰਕ ਡਾਇਲ (ਵਿਚਾਲੇ) ਫਿਲਾਡੈਲਫੀਆ ਦੇ ਪੁਲਿਸ ਥਾਣੇ ਵਿਚ ਆਤਮ ਸਮਰਪਣ ਕਰਨ ਜਾਂਦਾ ਹੋਇਆ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਪੈਨਸਿਲਵਾਨੀਆ ਦੇ ਇਕ ਪੁਲਿਸ ਅਫਸਰ ਜਿਸ ਵੱਲੋਂ ਇਕ ਟਰੈਫਿਕ ਸਟਾਪ 'ਤੇ ਕਾਰ ਸਵਾਰ ਐਡੀ ਲਰੀਜ਼ਰੀ 'ਤੇ ਚਲਾਈਆਂ ਗੋਲੀਆਂ ਨਾਲ ਉਸ ਦੀ ਮੌਤ ਹੋ ਗਈ ਸੀ, ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਘਟਨਾ ਸਬੰਧੀ ਬੌਡੀ ਕੈਮਰਾ ਵੀਡੀਓ ਜਾਰੀ ਕਰਨ ਤੋਂ ਬਾਅਦ ਇਹ ਐਲਾਨ ਫਿਲਾਡੈਲਫੀਆ ਦੇ ਡਿਸਟ੍ਰਿਕਟ ਅਟਾਰਨੀ ਨੇ ਕੀਤਾ। ਜਾਰੀ ਵੀਡੀਓ ਅਨੁਸਾਰ ਪੁਲਿਸ ਅਫਸਰ ਮਾਰਕ ਡਾਇਲ ਨੇ ਲਰੀਜ਼ਰੀ ਉਪਰ ਕਾਰ ਦੇ ਡਰਾਈਵਰ ਵਾਲੇ ਪਾਸੇ ਦੀ ਖਿੜਕੀ ਵਿਚ ਦੀ 6 ਗੋਲੀਆਂ ਚਲਾਈਆਂ। ਇਸ ਉਪਰੰਤ ਲਹੂ ਲੁਹਾਨ ਹੋਏ ਲਰੀਜ਼ਰੀ ਨੂੰ ਕਾਰ ਵਿਚੋਂ ਕੱਢ ਕੇ ਪੁਲਿਸ ਦੀ ਗਸ਼ਤੀ ਗੱਡੀ ਵਿਚ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਡਿਸਟ੍ਰਿਕਟ ਅਟਾਰਨੀ ਲੈਰੀ ਕਰਾਸਨਰ ਨੇ ਕਿਹਾ ਕਿ ਪਿਛਲੀ ਮਹੀਨੇ ਹੋਈ ਇਸ ਘਟਨਾ ਦੀ ਵੀਡੀਓ ਵੇਖਣ ਤੋਂ ਬਾਅਦ ਲਰੀਜ਼ਰੀ ਦੇ ਪਰਿਵਾਰ ਨੇ ਸਮੁੱਚੀ ਵੀਡੀਓ ਜਾਰੀ ਕਰਨ ਦੀ ਮੰਗ ਕੀਤੀ ਹੈ। ਕਰਾਸਨਰ ਨੇ ਕਿਹਾ ਹੈ ਕਿ ਇਹ ਬੌਡੀ ਕੈਮਰਾ ਵੀਡੀਓ ਨੂੰ ਸੰਭਾਵੀ ਤੌਰ 'ਤੇ ਸ਼ੁਰੂਆਤੀ ਸੁਣਵਾਈ ਤੇ ਮੁਕੱਦਮੇ ਦੀ ਸੁਣਵਾਈ ਦੌਰਾਨ ਸਬੂਤ ਵਜੋਂ ਪੇਸ਼ ਕੀਤਾ ਜਾਵੇਗਾ। ਉਨਾਂ ਕਿਹਾ ਕਿ ਇਹ ਵੀਡੀਓ ਇਸ ਮਾਮਲੇ ਵਿਚ ਅਹਿਮ ਸਬੂਤ ਹੈ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਡਾਇਲ ਦੀ ਜ਼ਮਾਨਤ ਲਈ 5 ਲੱਖ ਡਾਲਰ ਦੀ ਰਾਸ਼ੀ ਨਿਸ਼ਚਤ ਹੋਈ ਹੈ। ਉਸ ਨੇ ਜ਼ਮਾਨਤ ਲਈ ਦਰਖਾਸਤ ਦਿੱਤੀ ਹੈ। ਮਾਮਲੇ ਦੀ ਮੁੱਢਲੀ ਸੁਣਵਾਈ ਅਗਲੇ ਮਹੀਨ 26 ਸਤੰਬਰ ਨੂੰ ਹੋਵੇਗੀ। ਇਸ ਦੌਰਾਨ ਬਚਾਅ ਪੱਖ ਦੇ ਵਕੀਲ ਫੌਰਟੂਨਾਟੋ ਪੈਰੀ ਜੂਨੀਅਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਡਾਇਲ ਵਿਰੁੱਧ ਲੱਗੇ ਦੋਸ਼ਾਂ ਨੂੰ ਰੱਦ ਕਰਵਾਉਣ ਲਈ ਪੂਰੀ ਵਾਹ ਲਾਉਣਗੇ। ਵਕੀਲ ਨੇ ਕਿਹਾ ਕਿ ਆਪਣੀ ਜਾਨ ਨੂੰ ਖਤਰੇ ਦੇ ਮੱਦੇਨਜਰ ਡਾਇਲ ਵੱਲੋਂ ਚਲਾਈ ਗੋਲੀ ਨੂੰ ਜਾਇਜ ਠਹਿਰਾਇਆ ਜਾ ਸਕਦਾ ਹੈ।

ਮੈਕਸੀਕੋ ਨਾਲ ਲੱਗਦੀ ਸਰਹੱਦ ਰਸਤੇ ਗੈਰਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ 'ਚ ਦਾਖਲੇ ਨੂੰ ਰੋਕਣ ਲਈ ਦਰਿਆ ਵਿਚ ਲਾਈਆਂ ਰੋਕਾਂ ਹਟਾਉਣ ਦੇ ਆਦੇਸ਼

ਗਵਰਨਰ ਨੇ ਕਿਹਾ ਫੈਸਲੇ ਨੂੰ ਦੇਣਗੇ ਚੁਣੌਤੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) – ਇਕ ਸੰਘੀ ਅਦਾਲਤ ਨੇ ਟੈਕਸਾਸ ਦੇ ਗਵਰਨਰ ਗਰੇਗ ਅਬੋਟ ਤੇ ਟੈਕਸਾਸ ਰਾਜ ਨੂੰ ਆਦੇਸ਼ ਦਿੱਤਾ ਹੈ ਕਿ ਮੈਕਸੀਕੋ ਨਾਲ ਲੱਗਦੀ ਸਰਹੱਦ ਰਾਹੀਂ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਵਿਚ ਦਾਖਲੇ ਨੂੰ ਰੋਕਣ ਲਈ ਰੀਓ ਗਰਾਂਡੇ ਦਰਿਆ ਵਿਚ ਲਾਈਆਂ ਤੈਰਦੀਆਂ ਰੋਕਾਂ ਨੂੰ ਘੱਟੋ ਘੱਟ ਆਰਜੀ ਤੌਰ 'ਤੇ ਹਟਾ ਲਿਆ ਜਾਵੇ। ਇਸ ਨੂੰ ਬਾਈਡਨ ਪ੍ਰਸ਼ਾਸਨ ਦੀ ਜਿੱਤ ਮੰਨਿਆ ਜਾ ਰਿਹਾ ਹੈ। ਸੀਨੀਅਰ ਯੂ ਐਸ ਜੱਜ ਡੇਵਿਡ ਐਲਨ ਈਜ਼ਰਾ ਨੇ ਆਪਣੇ 42 ਸਫਿਆਂ ਦੇ ਆਦੇਸ਼ ਵਿਚ ਕਿਹਾ ਹੈ ਕਿ ਅਮਰੀਕੀ ਨਿਆਂ ਵਿਭਾਗ ਗੁਣਾਂ ਦੋਸ਼ਾਂ ਦੇ ਆਧਾਰ 'ਤੇ ਫੈਸਲਾ ਲੈਣ ਵਿੱਚ ਸਫਲ ਹੋਵੇਗਾ। ਜੱਜ ਨੇ ਇਹ ਫੈਸਲਾ ਦਰਿਆ ਵਿਚ ਲਾਈਆਂ ਰੋਕਾਂ ਦੇ ਮਾਮਲੇ ਵਿੱਚ ਗਵਰਨਰ ਅਬੋਟ ਤੇ ਟੈਕਸਾਸ ਰਾਜ ਖਿਲਾਫ ਜੁਲਾਈ ਵਿਚ ਦਾਇਰ ਕੀਤੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ

ਮੈਕਸੀਕੋ ਦੀ ਸਰਹੱਦ ਨੇੜੇ ਰੀਓ ਗਰਾਂਡੇ ਦਰਿਆ ਵਿਚ ਨਜਰ ਆ ਰਹੀਆਂ ਤੈਰਦੀਆਂ ਰੋਕਾਂ

ਸੁਣਾਇਆ। ਜੱਜ ਨੇ ਕਿਹਾ ਕਿ ਦਰਿਆ ਵਿਚ ਲਾਈਆਂ ਤੈਰਦੀਆਂ ਰੋਕਾਂ ਸਮੁੰਦਰੀ ਕਿਸ਼ਤੀਆਂ ਦੇ ਰਾਹ ਵਿਚ ਰੁਕਾਵਟ ਹਨ ਤੇ ਇਨਾਂ ਰੋਕਾਂ ਨੂੰ ਲਾਉਣ ਲਈ ਅਮਰੀਕੀ ਕਾਂਗਰਸ ਕੋਲੋਂ ਮਨਜੂਰੀ ਲੈਣੀ ਪਵੇਗੀ। ਗਵਰਨਰ ਨੇ ਈਗਲ ਲਾਂਘੇ ਨੇੜੇ ਕੌਮਾਂਤਰੀ ਰੀਓ ਗਰਾਂਡੇ ਦਰਿਆ ਵਿਚ ਇਹ ਰੋਕਾਂ ਲਾਉਣ ਦਾ ਆਦੇਸ਼ ਦਿੱਤਾ ਸੀ ਤਾਂ ਜੋ ਬਿਨਾਂ ਕਾਨੂੰਨੀ ਅਧਿਕਾਰ ਦੇ ਟੈਕਸਾਸ ਵਿਚ ਦਾਖਲ ਹੁੰਦੇ ਪ੍ਰਵਾਸੀਆਂ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਿਆ ਜਾ ਸਕੇ। ਅਦਾਲਤ ਦੇ ਫੈਸਲੇ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਅਬੋਟ ਨੇ ਕਿਹਾ ਹੈ ਕਿ ਉਹ ਇਸ ਵਿਰੁੱਧ ਅਪੀਲ ਦਾਇਰ ਕਰਨਗੇ। ਉਨਾਂ ਕਿਹਾ ਕਿ ਅਦਾਲਤ ਦਾ ਨਿਰਨਾ ਰਾਸ਼ਟਰਪਤੀ ਬਾਈਡਨ ਦੀ ਟੈਕਸਾਸ ਦੁਆਰਾ ਚੁੱਕੇ ਜਾ ਰਹੇ ਦਰੁਸਤ ਕਦਮਾਂ ਨੂੰ ਮਾਨਤਾ ਨਾ ਦੇਣ ਦੀ ਕੋਸ਼ਿਸ਼ ਦੇ ਹੱਕ ਵਿਚ ਭੁਗਤੇਗਾ। ਇਹ ਫੈਸਲਾ ਸਹੀ ਨਹੀਂ ਹੈ ਤੇ ਇਸ ਨੂੰ ਰੱਦ ਕਰਵਾਉਣ ਲਈ ਉਹ ਅਪੀਲ ਦਾਇਰ ਕਰਨਗੇ।

ਅਮਰੀਕਾ ਦੇ ਮਿਨੇਸੋਟਾ ਰਾਜ ਵਿਚ ਗੈਰ ਕਾਨੂੰਨੀ ਪ੍ਰਵਾਸੀ ਡਰਾਈਵਿੰਗ ਲਾਇਸੰਸ ਬਣਾਉਣ ਲਈ ਅਗਲੇ ਮਹੀਨੇ ਤੋਂ ਦੇ ਸਕਣਗੇ ਦਰਖਾਸਤਾਂ

ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਰਹਿਣ ਸਬੰਧੀ ਸਬੂਤ ਦੇਣ ਦੀ ਨਹੀਂ ਪਵੇਗੀ ਲੋੜ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਮਿਨੇਸੋਟਾ ਰਾਜ ਵਿਚ ਬਿਨਾਂ ਦਸਤਾਵੇਜਾਂ ਦੇ ਰਹਿ ਰਹੇ ਤਕਰੀਬਨ 81000 ਪ੍ਰਵਾਸੀ ਅਗਲੇ ਮਹੀਨੇ ਤੋਂ ਡਰਾਈਵਿੰਗ ਲਾਇਸੰਸ ਬਣਾਉਣ ਲਈ ਦਰਖਾਸਤਾਂ ਦੇ ਸਕਣਗੇ। ਇਹ ਐਲਾਨ ਸਟੇਟ ਡਿਪਾਰਟਮੈਂਟ ਪਬਲਿਕ ਸੇਫਟੀ ਨੇ ਕੀਤਾ ਹੈ। ਇਕ ਜਾਰੀ ਪ੍ਰੈਸ ਬਿਆਨ ਵਿਚ ਜਨਤਿਕ ਸੁਰੱਖਿਆ ਵਿਭਾਗ ਨੇ ਕਿਹਾ ਹੈ ਕਿ 'ਮਿਨੇਸੋਟਾ ਡਰਾਈਵਰ'ਜ਼ ਲਾਇਸੰਸ ਫਾਰ ਆਲ ਪ੍ਰੋਗਰਾਮ' ਦੀ ਸ਼ੁਰੂਆਤ 1 ਅਕਤੂਬਰ ਤੋਂ ਹੋਵੇਗੀ। ਜਾਰੀ ਬਿਆਨ ਵਿਚ 'ਮਿਨੇਸੋਟਾ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਡਰਾਈਵਰ ਐਂਡ ਵੀਹਿਕਲ ਸਰਵਿਸਜ' ਦੇ ਡਾਇਰੈਕਟਰ

ਪੌਂਗ ਸੀਆਂਗ ਨੇ ਕਿਹਾ ਹੈ ਕਿ ਅਸੀਂ ਅਮਰੀਕਾ ਵਿਚ ਬਿਨਾਂ ਕਾਨੂੰਨੀ ਦਸਤਾਵੇਜਾਂ ਦੇ ਰਹਿ ਰਹੇ ਪ੍ਰਵਾਸੀਆਂ ਸਮੇਤ ਰਾਜ ਦੇ ਹੋਰ ਵਾਸੀਆਂ ਕੋਲੋਂ ਡਰਾਈਵਰ ਲਾਇਸੰਸ ਬਣਾਉਣ ਲਈ ਦਰਖਾਸਤਾਂ ਲੈਣੀਆਂ ਸ਼ੁਰੂ ਕਰ ਰਹੇ ਹਾਂ। ਜਾਰੀ ਬਿਆਨ ਵਿਚ ਕਿਹਾ ਹੈ ਕਿ ਡਰਾਈਵਿੰਗ ਲਾਇਸੰਸ ਲਈ ਦਰਖਾਸਤ ਦੇਣ ਵਾਸਤੇ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿਣ ਸਬੰਧੀ ਕੋਈ ਸਬੂਤ ਦੇਣ ਦੀ ਲੋੜ ਨਹੀਂ ਹੋਵੇਗੀ। ਸਿਆਂਗ ਨੇ ਕਿਹਾ ਹੈ ਕਿ ਉਹ ਸਮਝਦੇ ਹਨ ਕਿ ਕਿਸੇ ਕੋਲ ਡਰਾਈਵਿੰਗ ਲਾਇਸੰਸ ਹੋਣ ਦੀ ਕਿੰਨੀ ਅਹਿਮੀਅਤ ਹੈ। ਡਰਾਈਵਿੰਗ ਲਾਇਸੰਸ ਨਾਲ ਕੋਈ ਵਿਅਕਤੀ ਰੁਜ਼ਗਾਰ 'ਤੇ ਲੱਗ ਸਕਦਾ ਹੈ ਤੇ ਉਹ ਹਰ ਖੇਤਰ ਵਿਚ ਆਜਾਦੀ ਨਾਲ ਵਿਚਰ ਸਕਦਾ ਹੈ। ਜਾਰੀ ਬਿਆਨ ਅਨੁਸਾਰ ਮਿੰਨੇਸੋਟਾ ਦੇ ਗਵਰਨਰ ਟਿਮ ਵਾਲਜ਼ ਨੇ ਇਕ ਬਿੱਲ ਉਪਰ ਇਸ ਸਾਲ ਮਾਰਚ ਵਿਚ ਦਸਤਖਤ ਕਰ ਦਿੱਤੇ ਸਨ ਜਿਸ ਤਹਿਤ ਸਾਰਿਆਂ ਲਈ ਡਰਾਈਵਿੰਗ ਲਾਇਸੰਸ ਦਾ ਰਾਹ ਖੋਲ ਦਿੱਤਾ ਗਿਆ ਹੈ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੌਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ

ਕੈਪਟਨ ਅਮਰਜੀਤ ਸਿੰਘ ਕਾਲੇਕਾ

ਸਾਡਾ ਦਾਦਕਾ ਪਿਛੋਕੜ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਾਡਾ ਪਰਿਵਾਰ

ਮੇਰੇ ਪਿਤਾ ਜੀ ਬਹੁਤ ਇਮਾਨਦਾਰ, ਮਿਹਨਤੀ ਅਤੇ ਹੋਣਹਾਰ ਵਿਅਕਤੀ ਸਨ। ਉਹ ਬਹੁਤ ਹੀ ਕਾਮਯਾਬ ਅਫ਼ਸਰ ਸਿੱਧ ਹੋਏ। ਮੇਰੇ ਪਿਤਾ ਜੀ ਦਾ ਪਹਿਲਾ ਵਿਆਹ 1924 ਵਿਚ ਅਤੇ ਦੂਜਾ ਵਿਆਹ 1927 ਵਿਚ ਹੋਇਆ। ਦੋਵੇਂ ਪਤਨੀਆਂ ਡਲਿਵਰੀ ਸਮੇਂ ਹੀ ਮਰ ਗਈਆਂ। ਮੇਰੀ ਮਾਤਾ ਸਰਦਾਰਨੀ ਜਗੀਰ ਕੌਰ ਨਾਲ 1931 ਵਿਚ ਵਿਆਹ ਹੋਇਆ। ਜਿਸ ਵਿਚੋਂ ਅਸੀਂ 9 ਭੈਣ ਭਰਾ ਹੋਏ।

1. ਪਰਮਿੰਦਰ ਸਿੰਘ 1933 (ਪੁੱਤਰ)
2. ਰੁਪਿੰਦਰ ਕੌਰ 1935 (ਪੁੱਤਰੀ)
3. ਰਾਜਿੰਦਰ ਕੌਰ 1937 (ਪੁੱਤਰੀ)
4. ਜਸਵਿੰਦਰ ਕੌਰ 1939 (ਪੁੱਤਰੀ)
5. ਅਮਰਜੀਤ ਸਿੰਘ 1943 (ਪੁੱਤਰ)
6. ਜਗਜੀਤ ਸਿੰਘ 1944 (ਪੁੱਤਰ)
7. ਸਤਵੰਤ ਸਿੰਘ 1947 (ਪੁੱਤਰ)
8. ਗੁਰਵੰਤ ਸਿੰਘ 1950 (ਪੁੱਤਰ)
9. ਹਰਿੰਦਰ ਕੌਰ 1952 (ਪੁੱਤਰੀ)

ਪਹਿਲੇ ਦੋਵੇਂ ਵੱਡੇ ਬੱਚਿਆਂ ਦਾ ਵਿਆਹ 1949-50 ਵਿਚ ਹੋ ਗਿਆ। 1949 ਵਿਚ ਪਿਤਾ ਜੀ ਰਿਟਾਇਰ ਹੋ ਗਏ। 1950 ਤੋਂ 1953 ਦੌਰਾਨ ਸਾਡੇ ਪਿੰਡ ਦੇ ਇਲਾਕੇ ਵਿਚ ਇਕ ਲਹਿਰ ਚਲੀ ਸੀ ਜਿਸ ਦਾ ਨਾਂ ਲਾਲ ਪਾਰਟੀ ਸੀ। ਲਾਲ ਪਾਰਟੀ, ਕਮਿਊਨਿਸਟ ਪਾਰਟੀ ਵਰਗੀ ਸੀ ਜੋ ਮੁਜਾਹਰਿਆਂ ਨੂੰ ਸਰਦਾਰਾਂ ਦੀ ਜ਼ਮੀਨਾਂ ਤੇ ਕਬਜ਼ਾ ਕਰਵਾਉਂਦੀ ਸੀ। ਇਹ ਉਸ ਜ਼ਮੀਨ ਦੀ ਗੱਲ ਹੈ ਜੋ ਮੁਜਾਹਰੇ ਵਾਹ ਰਹੇ ਸੀ। ਕਈ ਸਰਦਾਰਾਂ ਕੋਲ ਇੰਨੀ ਜ਼ਮੀਨ ਸੀ ਕਿ ਉਹ ਬਲਦਾਂ ਨਾਲ ਖੇਤੀ ਨਹੀਂ ਕਰ ਸਕਦੇ ਸੀ। ਉਹ ਆਪਣੀਆਂ ਜ਼ਮੀਨਾਂ ਠੇਕੇ ਜਾਂ ਹਿੱਸੇ ਤੇ ਹੋਰ ਲੋਕਾਂ ਨੂੰ ਦੇ ਦਿੰਦੇ ਸੀ। ਜੋ ਲੋਕ ਜ਼ਮੀਨਾਂ ਵਾਂਹਦੇ ਸਨ, ਉਹ ਮੁਜ਼ਾਹਰੇ ਕਹਾਉਂਦੇ ਸੀ। ਮੁਜ਼ਾਹਰੇ ਦੋ ਕਿਸਮ ਦੇ ਹੁੰਦੇ ਸੀ। ਪਹਿਲੇ ਮਾਰੂਸੀ ਮੁਜਾਹਰੇ ਅਤੇ ਦੂਜੇ ਗ਼ੈਰ ਮਾਰੂਸੀ ਮੁਜ਼ਾਹਰੇ। ਮਾਰੂਸੀ ਮੁਜ਼ਾਹਰੇ ਉਹ ਸਨ ਜੋ ਤਿੰਨ ਪੁਸ਼ਤਾਂ ਜਾਂ ਤਿੰਨ ਪੁਸ਼ਤਾਂ ਤੋਂ ਵੱਧ ਖੇਤੀ ਕਰਦਾ ਹੋਵੇ ਤਾਂ ਜ਼ਮੀਨ ਆਪਣੇ ਆਪ ਹੀ ਮੁਜ਼ਾਹਰੇ ਦੇ ਨਾਂ ਹੋ ਜਾਂਦੀ ਸੀ। ਗ਼ੈਰ ਮਾਰੂਸੀ ਮੁਜ਼ਾਹਰੇ ਉਹ ਸਨ ਜੋ ਜ਼ਮੀਨ ਤਾਂ ਵਾਹ ਰਹੇ ਸੀ ਪਰ ਉਹ ਹਾਲੇ ਮਾਰੂਸੀ ਨਹੀਂ ਸੀ ਬਣੇ। ਲਾਲ ਪਾਰਟੀ ਜਿਸ ਦੇ ਨੇਤਾ ਸ. ਤੇਜਾ ਸਿੰਘ ਸੁਤੰਤਰ ਸਨ, ਪਿੰਡ ਪਿੰਡ ਜਾ ਕੇ ਮੁਜ਼ਾਹਰਿਆਂ ਤੋਂ ਜ਼ਮੀਨਾਂ ਤੇ ਕਬਜ਼ਾ ਕਰਵਾਉਂਦੇ ਸਨ। ਅਸੀਂ ਪਟਿਆਲੇ ਰਹਿੰਦੇ ਸੀ, ਸਾਡੀ ਜ਼ਮੀਨ ਵੀ ਇਕ ਪਰਿਵਾਰ ਵਾਹ ਰਿਹਾ ਸੀ। ਕਿਰਪਾ ਰਾਮ ਨਾਮ ਦਾ ਇੱਕ ਵਿਅਕਤੀ ਆਪਣੇ ਪਰਿਵਾਰ ਸਮੇਤ ਭਵਾਨੀਗੜ੍ਹ ਤੋਂ 1900 ਈ. ਵਿਚ ਦੁਗਾਲ ਆਇਆ ਸੀ।। ਕਿਰਪਾ ਰਾਮ ਦਾ ਲੜਕਾ ਜਗਤਾ ਰਾਮ ਅਤੇ ਉਸ ਦੇ ਬੱਚੇ ਨਾਨਕੂ ਸਿੰਘ ਆਦਿ ਸਾਡੀ ਜ਼ਮੀਨ ਵਾਹੁੰਦੇ ਸਨ। ਮੁਜ਼ਾਹਰਿਆਂ ਦੇ ਲੀਡਰ ਤੇਜਾ ਸਿੰਘ ਸੁਤੰਤਰ ਨੇ ਸਾਡੇ ਖੇਤ ਵਿਚ ਆ ਕੇ ਜਗਤਾ ਰਾਮ ਅਤੇ ਉਸ ਦੇ ਲੜਕੇ ਨਾਨਕੂ ਨੂੰ ਸਾਡੀ ਜ਼ਮੀਨ ਤੇ ਕਬਜ਼ਾ ਕਰਨ ਲਈ ਕਿਹਾ। ਜਗਤਾ ਰਾਮ ਨੇ ਇਮਾਨਦਾਰੀ ਕਰਕੇ ਕਬਜ਼ਾ ਕਰਨ ਤੋਂ ਨਾ ਕਰ ਦਿੱਤੀ। ਇੰਨੇ ਵਿਚ ਜਗਤਾ ਰਾਮ ਪਟਿਆਲੇ ਆ ਗਿਆ ਅਤੇ ਸਾਡੇ ਪਿਤਾ ਜੀ ਨੂੰ ਕਹਿਣ ਲੱਗਾ ਕਿ ਪਿੰਡ ਚਲੋ ਅਤੇ ਆਪਣੀ ਜ਼ਮੀਨ ਸੰਭਾਲੋ। ਹਾਲਾਤ ਬਹੁਤ ਵਿਗੜ ਰਹੇ ਹਨ। ਉਧਰ ਪਿਤਾ ਜੀ ਦੀ ਪੈਨਸ਼ਨ ਸਤੰਬਰ 1949 ਵਿਚ ਹੋ ਚੁੱਕੀ ਸੀ। ਪਿਤਾ ਜੀ ਨੇ ਸਾਰੇ ਪਰਿਵਾਰ ਸਮੇਤ ਪਿੰਡ ਜਾਣ ਦਾ ਪ੍ਰੋਗਰਾਮ ਬਣਾ ਲਿਆ। ਇੰਨੇ ਵਿਚ ਸਾਡੇ ਪਿੰਡ ਦੁਗਾਲ ਵਿਚ ਅੱਠਵੀਂ ਦਾ ਸਕੂਲ ਮਨਜ਼ੂਰ ਹੋ ਗਿਆ। ਜੁਲਾਈ 1953 ਵਿਚ ਪਿਤਾ ਸੱਤ ਬੱਚਿਆਂ ਸਮੇਤ ਪਿੰਡ ਜਾ ਕੇ ਰਹਿਣ ਲੱਗੇ। ਉਸ ਵੇਲੇ ਸਤਵੰਤ ਸਿਰਫ 6 ਸਾਲ ਦਾ ਸੀ। ਪਿੰਡ ਜਾਣ ਤੋਂ ਪਹਿਲਾਂ ਉਹ ਸਾਡੇ ਤੋਪਖਾਨੇ ਵਾਲੇ ਮਕਾਨ ਦੇ ਨਜ਼ਦੀਕ ਗੁਰਦੁਆਰਾ ਪ੍ਰੇਮੀ ਜੱਥਾ ਵਿਚ ਪੜ੍ਹਦਾ ਸੀ। ਦੋ ਭੈਣ ਭਰਾ ਸਤਵੰਤ ਤੋਂ ਵੀ ਛੋਟੇ ਸਨ ਜੋ ਅਜੇ ਸਕੂਲ ਜਾਣ ਯੋਗ ਵੀ ਨਹੀਂ ਸਨ। ਚਾਰ ਭੈਣ ਭਰਾ ਸਤਵੰਤ ਨਾਲੋਂ ਵੱਡੇ ਸਨ, ਜੋ ਦੁਗਾਲ ਸਕੂਲ ਵਿਚ ਦਾਖ਼ਲ ਹੋ ਗਏ। ਵੱਡੀ ਭੈਣ ਰਾਜਿੰਦਰ, ਉਸ ਤੋਂ ਛੋਟੀ ਜਸਵਿੰਦਰ ਅਤੇ ਮੈਂ ਅੱਠਵੀਂ ਜਮਾਤ ਵਿਚ ਦਾਖ਼ਲ ਹੋ ਗਏ। ਸਾਡਾ ਛੋਟਾ ਭਰਾ ਜਗਜੀਤ (ਡਾਕਟਰ) ਪੰਜਵੀਂ ਵਿਚ ਦਾਖ਼ਲ ਹੋ ਗਿਆ। ਸਤਵੰਤ ਪਹਿਲੀ ਕਲਾਸ ਵਿਚ ਦਾਖ਼ਲ ਹੋ ਗਿਆ। ਸਾਡੇ ਕੋਲ ਪਿੰਡ ਵਿਚ 200 ਬਿੱਘੇ ਜ਼ਮੀਨ ਸੀ। ਅਸੀਂ ਪਿੰਡ ਦੇ ਦੂਜੇ ਜਿੰਮੀਦਾਰਾਂ ਨਾਲੋਂ ਕੁਝ ਵੱਖਰੇ ਸੀ।ਸਾਡੀ ਤਿੰਨ ਪੁਸ਼ਤਾਂ ਅਫ਼ਸਰ ਰਹਿ ਚੁੱਕੀਆ ਸਨ ਅਤੇ ਸ਼ਹਿਰ ਵਿਚ ਰਹਿਣ ਕਰਕੇ ਸਾਡੀ ਗੱਲਬਾਤ ਅਤੇ ਰਹਿਣੀ-ਬਹਿਣੀ ਆਮ ਜ਼ਿੰਮੀਦਾਰ ਸਰਦਾਰਾਂ ਨਾਲੋਂ ਵੱਖਰੀ ਸੀ। ਆਮ ਲੋਕ ਜਗਤੇ ਨੂੰ ਜਗਤਾ ਚਮਿਆਰ ਕਹਿੰਦੇ ਸੀ। ਸਾਡੇ ਪਿਤਾ ਜੀ ਕਹਿੰਦੇ, ਜਿਸ ਦੇ ਪਰਿਵਾਰ ਨੇ ਤੁਹਾਡੀ ਜ਼ਮੀਨ 60 ਸਾਲ ਸੰਭਾਲੀ ਹੈ ਅਤੇ ਮੇਰੇ ਤੋਂ ਉਮਰ ਵਿਚ ਵੀ ਵੱਡਾ ਹੈ, ਇਸ ਨੂੰ ਤਾਇਆ ਜੀ ਕਹਿਣਾ ਹੈ। ਇਸੇ ਤਰ੍ਹਾਂ ਜਗਤਾ ਰਾਮ ਦੀ ਘਰਵਾਲੀ ਪ੍ਰਸਿੰਨ ਕੌਰ ਨੂੰ ਲੋਕ ਬਾਂਗਰੋ ਕਹਿੰਦੇ ਸਨ ਕਿਉਂਕਿ ਉਹ ਬਾਂਗਰ ਇਲਾਕੇ ਤੋਂ ਆਈ ਸੀ। ਸਾਨੂੰ ਇਹੀ ਆਦੇਸ਼ ਸੀ ਕਿ ਅਸੀਂ ਉਨ੍ਹਾਂ ਨੂੰ ਤਾਈ ਜੀ ਕਹਿਣਾ ਹੈ ਅਤੇ ਮੱਥਾ ਟੇਕਣਾ ਹੈ।



(ਚਲਦਾ)



ਸ. ਗੁਰਚਰਨਜੀਤ ਸਿੰਘ ਲਾਂਬਾ

ਸ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਇਤਿਹਾਸ ਦੇ ਝਰੋਖੇ ਵਿਚੋਂ

ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪਰ ਹੁਣ ਮੌਜੂਦਾ ਛਪੀ ਹੋਈ ਅਤੇ ਵੰਡੀ ਜਾ ਰਹੀ ਸਿੱਖ ਰਹਿਤ ਮਰਯਾਦਾ ਵਿਚ 'ਦਸਾਂ ਗੁਰੂ ਸਾਹਿਬਾਨ' ਦੀ ਬਜਾਇ 'ਦਸ ਗੁਰੂ ਸਾਹਿਬਾਨ' ਛਪਿਆ ਹੋਇਆ ਹੈ। ਇਸ ਮਾਤਰਾ ਦੀ ਗ਼ਲਤੀ ਨਾਲ ਇਸ ਦੇ ਅਰਥਾਂ ਵਿਚ ਕਾਫ਼ੀ ਫ਼ਰਕ ਪੈ ਸਕਦਾ ਹੈ।

ਜੇਕਰ ਧਿਆਨ ਨਾਲ ਨਾ ਵੇਖਿਆ ਜਾਏ ਤਾਂ ਆਮ ਤੌਰ 'ਤੇ ਇਹ ਤਬਦੀਲੀ ਅੱਖੋਂ ਪਰੋਖੇ ਵੀ ਹੋ ਜਾਂਦੀ ਹੈ। ਪਰ ਵਿਚਾਰ ਕੀਤਿਆਂ ਸਮਝਿਆ ਜਾ ਸਕਦਾ ਹੈ ਕਿ ਲਫ਼ਜ਼ ਦਸਾਂ ਅਤੇ ਦਸ ਦੇ ਅਰਥ ਅਤੇ ਵਿਆਖਿਆ ਵਿਚ ਬਹੁਤ ਅੰਤਰ ਹੈ। ਦਸ ਦਾ ਅਰਥ mere ten ਜਾਂ ਮਾਤਰ ਦਸ ਹੁੰਦਾ ਹੈ ਪਰ ਦਸਾਂ ਦਾ ਅਰਥ ਹੈ all ten ਜਾਂ ਸਾਰੇ ਦੇ ਸਾਰੇ ਦਸ। ਇਸ ਨਾਲ ਦਸਾਂ ਹੀ ਗੁਰੂ ਸਾਹਿਬਾਨ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਾ ਸਪਸ਼ਟਤਾ ਨਾਲ ਬੋਧ ਹੁੰਦਾ ਹੈ। ਇਸ ਲਈ ਗਿਆਰਵੇਂ, ਬਾਰਵੇਂ ਜਾਂ ਵੱਧ ਘੱਟ ਦਾ ਭੁਲੇਖਾ ਨਹੀਂ ਰਹਿ ਜਾਂਦਾ ਅਤੇ ਨਾ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਇਲਾਵਾ ਕਿਸੇ ਹੋਰ ਦੇ ਗੁਰੂ ਹੋਣ ਬਾਰੇ ਕੋਈ ਭੁਲੇਖਾ ਰਹਿੰਦਾ ਹੈ। ਸਿੱਖ ਲਈ ਦਸ ਗੁਰੂ ਸਾਹਿਬਾਨ ਦਸ ਪਾਤਸ਼ਾਹੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਸਚਿਤ ਹਨ ਅਤੇ ਗੁਰਿਆਈ ਦਾ ਇਹ ਰੁਤਬਾ ਕੇਵਲ ਅੰਕਤ ਦਸਾਂ ਗੁਰੂ ਸਾਹਿਬ ਨੂੰ ਹੀ ਪ੍ਰਾਪਤ ਹੈ। ਹੋਰ ਕਿਸੇ ਲਈ ਇਹ ਨਹੀਂ ਹੈ। ਸੋ ਜੇਕਰ ਦਸਾਂ ਦੀ ਬਜਾਇ ਹੁਣ ਦਸ ਲਿਖਿਆ ਜਾ ਰਿਹਾ ਹੈ ਤਾਂ ਇਹ ਅਣਅਧਿਕਾਰਤ ਹੈ ਅਤੇ ਕੇਵਲ ਛਾਪੇ ਦੀ ਜਾਂ ਪਰੂਫ਼ ਰੀਡਿੰਗ ਦੀ ਗ਼ਲਤੀ ਕਹੀ ਜਾ ਸਕਦਾ ਹੈ। ਇਸ ਦੀ ਦਰੁਸਤਗੀ ਦੀ ਲੋੜ ਹੈ।

ਇਸ ਮੱਦ ਵਿਚ ਗੁਰਦੇਵ ਪਿਤਾ ਦਾ ਨਾਮ ਸਪਸ਼ਟ ਤੌਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਅੰਕਤ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਤ ਦੇਵ ਜੀ, ਗੁਰੂ ਅਰਜਨ ਦੇਵ ਜੀ ਦੇ ਨਾਲ ਨਾਲ ਗੁਰੂ ਅਮਰਦਾਸ ਦਾਸ ਜੀ, ਗੁਰੂ ਰਾਮ ਦਾਸ ਜੀ ਨਾਮ ਗੁਰਬਾਣੀ ਅਤੇ ਗੁਰ ਇਤਿਹਾਸ ਵਲੋਂ ਦਰਸਾਏ ਗਏ ਹਨ। ਰਵਿਦਾਸ ਧਿਆਏ ਪ੍ਰਭ ਅਨੂਪ॥ ਗੁਰ ਨਾਨਕ ਦੇਵ ਗੋਬਿੰਦ ਰੂਪ॥ (ਮ. 5 1192), ਸਤਿਗੁਰ ਨਾਲਕ ਦੇਵ ਪਾਰਬ੍ਰਹਮ ਪੂਰਨ ਬ੍ਰਹਮ॥ (ਕਬਿੱਤ 3) ਅਤੇ ਜਪਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥ (ਸਵਈਏ ਮ. 5 1409) ਇਹ ਵੇਖਣ ਵਿਚ ਆ ਰਿਹਾ ਹੈ ਕਿ ਕੁਝ ਜ਼ਿਆਦਾ ਹੀ ਉਤਸ਼ਾਹੀ ਵਿਅਕਤੀ 'ਦੇਵ' ਅਤੇ 'ਦਾਸ' ਆਦਿ ਲਫ਼ਜ਼ਾਂ ਨੂੰ ਹਿੰਦੂਵਾਦੀ ਦੱਸ ਕੇ ਇਸ ਬਾਰੇ ਭਰਮ ਭੁਲੇਖਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜੋ ਕਿ ਨਿੰਦਣਯੋਗ ਹੈ।

ਸ੍ਰੀ ਗੁਰੂ ਗੁਰੂ ਗ੍ਰੰਥ ਸਾਹਿਬ

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਵੇਂ ਪੁਸਤਕ, ਗ੍ਰੰਥ ਜਾਂ ਕਿਤਾਬ ਦੇ ਰੂਪ ਵਿਚ ਹਨ ਪਰ ਇਹ ਕੇਵਲ ਇਹੀ ਗ੍ਰੰਥ ਹੈ ਜੋ ਦਸਾਂ ਪਾਤਸ਼ਾਹੀਆਂ ਦੀ ਜੋਤ ਹੈ। ਇਕ ਗ੍ਰੰਥ ਕਿਸੇ ਦੀ 'ਜੋਤ' ਕਿਵੇਂ ਹੋ ਸਕਦਾ ਹੈ, ਇਹ ਗੁਰਮਤਿ ਦਾ ਰਹੱਸਵਾਦ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸੰਸਾਰ ਤੋਂ ਗਮਨ ਕਰਨ ਤੋਂ ਪਹਿਲਾਂ ਆਪਣੀ ਜੋਤਿ ਅਤੇ ਜੁਗਤਿ ਨੂੰ ਦੋ ਹਿੱਸਿਆਂ ਵਿਚ ਵੰਡਿਆ। ਸਰੀਰਕ ਜੁਗਤਿ ਖ਼ਾਲਸੇ ਵਿਚ ਅਤੇ ਆਤਮਕ ਜੋਤਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਥਾਪਤ ਕੀਤੀ।

ਦਸ ਗੁਰੂ ਸਾਹਿਬ ਦੀ ਬਾਣੀ ਤੇ ਸਿੱਖਿਆ



ਸਿੱਖ ਦੀ ਪਰਿਭਾਸ਼ਾ ਜਾਂ ਤਾਰੀਫ਼ ਦੀ ਇਸ ਮੱਦ ਵਿਚ ਦੂਸਰਾ ਵਾਕ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ 'ਦਸ' ਗੁਰੂ ਸਾਹਿਬਾਨ ਦੀ ਬਾਣੀ। ਇਸ ਨਾਲ ਇਹ ਸਪਸ਼ਟ ਹੈ ਕਿ ਬਾਣੀ ਦਾ ਸ੍ਰੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵੀ ਹੈ। ਇਸ ਦੇ ਨਾਲ ਹੀ ਕੇਵਲ ਬਾਣੀ ਹੀ ਨਹੀਂ ਬਲਕਿ ਗੁਰੂ ਸਾਹਿਬਾਨ ਦੀ ਸਿੱਖਿਆ ਜੋ ਕਿ ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਵਿਚ ਅੰਕਤ ਹਨ ਉਨ੍ਹਾਂ 'ਤੇ ਵੀ ਨਿਸਚਾ ਲਾਜ਼ਮੀ ਹੈ। ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਹੈ

ਸਿੱਖ ਰਹਿਤ ਮਰਯਾਦਾ ਵਿਚ ਪਰਿਭਾਸ਼ਤ ਹੈ ਕਿ ਉਹ ਦਸਮੇਸ਼ ਜੀ ਦੇ ਅੰਮ੍ਰਿਤ 'ਤੇ ਨਿਸ਼ਚਾ ਰੱਖੇ। ਇਸ ਵਾਕ ਤੋਂ ਹਰ ਸਿੱਖ ਲਈ ਜੀਵਨ ਕਾਲ ਵਿਚ ਅੰਮ੍ਰਿਤਪਾਨ ਕਰਨਾ ਲਾਜ਼ਮੀ ਹੈ। ਇਸ ਅਨੁਸਾਰ ਜੋ ਪ੍ਰਾਣੀ, ਜਥੇ, ਧੜੇ ਸਿੱਖ ਅਖਵਾਉਣ ਦੇ ਬਾਵਜੂਦ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ 'ਤੇ ਨਿਸ਼ਚਾ ਨਹੀਂ ਰੱਖਦੇ ਜਾਂ ਅੰਮ੍ਰਿਤ ਦੇ ਵਿਰੁੱਧ ਪ੍ਰਚਾਰ ਕਰਦੇ ਹਨ ਉਹ ਤਾਂ ਸਿੱਖ ਅਖਵਾਉਣ ਦੇ ਹੱਕਦਾਰ ਹੀ ਨਹੀਂ ਹਨ।

ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ

ਹੋਰ ਸ਼ਰਤਾਂ ਦੇ ਨਾਲ ਨਾਲ ਇਕ ਬੁਨਿਆਦੀ ਸ਼ਰਤ ਇਹ ਵੀ ਹੈ ਕਿ ਸਿੱਖ ਅਖਵਾਉਣ ਵਾਲਾ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ ਹੋਵੇ। ਸਿੱਖ ਲਈ ਹਰ ਧਰਮ ਦਾ ਸਤਿਕਾਰ ਕਰਨਾ ਲਾਜ਼ਮੀ ਹੈ। ਗੁਰੂ ਸਾਹਿਬਾਨ ਨੇ ਤਾਂ ਦੂਜੇ ਧਰਮ ਦੀ ਖ਼ਾਤਰ ਸ਼ਹਾਦਤ ਤੱਕ ਦੇਣ ਦੀ ਪਿਰਤ ਪਾਈ ਹੈ। ਪਰ ਸਿੱਖ ਕੇਵਲ ਗੁਰੂ ਦਾ ਹੀ ਹੋ ਸਕਦਾ ਹੈ। ਇਹ ਇਸ ਲਈ ਵੀ ਜ਼ਰੂਰੀ ਹੈ ਕਿ ਕਈ ਦੂਜੇ ਧਰਮਾਂ ਨੂੰ ਮੰਨਣ ਵਾਲੇ ਵਿਅਕਤੀ ਉਸ ਧਰਮ ਦੇ ਨਾਲ ਨਾਲ ਆਪਣੇ ਆਪ ਨੂੰ ਸਿੱਖ ਵੀ ਅਖਵਾਉਣਾ ਚਾਹੁੰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਵੀ ਭਾਈ ਮੰਝ ਨੂੰ ਇਹੋ ਸੁਨੇਹਾ ਦਿੱਤਾ ਸੀ ਕਿ ਸਿੱਖੀ 'ਤੇ ਸਿੱਖੀ ਨਹੀਂ ਟਿਕਦੀ।

ਇਹ ਸ਼ਰਤ ਆਪਣੇ ਆਪ ਵਿਚ ਹੀ ਬਹੁਤ ਮਹੱਤਤਾ ਰੱਖਦੀ ਹੈ। ਸਿੱਖ ਗੁਰਦੁਆਰਾ ਐਕਟ, 1925 ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ, 1971 ਦੋਹਾਂ ਵਿਚ ਸਿੱਖ ਦੀ ਪਰਿਭਾਸ਼ਾ ਦਿੰਦਿਆਂ ਲਿਖਿਆ ਕਿ ਉਹ ਕਿਸੇ ਹੋਰ ਧਰਮ ਨੂੰ ਨਾ ਮੰਨਦਾ ਹੋਵੇ।

(ਚਲਦਾ)

ਪੱਤਰਕਾਰ ਨੀਟਾ ਮਾਛੀਕੇ ਲਈ ਡਾ. ਸਿਮਰਜੀਤ ਧਾਲੀਵਾਲ ਨੇ ਜਨਮ ਦਿਨ 'ਤੇ ਹੈਰਾਨੀਜਨਕ ਮਹਿਫ਼ਲ ਦਾ ਦਿੱਤਾ ਤੋਹਫਾ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ): ਪੰਜਾਬੀ ਸੱਭਿਆਚਾਰ ਅੰਦਰ ਰਿਸ਼ਤਿਆਂ ਦੀ ਮਹੱਤਤਾ ਅਤੇ ਪਿਆਰ ਨੂੰ ਬਹੁਤ ਅਹਿਮੀਅਤ ਅਤੇ ਸਤਿਕਾਰ ਦਿੱਤਾ ਜਾਂਦਾ ਹੈ। ਇਨ੍ਹਾਂ ਹੀ ਰਿਸ਼ਤਿਆਂ ਦੀ ਬੁਨਿਆਦ ਆਤਮ-ਸਮਰਪਣ ਅਤੇ ਇਕ-ਦੂਜੇ ਪ੍ਰਤੀ ਇਮਾਨਦਾਰੀ ਨਾਲ ਹੋਰ ਮਜ਼ਬੂਤ ਬਣਦੀ ਹੈ। ਅਜਿਹੇ ਹੀ ਸੰਸਕਾਰਾਂ ਦੀ ਡੋਰ ਵਿੱਚ ਮਾਸਟਰ ਦਲਬਾਰਾ ਸਿੰਘ ਧਾਲੀਵਾਲ ਨੇ ਆਪਣੇ ਦੋ ਪੁੱਤਰਾਂ ਡਾ. ਸਿਮਰਜੀਤ ਸਿੰਘ ਧਾਲੀਵਾਲ ਅਤੇ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਨੂੰ ਬੰਨ ਕੇ ਰੱਖਿਆ ਹੈ। ਜੋ ਹਰ ਸਮੇਂ ਆਪਸੀ ਮੇਲ-ਮਿਲਾਪ ਅਤੇ ਸਮਾਜਿਕ ਕਾਰਜਾਂ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਹਨ। ਵਿਦੇਸ਼ਾਂ ਵਿੱਚ ਰਹਿੰਦਿਆਂ ਕੰਮਾਂ-ਕਾਰਾਂ ਦੀਆਂ ਜ਼ੁੰਮੇਵਾਰੀਆਂ ਨਾਲ ਕਈ ਵਾਰ ਇਨਸਾਨ ਆਪਣੇ ਕਾਰਜ ਵੀ ਭੁੱਲ ਜਾਂਦਾ ਹੈ। ਪਰ ਅਜਿਹੇ ਕਾਰਜਾਂ ਨੂੰ ਫਿਰ ਆਪਣੇ ਹੀ ਮਾਣ ਬਖਸ਼ ਸਤਿਕਾਰ ਦੇ ਪਾਤਰ ਬਣਦੇ ਹਨ। ਬੀਤੇ ਦਿਨੀਂ ਅਜਿਹਾ ਹੀ ਮਾਣ ਵਧਾਉਂਦੇ ਹੋਏ ਡਾ. ਸਿਮਰਜੀਤ ਸਿੰਘ ਧਾਲੀਵਾਲ ਨੇ ਆਪਣੇ ਛੋਟੇ ਭਰਾ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਲਈ ਸਰਪਰਾਈਜ਼ (ਹੈਰਾਨ) ਕਰਦੇ ਹੋਏ ਪਾਰਟੀਨੁਮਾ ਪਰਿਵਾਰਕ ਮਹਿਫ਼ਲ ਆਪਣੇ ਗ੍ਰਹਿ ਵਿਖੇ ਰੱਖੀ। ਜਿਸ ਵਿੱਚ ਉਸ ਦੇ ਕੁਝ ਖ਼ਾਸ ਦੋਸ਼ਤਾ ਨੂੰ ਹੀ ਬੁਲਾਇਆ ਗਿਆ ਸੀ। ਉਸ ਸਮੇਂ ਜਦ ਮਹਿਫ਼ਲ ਵਿੱਚ ਅਚਾਨਕ ਪੱਤਰਕਾਰ ਨੀਟਾ ਮਾਛੀਕੇ ਨੂੰ ਬੁਲਾਇਆ ਗਿਆ ਤਾਂ ਉਹ ਆਪਣੇ ਭਰਾ ਦਾ ਪਿਆਰ ਅਤੇ ਯਾਰਾਂ ਦੀ ਯਾਰੀ ਦੇਖ ਬਹੁਤ ਭਾਵੁਕ ਅਤੇ ਖੁਸ਼ ਹੋਇਆ। ਉਸ ਸਮੇਂ ਉਨ੍ਹਾਂ ਦੀ ਪਤਨੀ ਹਰਜਿੰਦਰ ਧਾਲੀਵਾਲ 'ਹੈਪੀ' ਵੀ ਨਾਲ ਸੀ। ਜਦ ਕਿ ਉਨ੍ਹਾਂ ਦੇ ਪਿਤਾ ਸ. ਦਲਬਾਰਾ ਸਿੰਘ ਨੂੰ ਪਹਿਲਾਂ ਬੁਲਾ ਲਿਆ ਗਿਆ ਸੀ। ਫਿਰ ਕੇਕ ਕੱਟਣ ਦੀ ਰਸ਼ਮ ਕਰਦੇ ਹੋਏ, ਅਚਨਚੇਤ ਸੱਦੇ 'ਤੇ ਪਹੁੰਚਣ ਲਈ ਸਮੂੰਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਇਸ ਬਾਅਦ ਸ਼ੁਰੂ ਹੋਈ ਮਹਿਫ਼ਲ ਵਿੱਚ ਪਹਿਲਾ ਕੁਝ ਬੁਲਾਰਿਆਂ ਨੇ ਨੀਟਾ ਮਾਛੀਕੇ ਦੀ ਪਰਿਵਾਰਕ ਅਤੇ ਸਮਾਜਿਕ ਸਾਂਝ ਬਾਰੇ ਵਿਚਾਰਾਂ ਦੀ ਸਾਂਝ ਪਾਈ। ਜਿੰਨ੍ਹਾਂ ਵਿੱਚ ਸਭ ਤੋਂਪਹਿਲਾਂ ਮਹਿਫ਼ਲ ਦੇ ਪ੍ਰਬੰਧਕ ਅਤੇ ਵੱਡੇ ਭਰਾ ਡਾ. ਸਿਮਰਜੀਤ ਸਿੰਘ ਧਾਲੀਵਾਲ ਨੇ ਬੋਲਦਿਆਂ ਕਿਹਾ ਕਿ ਅਜਿਹੀਆਂ ਮਹਿਫਲਾਂ ਤੰਦਰੁਸ਼ਤ ਅਤੇ ਖੁਸ਼ਹਾਲ ਜ਼ਿੰਦਗੀ ਲਈ ਬਹੁਤ ਜ਼ਰੂਰੀ ਹਨ। ਜਦ ਕਿ ਬਾਕੀ ਬੁਲਾਰਿਆਂ ਵਿੱਚ ਗੁਰਬਖਸ਼ੀਸ਼ ਸਿੰਘ ਗਰੇਵਾਲ, ਪੱਤਰਕਾਰ ਕੁਲਵੰਤ ਉੱਭੀ ਧਾਲੀਆਂ, ਰਣਜੀਤ ਗਿੱਲ ਜੱਗਾ ਸੁਧਾਰ ਆਦਿਕ ਨੇ ਹਾਜ਼ਰੀ ਭਰੀ। ਉਸ

ਕੇਕ ਕੱਟਣ ਸਮੇਂ ਖੱਬੇ ਤੋਂ ਪਿਤਾ, ਭਰਾ, ਨੀਟਾ, ਭਰਜਾਈ ਅਤੇ ਪਤਨੀ।

ਸਮੇਂ ਨੀਟਾ ਮਾਛੀਕੇ ਦੇ ਪਿਤਾ ਸ. ਮਾਸਟਰ ਦਲਬਾਰਾ ਸਿੰਘ ਧਾਲੀਵਾਲ ਨੇ ਸਭਨਾਂ ਦਾ ਪਿਆਰ ਦੇਖ ਨੀਟੇ ਦੀ ਜ਼ਿੰਦਗੀ ਦੀਆਂ ਘਟਨਾਵਾਂ ਦੀ ਸਾਂਝ ਪਾਉਂਦੇ ਹੋਏ ਸਭ ਦਾ ਧੰਨਵਾਦ ਕੀਤਾ।

ਰਸਮੀਆਉਂਦੀ-ਭਗਤ ਕਰਨ ਅਤੇ ਆਪਸੀ ਵਿਚਾਰਾਂ ਦੀ ਸਾਂਝ ਉਪਰੰਤ ਲੱਗੀ ਯਾਰਾਂ ਦੀ ਮਹਿਫ਼ਲ। ਜਿਸ ਵਿੱਚ ਬੁਲੰਦ ਆਵਾਜ਼ ਅਤੇ ਪਰਿਵਾਰਕ ਗਾਇਕੀ ਦੇ ਸਿਰਤਾਜ ਗਾਇਕ ਧਰਮਵੀਰ ਥਾਂਦੀ ਨੇ ਆਪਣੇ ਗੀਤਾਂ ਰਾਹੀ ਬੰਨੇ ਰੰਗ। ਇਸ ਤੋਂ ਇਲਾਵਾ ਮਹਿਫਲ ਦਾ ਸਿੰਗਾਰ ਬਣੇ ਗਾਇਕਾ ਵਿੱਚ ਬਹਾਦਰ ਸਿੱਧੂ, ਪੱਪੀ ਭਦੌੜ, ਕਮਲਜੀਤ ਬੈਨੀਪਾਲ, ਗੋਗੀ ਸੰਧੂ ਅਤੇ ਵਾਈਫ, ਕੰਵਰਪਾਲ ਗਿੱਲ, ਅਵਤਾਰ ਗ

Balsani Welders & Builders

We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences



ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।

ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION





ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

ਸਾਡੇ ਲੋਕ

S. Iqbal Singh

433 W Scotts Ave Stockton, CA 95203

844-573-3824 | 510 862 2332

PH: (925) 487-7117

ਏਸ਼ੀਆ ਕੱਪ: ਭਾਰਤ ਨੇ ਪਾਕਿਸਤਾਨ ਨੂੰ 228 ਦੌੜਾਂ ਨਾਲ ਹਰਾਇਆ

ਵਿਰਾਟ ਕੋਹਲੀ ਤੇ ਕੇਐਲ ਰਾਹੁਲ ਦੇ ਨਾਬਾਦ ਸੈਂਕੜੇ; ਦੌੜਾਂ ਦੇ ਲਿਹਾਜ਼ ਨਾਲ ਸਭ ਤੋਂ ਵੱਡੀ ਜਿੱਤ

ਕੋਲੰਬੋ : ਵਿਰਾਟ ਕੋਹਲੀ ਤੇ ਲੋਕੇਸ਼ ਰਾਹੁਲ ਦੇ ਨਾਬਾਦ ਸੈਂਕੜਿਆਂ ਤੇ ਦੋਵਾਂ ਵਿਚਾਲੇ ਅਟੁੱਟ ਭਾਈਵਾਲੀ ਤੋਂ ਬਾਅਦ ਕੁਲਦੀਪ ਯਾਦਵ ਦੀ ਫਿਰਕੀ ਦੇ ਜਾਦੂ ਨਾਲ ਭਾਰਤ ਨੇ ਮੀਂਹ ਤੋਂ ਪ੍ਰਭਾਵਿਤ ਏਸ਼ੀਆ ਕੱਪ ਦੇ ਸੁਪਰ ਚਾਰ ਮੈਚ ਵਿਚ ਇੱਥੇ ਪਾਕਿਸਤਾਨ ਨੂੰ 228 ਦੌੜਾਂ ਨਾਲ ਹਰਾ ਦਿੱਤਾ। ਪਾਕਿਸਤਾਨ ਖ਼ਿਲਾਫ ਦੌੜਾਂ ਦੇ ਲਿਹਾਜ਼ ਨਾਲ ਇਹ ਭਾਰਤ ਦੀ ਸਭ ਤੋਂ ਵੱਡੀ ਜਿੱਤ ਹੈ। ਭਾਰਤ ਦੇ 357 ਦੌੜਾਂ ਦੇ ਵੱਡੇ ਟੀਚੇ ਦਾ ਪਿੱਛਾ ਕਰਦਿਆਂ ਪਾਕਿਸਤਾਨ ਦੀ ਟੀਮ ਸਪਿੰਨਰ ਕੁਲਦੀਪ (25 ਦੌੜਾਂ ਉਤੇ ਪੰਜ ਵਿਕਟ) ਦੀ ਗੇਂਦਬਾਜ਼ੀ ਅੱਗੇ 32 ਓਵਰਾਂ ਵਿਚ 128 ਦੌੜਾਂ ਉਤੇ ਢੇਰ ਹੋ ਗਈ। ਕੋਹਲੀ ਨੇ ਨਾਬਾਦ 122 ਤੇ ਰਾਹੁਲ ਨੇ 111 ਦੌੜਾਂ ਬਣਾਈਆਂ। ਕੋਹਲੀ ਦਾ ਇੱਥੋਂ ਦੇ ਸਟੇਡੀਅਮ ਵਿਚ ਇਹ ਲਗਾਤਾਰ ਚੌਥਾ ਸੈਂਕੜਾ ਹੈ।

ਸਭ ਤੋਂ ਘੱਟ ਪਾਰੀਆਂ 'ਚ 13 ਹਜ਼ਾਰ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਬਣਿਆ ਕੋਹਲੀ

ਭਾਰਤੀ ਬੱਲੇਬਾਜ਼ ਵਿਰਾਟ ਕੋਹਲੀ ਇੱਕ ਰੋਜ਼ਾ ਕੌਮਾਂਤਰੀ ਕ੍ਰਿਕਟ ਵਿੱਚ ਸਭ ਤੋਂ ਘੱਟ ਪਾਰੀਆਂ ਵਿੱਚ 13 ਹਜ਼ਾਰ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਬਣ ਗਿਆ ਹੈ। ਉਸ ਨੇ ਇੱਥੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਖੇਡੇ ਗਏ ਏਸ਼ੀਆ ਕੱਪ ਦੇ ਸੁਪਰ-4 ਮੁਕਾਬਲੇ ਵਿੱਚ ਆਪਣੇ ਆਦਰਸ਼ ਖਿਡਾਰੀ ਸਚਿਨ ਤੇਂਦੁਲਕਰ ਦਾ 19 ਸਾਲ ਪਰਾਣਾ ਰਿਕਾਰਡ ਤੋੜਿਆ। ਸਚਿਨ ਨੇ 321 ਪਾਰੀਆਂ ਵਿੱਚ ਇਹ ਪ੍ਰਾਪਤੀ ਹਾਸਲ ਕੀਤੀ ਸੀ ਜਦਕਿ ਕੋਹਲੀ 278 ਪਾਰੀਆਂ ਵਿੱਚ ਇਸ ਮੁਕਾਮ 'ਤੇ ਪਹੁੰਚ ਗਿਆ। ਸਭ ਤੋਂ ਘੱਟ ਪਾਰੀਆਂ ਵਿੱਚ 8 ਹਜ਼ਾਰ, 9 ਹਜ਼ਾਰ, 10 ਹਜ਼ਾਰ, 11 ਹਜ਼ਾਰ ਅਤੇ 12 ਹਜ਼ਾਰ ਦੌੜਾਂ ਬਣਾਉਣ ਦਾ ਰਿਕਾਰਡ ਵੀ ਕੋਹਲੀ ਦੇ ਨਾਮ ਹੀ ਹੈ। ਉਹ ਇੱਕ ਰੋਜ਼ਾ ਮੈਚਾਂ ਵਿੱਚ 13 ਹਜ਼ਾਰ ਦੌੜਾਂ ਬਣਾਉਣ ਵਾਲਾ ਦੁਨੀਆ ਦਾ ਪੰਜਵਾਂ ਅਤੇ ਭਾਰਤ ਦਾ ਦੂਜਾ ਬੱਲੇਬਾਜ਼ ਹੈ।

ਏਸ਼ੀਆ ਕੱਪ ਕ੍ਰਿਕਟ ਸੁਪਰ-4: ਸ੍ਰੀਲੰਕਾ ਨੂੰ 41 ਦੌੜਾਂ ਨਾਲ ਹਰਾ ਕੇ ਭਾਰਤੀ ਟੀਮ ਫਾਈਨਲ 'ਚ

ਕੋਲੰਬੋ : ਭਾਰਤ ਨੇ ਏਸ਼ੀਆ ਕੱਪ ਦੇ ਇਕ ਰੋਜ਼ਾ ਕ੍ਰਿਕਟ ਟੂਰਨਾਮੈਂਟ ਵਿੱਚ ਅੱਜ ਇਥੇ ਸ੍ਰੀਲੰਕਾ ਨੂੰ 41 ਦੌੜਾਂ ਨਾਲ ਮਾਤ ਦੇ ਕੇ ਲਗਾਤਾਰ ਦੂਜੀ ਜਿੱਤ ਦਰਜ ਕੀਤੀ ਹੈ ਤੇ ਟੀਮ ਇੰਡੀਆ ਇਸ ਟੂਰਨਾਮੈਂਟ ਦੇ ਫਾਈਨਲ ਵਿੱਚ ਪਹੁੰਚ ਗਈ ਹੈ। ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 213 ਦੌੜਾਂ ਬਣਾਈਆਂ ਤੇ ਸ੍ਰੀਲੰਕਾ ਦੀ ਪਾਰੀ ਨੂੰ 41.3 ਓਵਰਾਂ ਵਿੱਚ 172 ਦੌੜਾਂ 'ਤੇ ਸਮੇਟ ਦਿੱਤਾ। ਭਾਰਤ ਲਈ ਕੁਲਦੀਪ ਯਾਦਵ ਨੇ 43 ਦੌੜਾਂ ਦੇ ਕੇ ਚਾਰ ਖਿਡਾਰੀ ਆਊਟ ਕੀਤੇ। ਭਾਰਤ ਤੇ ਸ੍ਰੀਲੰਕਾ ਵਿਚਾਲੇ ਇਥੇ ਖੇਡੇ ਜਾ ਰਹੇ ਏਸ਼ੀਆ ਕੱਪ ਦੇ ਮੈਚ ਦੌਰਾਨ ਮੀਂਹ ਕਾਰਨ ਰੁਕਾਵਟ ਆਈ। ਮੀਂਹ ਰੁਕਣ ਮਗਰੋਂ ਜਦੋਂ ਮੈਚ ਮੁੜ ਸ਼ੁਰੂ ਹੋਇਆ ਤਾਂ ਭਾਰਤੀ ਟੀਮ 49.1 ਓਵਰਾਂ ਵਿੱਚ 213 ਦੌੜਾਂ 'ਤੇ ਆਊਟ ਹੋ ਗਈ। ਖੇਡ ਰੋਕੇ ਜਾਣ ਵੇਲੇ ਭਾਰਤੀ ਟੀਮ ਨੇ 47 ਓਵਰਾਂ ਵਿੱਚ 9 ਵਿਕਟਾਂ ਦੇ ਨੁਕਸਾਨ 'ਤੇ 197 ਦੌੜਾਂ ਬਣਾ ਲਈਆਂ ਸਨ। ਭਾਰਤੀ ਟੀਮ ਲਈ ਕਪਤਾਨ ਰੋਹਿਤ ਸ਼ਰਮਾ ਨੇ 53, ਲੋਕੇਸ਼ ਰਾਹੁਲ ਨੇ 39 ਤੇ ਇਸ਼ਾਨ ਕਿਸ਼ਨ ਨੇ 33 ਦੌੜਾਂ ਬਣਾਈਆਂ ਹਨ। ਮੈਚ ਰੋਕੇ ਜਾਣ ਵੇਲੇ ਅਕਸ਼ਰ ਪਟੇਲ 15 ਤੇ ਮੁਹੰਮਦ ਸਿਰਾਜ ਦੋ ਦੋ ਦੌੜਾਂ ਬਣਾ ਕੇ ਕਰੀਜ਼ 'ਤੇ ਸਨ। ਭਾਰਤੀ ਕਪਤਾਨ ਰੋਹਿਤ ਸ਼ਰਮਾ ਨੇ ਇੱਥੇ

ਸ੍ਰੀਲੰਕਾ ਖ਼ਿਲਾਫ਼ ਏਸ਼ੀਆ ਕੱਪ ਇਕ ਦਿਨਾਂ ਟੂਰਨਾਮੈਂਟ ਦੇ ਸੁਪਰ ਫੋਰ ਮੈਚ ਵਿਚ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਭਾਰਤ ਨੇ ਸ਼ਾਰਦੁਲ ਠਾਕੁਰ ਦੀ ਥਾਂ ਅਕਸ਼ਰ ਪਟੇਲ ਨੂੰ ਪਲੇਇੰਗ ਇਲੈਵਨ ਵਿੱਚ ਸ਼ਾਮਲ ਕਰਕੇ ਪਾਕਿਸਤਾਨ ਖ਼ਿਲਾਫ਼ ਜਿੱਤਣ ਵਾਲੀ ਟੀਮ ਵਿੱਚ ਇੱਕ ਬਦਲਾਅ ਕੀਤਾ ਹੈ। ਲੰਕਾ ਨੇ ਆਪਣੀ ਟੀਮ 'ਚ ਕੋਈ ਬਦਲਾਅ ਨਹੀਂ ਕੀਤਾ ਹੈ।

ਭਾਜਪਾ ਜੋ ਕਰ ਰਹੀ ਉਸ ਵਿੱਚ ਹਿੰਦੂ ਹੋਣ ਜਿਹਾ ਕੁਝ ਵੀ ਨਹੀਂ: ਰਾਹੁਲ

ਲੰਡਨ : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਪੈਰਿਸ ਵਿੱਚ ਵਿਦਿਆਰਥੀਆਂ ਤੇ ਅਕਾਦਮੀਸ਼ੀਅਨਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਨੂੰ ਨਿਸ਼ਾਨੇ 'ਤੇ ਲਿਆ ਅਤੇ ਕਿਹਾ ਕਿ ਭਾਰਤ ਦੀ ਹਾਕਮ ਧਿਰ ਕਿਸੇ ਵੀ ਕੀਮਤ 'ਤੇ ਸੱਤਾ ਹਾਸਲ ਕਰਨਾ ਚਾਹੁੰਦੀ ਹੈ ਅਤੇ ਉਹ (ਭਾਜਪਾ) ਜੋ ਕਰ ਰਹੀ ਹੈ, ਉਸ ਵਿੱਚ ਹਿੰਦੂ ਹੋਣ ਜਿਹਾ ਕੁਝ ਨਹੀਂ ਹੈ।

ਪੈਰਿਸ ਵਿੱਚ ਸਾਇੰਸ ਪੋ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨਾਲ ਗੱਲਬਾਤ ਦੌਰਾਨ ਰਾਹੁਲ ਗਾਂਧੀ ਨੇ ਆਪਣੀ ਭਾਰਤ ਜੋੜੋ ਯਾਤਰਾ, ਭਾਰਤ ਦੇ ਜਮਹੂਰੀ ਢਾਂਚੇ ਦੀ ਰਾਖੀ ਲਈ ਵਿਰੋਧੀ ਪਾਰਟੀਆਂ ਵੱਲੋਂ ਬਣਾਏ ਗਏ ਗੱਠਜੋੜ, ਬਦਲ ਰਹੇ ਆਲਮੀ ਪ੍ਰਬੰਧ ਸਮੇਤ ਹੋਰ ਬਹੁਤ ਸਾਰੇ ਮਸਲਿਆਂ ਬਾਰੇ ਵਿਚਾਰ ਚਰਚਾ ਕੀਤੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਵਿਰੋਧੀ ਧਿਰ 'ਭਾਰਤ ਦੀ ਰੂਹ' ਦੀ ਰਾਖੀ ਲਈ ਲੜਨ ਨੂੰ ਤਿਆਰ ਹੈ ਤੇ ਕਿਹਾ ਕਿ ਦੇਸ਼ ਜਲਦੀ ਹੀ ਮੌਜੂਦਾ ਸੰਕਟ ਤੋਂ ਉੱਭਰ ਜਾਵੇਗਾ। ਹਿੰਦੂ ਰਾਸ਼ਟਰਵਾਦ ਬਾਰੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਰਾਹੁਲ ਨੇ ਕਿਹਾ, 'ਮੈਂ ਗੀਤਾ ਪੜ੍ਹੀ ਹੈ, ਮੈਂ ਕਈ ਉਪਨਿਸ਼ਦ ਪੜ੍ਹੇ ਹਨ। ਮੈਂ ਹਿੰਦੂ ਧਰਮ ਬਾਰੇ ਕਈ ਕਿਤਾਬਾਂ ਪੜ੍ਹੀਆਂ ਹਨ ਪਰ ਜੋ ਭਾਜਪਾ ਕਰ ਰਹੀ ਹੈ, ਉਸ ਵਿੱਚ ਹਿੰਦੂ ਜਿਹਾ ਕੁਝ ਵੀ ਨਹੀਂ ਹੈ।' ਉਨ੍ਹਾਂ ਕਿਹਾ, 'ਮੈਂ ਕਿਤੇ ਵੀ, ਕਿਸੇ ਹਿੰਦੂ ਕਿਤਾਬ 'ਚ, ਕਿਸੇ ਵਿਦਵਾਨ ਹਿੰਦੂ ਵਿਅਕਤੀ ਤੋਂ ਇਹ ਪੜਿਆ/ਸੁਣਿਆ ਨਹੀਂ ਕਿ ਤੁਹਾਨੂੰ ਆਪਣੇ ਤੋਂ ਕਮਜ਼ੋਰ ਲੋਕਾਂ ਨੂੰ ਡਰਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣਾ ਚਾਹੀਦਾ ਹੈ। ਇਹ ਲਈ ਇਹ ਵਿਚਾਰ, ਇਹ ਸ਼ਬਦ, ਹਿੰਦੂ ਰਾਸ਼ਟਰਵਾਦੀ, ਇਹ ਗਲਤ ਸ਼ਬਦ ਹਨ। ਉਹ ਹਿੰਦੂ ਰਾਸ਼ਟਰਵਾਦੀ ਨਹੀਂ ਹਨ। ਉਨ੍ਹਾਂ ਦਾ ਹਿੰਦੂ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਹ ਕਿਸੇ ਵੀ ਕੀਮਤ 'ਤੇ ਸੱਤਾ ਹਾਸਲ ਕਰਨਾ ਚਾਹੁੰਦੇ ਹਨ ਅਤੇ ਉਹ ਇਸ ਲਈ ਕੁਝ ਵੀ ਕਰਨਗੇ। ਉਹ ਕੁਝ ਲੋਕਾਂ ਦੀ ਮਾਲਕੀ ਚਾਹੁੰਦੇ ਹਨ ਅਤੇ ਉਨ੍ਹਾਂ ਵਿੱਚ ਹਿੰਦੂ ਜਿਹਾ ਕੁਝ ਵੀ ਨਹੀਂ ਹੈ।' ਕਾਂਗਰਸ ਆਗੂ ਨੇ ਕਿਹਾ ਕਿ ਭਾਰਤ ਦੇ 60 ਫੀਸਦ ਲੋਕਾਂ ਨੇ ਵਿਰੋਧੀ ਪਾਰਟੀਆਂ ਨੂੰ ਵੋਟ ਦਿੱਤੀ ਹੈ ਜਦਕਿ ਸਿਰਫ਼ 40 ਫੀਸਦ ਲੋਕਾਂ ਨੇ ਹਾਕਮ ਧਿਰ ਨੂੰ ਵੋਟ ਪਾਈ ਹੈ। ਉਨ੍ਹਾਂ ਕਿਹਾ, 'ਇਸ ਲਈ ਇਹ ਕਹਿਣਾ ਹੈ ਕਿ ਬਹੁ ਗਿਣਤੀ ਲੋਕਾਂ ਨੇ ਭਾਜਪਾ ਨੂੰ ਵੋਟ ਪਾਈ ਹੈ, ਗਲਤ ਵਿਚਾਰ ਹੈ। ਬਹੁ ਗਿਣਤੀ ਲੋਕਾਂ ਨੇ ਅਸਲ 'ਚ ਸਾਨੂੰ ਵੋਟਾਂ ਪਾਈਆਂ ਹਨ।' ਭਾਰਤ-ਇੰਡੀਆ ਵਿਵਾਦ ਬਾਰੇ ਰਾਹੁਲ ਨੇ ਕਿਹਾ ਕਿ ਸੰਵਿਧਾਨ ਵਿੱਚ ਕਿਹਾ ਗਿਆ ਹੈ, 'ਇੰਡੀਆ ਜੋ ਕਿ ਭਾਰਤ ਹੈ, ਰਾਜਾਂ ਦਾ ਇੱਕ ਸੰਘ ਹੈ।' ਉਨ੍ਹਾਂ ਕਿਹਾ, 'ਇਸ ਲਈ ਇਹ ਸਾਰੇ ਰਾਜ ਮਿਲ ਕੇ ਭਾਰਤ ਜਾਂ ਇੰਡੀਆ ਬਣਾਉਂਦੇ ਹਨ। ਸਭ ਤੋਂ ਅਹਿਮ ਗੱਲ ਹੈ ਕਿ ਇਨ੍ਹਾਂ ਸਾਰੇ ਰਾਜਾਂ ਦੇ ਲੋਕਾਂ ਦੀ ਗੱਲ ਸਪੱਸ਼ਟਤਾ ਨਾਲ ਸੁਣੀ ਜਾਣੀ ਚਾਹੀਦੀ ਹੈ ਅਤੇ ਕਿਸੇ ਦੀ ਆਵਾਜ਼ ਦਬਾਈ ਨਹੀਂ ਜਾਣੀ ਚਾਹੀਦੀ।

ਮੋਰੱਕੋ 'ਚ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ 2700 ਤੋਂ ਟੱਪੀ

ਭਾਰਤ ਸਮੇਤ ਹੋਰ ਦੇਸ਼ਾਂ ਵੱਲੋਂ ਮੋਰੱਕੋ ਨੂੰ ਮਦਦ ਦੀ ਪੇਸ਼ਕਸ਼

ਮਰਾਕੇਸ਼ (ਮੋਰੱਕੋ) : ਮੋਰੱਕੋ ਵਿੱਚ ਬੀਤੀ ਦੇਰ ਰਾਤ ਆਏ ਜ਼ਬਰਦਸਤ ਭੂਚਾਲ ਕਾਰਨ 2700 ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ 2500 ਦੇ ਕਰੀਬ ਹੋਰ ਜ਼ਖ਼ਮੀ ਹੋ ਗਏ। ਇਸ ਦੌਰਾਨ ਇਤਿਹਾਸਕ ਸ਼ਹਿਰ ਮਰਾਕੇਸ਼ ਤੋਂ ਲੈ ਕੇ ਐਟਲਸ ਪਹਾੜਾਂ 'ਤੇ ਸਥਿਤ ਪਿੰਡਾਂ ਤੱਕ ਕਈ ਇਮਾਰਤਾਂ ਨੁਕਸਾਨੀਆਂ ਗਈਆਂ। ਅਧਿਕਾਰੀ ਨੇ ਦੱਸਿਆ ਕਿ ਰਾਹਤ ਕਾਰਜ ਜਾਰੀ ਹਨ। ਰਾਹਤ ਕਰਮਚਾਰੀ ਦੂਰ-ਦੁਰਾਡੇ ਦੇ ਇਲਾਕਿਆਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਕਰਕੇ ਮਰਨ ਵਾਲਿਆਂ ਦੀ ਗਿਣਤੀ ਹੋਰ ਵਧਣ ਦੀ ਸੰਭਾਵਨਾ ਹੈ। ਅਮਰੀਕੀ ਭੂ-ਵਿਗਿਆਨ ਸਰਵੇਖਣ (ਯੂਐੱਸਜੀਐੱਸ) ਨੇ ਦੱਸਿਆ ਕਿ ਭੂਚਾਲ ਰਾਤ 11:11 ਵਜੇ ਆਇਆ, ਜਿਸ ਦੀ ਸ਼ੁਰੂਆਤੀ ਤੀਬਰਤਾ 6.8 ਸੀ। ਅਮਰੀਕੀ ਏਜੰਸੀ ਨੇ 19 ਮਿੰਟ ਬਾਅਦ ਵੀ 4.9 ਤੀਬਰਤਾ ਦੇ ਝਟਕੇ ਮਹਿਸੂਸ ਕੀਤੇ ਜਾਣ ਦੀ ਸੂਚਨਾ ਦਿੱਤੀ। ਭੂਚਾਲ ਦਾ ਕੇਂਦਰ ਮਰਾਕੇਸ਼ ਤੋਂ ਲਗਪਗ 70 ਕਿਲੋਮੀਟਰ ਦੱਖਣ ਵਿੱਚ ਅਲ ਹੋਜ਼ ਸੂਬੇ ਦੇ ਇਗਾਹਿਲ ਸ਼ਹਿਰ ਵਿੱਚ ਸੀ। ਯੂਐੱਸਜੀਐੱਸ ਨੇ ਦੱਸਿਆ ਕਿ ਭੂਚਾਲ ਦਾ ਕੇਂਦਰ ਧਰਤੀ ਦੀ ਸਤਹਿ ਤੋਂ 18 ਕਿਲੋਮੀਟਰ ਦੀ ਡੂੰਘਾਈ 'ਤੇ ਸੀ, ਜਦੋਂ ਕਿ ਮੋਰੱਕੋ ਦੀ ਏਜੰਸੀ ਅਨੁਸਾਰ ਇਸ ਦਾ ਕੇਂਦਰ ਅੱਠ ਕਿਲੋਮੀਟਰ ਡੂੰਘਾਈ 'ਤੇ ਸੀ।

ਜਾਣਕਾਰੀ ਅਨੁਸਾਰ ਭੂਚਾਲ ਕਾਰਨ ਮਰਾਕੇਸ਼ ਸ਼ਹਿਰ ਦੇ ਸਭ ਤੋਂ ਮਸ਼ਹੂਰ ਸਥਾਨਾਂ 'ਚੋਂ ਇੱਕ 12ਵੀਂ ਸਦੀ ਦੀ ਕੌਤੋਬੀਆ ਮਸਜਿਦ ਵੀ ਨੁਕਸਾਨੀ ਗਈ। ਇਸ ਦੇ 69 ਮੀਟਰ (226 ਫੁੱਟ) ਮੀਨਾਰ ਨੂੰ 'ਮਰਾਕੇਸ਼ ਦੀ ਛੱਤ' ਵਜੋਂ ਜਾਣਿਆ ਜਾਂਦਾ ਹੈ। ਮੋਰੱਕੋ ਵਾਸੀਆਂ ਨੇ ਸੋਸ਼ਲ ਮੀਡੀਆ 'ਤੇ ਕਈ ਵੀਡੀਓਜ਼ ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ 'ਚ ਇਮਾਰਤਾਂ ਢਹਿ-ਢੇਰੀ ਹੋ ਕੇ ਮਲਬੇ 'ਚ ਤਬਦੀਲ ਹੁੰਦੀਆਂ ਨਜ਼ਰ ਆ ਰਹੀਆਂ ਹਨ। ਮੋਰੱਕੋ ਦੇ ਇਤਿਹਾਸਕ ਸ਼ਹਿਰ ਮਰਾਕੇਸ਼ ਦੇ ਆਲੇ ਦੁਆਲੇ ਬਣੀਆਂ ਮਸ਼ਹੂਰ ਲਾਲ ਕੰਧਾਂ ਦੇ ਕੁਝ ਹਿੱਸਿਆਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਮਰਾਕੇਸ਼ ਯੂਨੈਸਕੋ ਦੀਆਂ ਵਿਸ਼ਵ ਵਿਰਾਸਤੀ ਥਾਵਾਂ ਦੀ ਸੂਚੀ ਵਿੱਚ ਸ਼ਾਮਲ ਹੈ।

ਮੋਰੱਕੋ ਦੇ ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਭੂਚਾਲ ਕਾਰਨ ਘੱਟੋ-ਘੱਟ 2 ਹਜ਼ਾਰ ਵਿਅਕਤੀਆਂ ਦੀ ਮੌਤ ਹੋ ਗਈ। ਜ਼ਿਆਦਾਤਰ ਮੌਤਾਂ ਮਰਾਕੇਸ਼ ਅਤੇ ਭੂਚਾਲ ਦੇ ਕੇਂਦਰ ਦੇ ਨੇੜੇ ਸਥਿਤ ਪੰਜ ਸੂਬਿਆਂ ਵਿੱਚ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਦੌਰਾਨ 1200 ਹੋਰ ਵਿਅਕਤੀ ਜ਼ਖ਼ਮੀ ਹੋ ਗਏ। ਭੂਚਾਲ ਦੇ ਕੇਂਦਰ ਦੇ ਨੇੜੇ ਸਥਿਤ ਇੱਖ ਸ਼ਹਿਰ ਦੇ ਅਧਿਕਾਰੀ ਨੇ ਇੱਕ ਨਿਊਜ਼ ਵੈੱਬਸਾਈਟ '2ਐੱਮ' ਨੂੰ ਦੱਸਿਆ ਕਿ ਨੇੜਲੇ ਸ਼ਹਿਰਾਂ ਵਿੱਚ ਕਈ ਮਕਾਨ ਅੰਸ਼ਕ ਤੌਰ 'ਤੇ ਜਾਂ ਪੂਰੀ ਤਰ੍ਹਾਂ ਢਹਿ ਗਏ ਹਨ। ਇਸੇ ਤਰ੍ਹਾਂ ਕੁਝ ਥਾਵਾਂ 'ਤੇ ਬਿਜਲੀ ਸਪਲਾਈ ਠੱਪ ਹੋ ਗਈ ਹੈ ਅਤੇ ਸੜਕੀ ਸੰਪਰਕ ਵੀ ਟੁੱਟ ਗਿਆ ਹੈ।

ਭਾਰਤ ਵਿੱਚ ਹੋ ਰਹੇ ਜੀ20 ਸਿਖਰ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਹਿੱਸਾ ਲੈ ਰਹੇ ਹੋਰ ਵਿਸ਼ਵ ਨੇਤਾਵਾਂ ਨੇ ਭੂਚਾਲ ਕਾਰਨ ਹੋਈਆਂ ਮੌਤਾਂ 'ਤੇ ਅਫਸੋਸ ਜ਼ਾਹਰ ਕਰਦਿਆਂ ਮੋਰੱਕੋ ਨੂੰ ਸਹਾਇਤਾ ਦੀ ਪੇਸ਼ਕਸ਼ ਕੀਤੀ ਹੈ। ਮੋਦੀ ਨੇ ਕਿਹਾ ਕਿ ਮੁਸ਼ਕਲ ਦੀ ਇਸ ਘੜੀ ਵਿੱਚ ਪੂਰੀ ਦੁਨੀਆ ਮੋਰੱਕੋ ਨਾਲ ਖੜ੍ਹੀ ਹੈ ਅਤੇ ਉਸ ਨੂੰ ਭਾਰਤ ਹਰ ਸੰਭਵ ਸਹਾਇਤਾ ਦੇਣ ਲਈ ਤਿਆਰ ਹੈ। ਇਸੇ ਤਰ੍ਹਾਂ ਤੁਰਕੀ, ਫਰਾਂਸ ਅਤੇ ਜਰਮਨੀ ਨੇ ਵੀ ਮੋਰੱਕੋ ਦੀ ਮਦਦ ਲਈ ਹੱਥ ਅੱਗੇ ਵਧਾਇਆ ਹੈ।

ਮਨੀਪੁਰ: ਹਿੰਸਾ 'ਚ ਦੋ ਮੌਤਾਂ; ਮੇਜਰ ਸਣੇ 50 ਜ਼ਖ਼ਮੀ

ਇੰਫਾਲ : ਮਨੀਪੁਰ ਵਿੱਚ ਤੇਂਗਨੂਪਾਲ ਜ਼ਿਲ੍ਹੇ 'ਚ ਪੈਂਦੇ ਪੱਲੇਲ ਵਿੱਚ ਅੱਜ ਗੋਲੀਬਾਰੀ ਦੀਆਂ ਵੱਖ-ਵੱਖ ਘਟਨਾਵਾਂ 'ਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਆਰਮੀ ਮੇਜਰ ਸਣੇ 50 ਦੇ ਕਰੀਬ ਵਿਅਕਤੀ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਇਨ੍ਹਾਂ ਵਿਚੋਂ ਚਾਰ ਵਿਅਕਤੀ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋ ਗਏ।

ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ 6 ਵਜੇ ਦੇ ਕਰੀਬ ਪੱਲੇਲ ਵਿੱਚ ਅਣਪਛਾਤੇ ਵਿਅਕਤੀਆਂ ਦੇ ਦੋ ਸਮੂਹਾਂ ਵਿਚਾਲੇ ਗੋਲੀਬਾਰੀ ਹੋ ਗਈ, ਜਿਸ ਵਿੱਚ ਇਕ ਵਿਅਕਤੀ ਦੀ ਮੌਤ ਹੋ ਗਈ। ਇਕ ਹੋਰ ਵਿਅਕਤੀ ਜਿਸ ਦੇ ਗੋਲੀ ਲੱਗੀ ਸੀ, ਨੂੰ ਪਹਿਲਾਂ ਕਾਕਚਿੰਗ ਜੀਵਨ ਹਸਪਤਾਲ ਲਿਆਂਦਾ ਗਿਆ ਤੇ ਫਿਰ ਉੱਥੋਂ ਉਸ ਨੂੰ ਇੰਫਾਲ ਰੈਫਰ ਕਰ ਦਿੱਤਾ ਗਿਆ। ਡਾਕਟਰਾਂ ਮੁਤਾਬਕ ਇੰਫਾਲ ਵਿੱਚ ਮੈਡੀਕਲ ਵਿਗਿਆਨ ਖੇਤਰੀ ਸੰਸਥਾ (ਆਰਆਈਐੱਮਐੱਸ) 'ਚ ਦਾਖਲ ਕਰਵਾਏ ਗਏ ਇਕ ਜ਼ਖ਼ਮੀ ਵਿਅਕਤੀ ਦੀ ਹਾਲਤ ਗੰਭੀਰ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜਿਵੇਂ ਹੀ ਗੋਲੀਬਾਰੀ ਦੀ ਖ਼ਬਰ ਫੈਲੀ, ਥੌਬਲ ਤੇ ਕਾਕਚਿੰਗ ਜ਼ਿਲ੍ਹਿਆਂ ਦੀਆਂ ਵੱਖ-ਵੱਖ ਦਿਸ਼ਾਵਾਂ 'ਚੋਂ ਵੱਡੀ ਗਿਣਤੀ ਲੋਕ ਪੱਲੇਲ ਵੱਲ ਨੂੰ ਵਧਣ ਲੱਗੇ ਪਰ ਅਸਾਮ ਰਾਈਫਲਜ਼ ਦੇ ਜਵਾਨਾਂ ਨੇ ਉਨ੍ਹਾਂ ਨੂੰ ਰੋਕ ਲਿਆ। ਇਸ ਦੌਰਾਨ ਸਥਿਤੀ ਤਣਾਅਪੂਰਨ ਬਣ ਗਈ। ਅਧਿਕਾਰੀਆਂ ਨੇ ਕਿਹਾ ਕਿ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਦੇ ਦੋ ਸਮੂਹਾਂ ਵਿਚਾਲੇ ਹੋਈ ਗੋਲੀਬਾਰੀ ਵਿੱਚ ਇਕ 48 ਸਾਲਾ ਵਿਅਕਤੀ ਦੀ ਮੌਤ ਹੋ ਗਈ। ਅਸਾਮ ਰਾਈਫਲਜ਼ ਵੱਲੋਂ ਸਥਿਤੀ ਨੂੰ ਕਾਬੂ ਹੇਠ ਕਰਨ ਲਈ ਦਾਗੇ ਗਏ ਅੱਥਰੂ ਗੈਸ ਦੇ ਗੋਲਿਆਂ ਕਾਰਨ 45 ਤੋਂ ਵੱਧ ਮਹਿਲਾਵਾਂ ਵੀ ਜ਼ਖ਼ਮੀ ਹੋ ਗਈਆਂ। ਇਸ ਦੌਰਾਨ ਅਸਾਮ ਰਾਈਫਲਜ਼ ਦਾ ਇਕ ਜਵਾਨ ਵੀ ਜ਼ਖ਼ਮੀ ਹੋ ਗਿਆ। ਦੂਜੇ ਪਾਸੇ ਭੀੜ ਨੂੰ ਕਾਬੂ ਕਰਨ ਲਈ ਇੰਫਾਲ ਤੋਂ ਪੱਲੇਲ ਵੱਲ ਜਾ ਰਹੀ ਆਰਏਐੱਫ ਦੇ ਜਵਾਨਾਂ ਦੀ ਟੁੱਕੜੀ ਨੂੰ ਥੌਬਲ 'ਚ ਸਥਾਨਕ ਲੋਕਾਂ ਨੇ ਰੋਕ ਲਿਆ।

ਬਾਬਾ ਗੁਰਨਾਮ ਸਿੰਘ ਨੂੰ ਸਿੰਘ ਸਾਹਿਬ ਸਮੇਤ ਵੱਖ ਵੱਖ ਸ਼ਖ਼ਸੀਅਤਾਂ ਨੇ ਦਿੱਤੀ ਸ਼ਰਧਾਂਜਲੀ

ਬਾਬਾ ਗੁਰਨਾਮ ਸਿੰਘ ਦੀ ਧਰਮ ਪਤਨੀ ਨੂੰ ਸਿਰੋਪਾਓ ਬਖਸ਼ਿਸ਼ ਕਰਦੇ ਹੋਏ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਤੇ ਹੋਰ।

ਅੰਮ੍ਰਿਤਸਰ : ਬਾਬਾ ਗੁਰਨਾਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਨੇ ਉਨ੍ਹਾਂ ਨੂੰ ਗੁਰਸਿੱਖੀ ਦੇ ਪਾਂਧੀ ਗੁਰਮੁਖ ਪਿਆਰੇ ਦੱਸਿਆ ਅਤੇ ਉਨ੍ਹਾਂ ਵੱਲੋਂ ਕਰੀਬ ਪੰਝੀ ਸਾਲ ਤੱਕ ਗੁਰੂ ਕਲਗੀਧਰ ਸਿੰਘ ਸਭਾ ਵਿਖੇ ਬਤੌਰ ਮੁੱਖ ਗ੍ਰੰਥੀ ਸਿੰਘ ਸੇਵਾ ਨਿਭਾਉਂਦਿਆਂ ਲੋਕਾਂ ਨੂੰ ਗੁਰੂ ਘਰ ਅਤੇ ਗੁਰਬਾਣੀ ਨਾਲ ਜੋੜਨ ਦੀ ਸ਼ਲਾਘਾ ਕੀਤੀ। ਬਾਬਾ ਗੁਰਨਾਮ ਸਿੰਘ ਨਮਿਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਗੁਰਦੁਆਰਾ ਸਾਹਿਬ ਆਜ਼ਾਦ ਨਗਰ ਅੰਮ੍ਰਿਤਸਰ ਵਿਖੇ ਗਿਆਨੀ ਬਲਵਿੰਦਰ ਸਿੰਘ ਨੇ ਬਾਬਾ ਗੁਰਨਾਮ ਸਿੰਘ ਜੋ ਬੀਤੇ ਦਿਨੀਂ ਅਚਨਚੇਤੀ ਇਸ ਫ਼ਾਨੀ ਸੰਸਾਰ ਅਲਵਿਦਾ ਕਹਿ ਜਾਣ ਨਾਲ ਪੰਥ ਨੂੰ ਵੱਡਾ ਘਾਟਾ ਪਿਆ ਹੈ। ਬਾਬਾ ਗੁਰਨਾਮ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਭਾਈ ਰਜਿੰਦਰ ਸਿੰਘ ਮਹਿਤਾ ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਬਾਬਾ ਗੁਰਨਾਮ ਸਿੰਘ ਸਿੱਖੀ ਨੂੰ ਦਰਪੇਸ਼ ਚੁਨੌਤੀਆਂ ਦਾ ਸਾਹਮਣਾ ਕਰਨ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ। ਉਹ ਸਮਾਜ ਸੇਵਾ ਲਈ ਆਪਣਾ ਯੋਗਦਾਨ ਪਾਉਂਦਿਆਂ ਸਮਾਜਕ ਸਰੋਕਾਰਾਂ ਨਾਲ ਹਮੇਸ਼ਾਂ ਜੁੜੇ ਰਹੇ ਹਨ। ਇਸ ਮੌਕੇ ਗਿਆਨੀ ਕੁਲਵਿੰਦਰ ਸਿੰਘ ਅਰਦਾਸੀਆ, ਪ੍ਰੋ. ਸਰਚਾਂਦ ਸਿੰਘ ਸਲਾਹਕਾਰ ਕੌਮੀ ਘਟ ਗਿਣਤੀ ਕਮਿਸ਼ਨ, ਅਵਤਾਰ ਸਿੰਘ ਟਰੱਕਾਂ ਵਾਲਾ ਸਾਬਕਾ ਡਿਪਟੀ ਮੇਅਰ, ਸਰਬਜੀਤ ਸਿੰਘ ਰਿਆੜ ਚੇਅਰਮੈਨ ਗੁਰਦੁਆਰਾ ਕਮੇਟੀ, ਜਸਵੰਤ ਸਿੰਘ ਪ੍ਰਧਾਨ, ਭੁਪਿੰਦਰ ਸਿੰਘ, ਕੁਲਦੀਪ ਸਿੰਘ ਕੰਡਾ, ਜਰਨੈਲ ਸਿੰਘ ਭੁੱਲਰ ਕੌਂਸਲਰ, ਅਮੀਰ ਸਿੰਘ ਕੌਂਸਲਰ, ਦਲਬੀਰ ਕੌਰ ਕੌਂਸਲਰ, ਬਲਵਿੰਦਰ ਸਿੰਘ ਭਾਜਪਾ, ਕੰਵਲਜੀਤ ਸਿੰਘ ਸੰਨ੍ਹੀ, ਗੁਰਦੇਵ ਸਿੰਘ ਕੈਸ਼ੀਅਰ, ਗੁਰਦੀਪ ਸਿੰਘ ਟਾਈਲਾਂ ਵਾਲੇ, ਕੁਲਦੀਪ ਸਿੰਘ ਛਿਹਰਟਾ, ਸੌਰਵ ਕੁਮਾਰ, ਅਮਰਜੀਤ ਸਿੰਘ ਭਾਜਪਾ, ਲਵ ਮਟੂ ਚੇਅਰਮੈਨ ਬਾਲਮੀਕ ਸਮਾਜ ਸੇਵਾ ਅਤੇ ਸਰਬਜੀਤ ਸਿੰਘ ਰੋਮੀ, ਗਗਨਦੀਪ ਸਿੰਘ, ਪ੍ਰੋ. ਜਗਦੀਪ ਸਿੰਘ ਅਤੇ ਐਡਵੋਕੇਟ ਪ੍ਰਿਤਪਾਲ ਸਿੰਘ ਨਤ ਵੀ ਹਾਜ਼ਰ ਸਨ, ਇਸ ਮੌਕੇ ਬਾਬਾ ਗੁਰਨਾਮ ਸਿੰਘ ਦੇ ਜਵਾਈ ਹਰਮਨ ਜੀਤ ਸਿੰਘ ਕੈਨੇਡਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਗੈਂਗਸਟਰਾਂ ਦੇ ਖ਼ਾਤਮੇ ਤੋਂ ਬਿਨਾਂ ਪੰਜਾਬ 'ਚੋਂ ਨਸ਼ਾ ਖ਼ਤਮ ਨਹੀਂ ਹੋਣਾ: ਬਲਕੌਰ ਸਿੰਘ

ਮਾਨਸਾ : ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਗੈਂਗਸਟਰਵਾਦ ਦੇ ਖ਼ਾਤਮੇ ਤੋਂ ਬਿਨਾਂ ਪੰਜਾਬ ਵਿੱਚੋਂ ਨਸ਼ਾ ਖ਼ਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਗੈਂਗਸਟਰਾਂ ਨੇ ਪੰਜਾਬ ਸਰਕਾਰ ਦਾ ਸਾਰਾ ਸਿਸਟਮ ਖ਼ਰੀਦਿਆ ਹੋਇਆ ਹੈ। ਉਹ ਆਸਾਨੀ ਨਾਲ ਨਸ਼ਾ ਸਪਲਾਈ, ਫਿਰੌਤੀਆਂ ਮੰਗਣ, ਡਰਾਉਣ-ਧਮਕਾਉਣ ਦਾ ਕੰਮ ਕਰਦੇ ਹਨ। ਉਹ ਅੱਜ ਪਿੰਡ ਮੂਸਾ ਵਿੱਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਹੁਣ ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਅਤੇ ਹੋਰ ਮੰਤਰੀ ਵੋਟਾਂ ਮੰਗਣ ਆਉਣਗੇ। ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਉਨ੍ਹਾਂ ਨੂੰ ਘੇਰ ਕੇ ਸਵਾਲ ਪੁੱਛਣਾ ਹੈ ਕਿ ਪੰਜਾਬ ਦੇ ਐਨੇ ਮਾੜੇ ਹਾਲਾਤ ਕਿਵੇਂ ਹੋ ਗਏ। ਉਨ੍ਹਾਂ ਸਵਾਲ ਕੀਤਾ ਕਿ ਸਿੱਧੂ ਮੂਸੇਵਾਲਾ ਮਾਮਲੇ ਵਿੱਚ ਸਰਕਾਰ ਉਸ ਦੇ ਕਤਲ ਲਈ ਜ਼ਿੰਮੇਵਾਰ ਸਾਜ਼ਿਸ਼ ਘਾੜਿਆਂ ਨੂੰ ਜਾਂਚ ਵਿੱਚ ਸ਼ਾਮਲ ਕਿਉਂ ਨਹੀਂ ਕਰ ਰਹੀ। ਬਲਕੌਰ ਸਿੰਘ ਨੇ ਕਿਹਾ ਕਿ ਸਰਕਾਰ ਤੇ ਉਸ ਦੇ ਮੰਤਰੀਆਂ ਨੇ ਇਸ ਕੇਸ ਨੂੰ ਲੈ ਕੇ ਚੁੱਪ ਹੀ ਧਾਰ ਰੱਖੀ ਹੈ, ਪਰ ਉਹ ਗੈਂਗਸਟਰਾਂ ਦੀਆਂ ਧਮਕੀਆਂ ਤੇ ਸਰਕਾਰ ਦੀ ਚੁੱਪ ਤੋਂ ਡਰਨ ਵਾਲੇ ਨਹੀਂ ਹਨ। ਉਹ ਲੋਕਾਂ ਦੇ ਸਾਥ ਨਾਲ ਆਪਣੇ ਪੁੱਤ ਲਈ ਇਸੇ ਤਰ੍ਹਾਂ ਇਨਸਾਫ਼ ਮੰਗਦੇ ਰਹਿਣਗੇ।

Valley Real Estate Center

1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

ਗਰੀਬ ਅਤੇ ਪੱਛੜੇ ਵਰਗਾਂ ਦੇ ਬੱਚਿਆਂ ਦੀ ਤਕਦੀਰ ਬਦਲਣ ਵਾਲਾ ਹੋਵੇਗਾ 'ਸਕੂਲ ਆਫ਼ ਐਮੀਨੈਂਸ'

- ਭਗਵੰਤ ਮਾਨ ਸਰਕਾਰ ਨੇ ਦਿੱਲੀ ਵਾਂਗ ਪੰਜਾਬ 'ਚ ਵੀ ਸਿੱਖਿਆ ਕ੍ਰਾਂਤੀ ਦੀ ਸ਼ੁਰੂਆਤ ਕਰ ਦਿੱਤੀ : ਕੇਜਰੀਵਾਲ
- ਬੁਲੰਦੀਆਂ ਛੂਹਣ ਲਈ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਉਡਾਣ ਦੇ ਰਹੇ ਹਾਂ : ਭਗਵੰਤ ਮਾਨ

ਅੰਮ੍ਰਿਤਸਰ : ਵਿਦਿਆਰਥੀਆਂ ਨੂੰ ਆਪਣੇ ਜੀਵਨ 'ਚ ਬੁਲੰਦੀ 'ਤੇ ਪਹੁੰਚਣ ਲਈ ਉਨ੍ਹਾਂ ਦੇ ਸੁਪਨਿਆਂ ਨੂੰ ਉਡਾਣ ਦਿੰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੂਬੇ ਦਾ ਪਹਿਲਾਂ 'ਸਕੂਲ ਆਫ ਐਮੀਨੈਂਸ' ਪੰਜਾਬ ਵਾਸੀਆਂ ਨੂੰ ਸਮਰਪਿਤ ਕੀਤਾ। ਦੋਵਾਂ ਮੁੱਖ ਮੰਤਰੀਆਂ ਨੇ ਕਿਹਾ, "ਪੰਜਾਬ 'ਚ ਅੱਜ ਸਿੱਖਿਆ ਦੇ ਖੇਤਰ 'ਚ ਨਵੀਂ ਕ੍ਰਾਂਤੀ ਦਾ ਆਗਾਜ਼ ਹੋ ਚੁੱਕਾ ਹੈ ਅਤੇ ਇਹ ਸਕੂਲ ਯਕੀਨਨ ਤੌਰ ਉਤੇ ਮੀਲ ਪੱਥਰ ਸਾਬਤ ਹੋਣਗੇ।"ਮੁੱਖ ਮੰਤਰੀਆਂ ਨੇ ਕਿਹਾ ਕਿ ਅੱਜ ਦਾ ਦਿਨ ਇਕ ਯਾਦਗਾਰੀ ਮੌਕਾ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਸਿੱਖਿਆ ਦੇ ਖੇਤਰ ਵਿੱਚ ਪੰਜਾਬ, ਦੇਸ਼ ਦਾ ਮੋਹਰੀ ਸੂਬਾ ਹੋਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਇਸ ਉਪਰਾਲੇ ਨਾਲ ਵਿਦਿਆਰਥੀਆਂ ਖਾਸ ਤੌਰ 'ਤੇ ਗਰੀਬ ਅਤੇ ਪੱਛੜੇ ਵਰਗਾਂ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜਲਦੀ ਹੀ ਇਨ੍ਹਾਂ ਸਕੂਲਾਂ 'ਚੋਂ ਤਾਲੀਮ ਹਾਸਲ ਕਰਨ ਵਾਲੇ ਵਿਦਿਆਰਥੀ ਹਰੇਕ ਖੇਤਰ 'ਚ ਵੱਡੀ ਪ੍ਰਾਪਤੀਆਂ ਕਰਨਗੇ ਅਤੇ ਸੂਬੇ ਦਾ ਨਾਮ ਰੌਸ਼ਨ ਕਰਨਗੇ। ਦੋਵਾਂ ਮੁੱਖ ਮੰਤਰੀਆਂ ਨੇ ਕਿਹਾ ਕਿ ਇਹ ਸਕੂਲ ਸਾਡੇ ਵਿਦਿਆਰਥੀਆਂ ਦੀ ਤਕਦੀਰ ਬਦਲ ਦੇਣਗੇ। ਉਨ੍ਹਾਂ ਕਿਹਾ ਕਿ ਇਹ ਤਾਂ ਅਜੇ ਸ਼ੁਰੂਆਤ ਹੈ ਅਤੇ ਗਰੀਬ ਵਿਦਿਆਰਥੀਆਂ ਦੀ ਭਲਾਈ ਅਜਿਹੇ ਹੋਰ ਸਕੂਲ ਖੋਲ੍ਹੇ ਜਾਣਗੇ। ਉਨ੍ਹਾਂ ਨੇ ਉਮੀਦ ਜ਼ਾਹਰ ਕੀਤੀ ਕਿ ਇਹ ਸਕੂਲ 'ਆਧੁਨਿਕ ਯੁੱਗ ਦੇ ਮੰਦਰ' ਹੋਣਗੇ ਜੋ ਵਿਦਿਆਰਥੀਆਂ ਦੇ ਜੀਵਨ 'ਚ ਗੁਣਾਤਮਕ ਤਬਦੀਲੀ ਲਿਆਉਣਗੇ।

ਇਸ ਦੌਰਾਨ ਦੋਵਾਂ ਮੁੱਖ ਮੰਤਰੀਆਂ ਨੇ ਸਕੂਲਾਂ ਦੇ ਕਲਾਸ ਰੂਮਾਂ ਦਾ ਦੌਰਾ ਕਰਕੇ ਵਿਦਿਆਰਥੀਆਂ ਨਾਲ ਗੱਲਬਾਤ ਵੀ ਕੀਤੀ। ਸਰਕਾਰ ਦੇ ਇਸ ਦੂਰਅੰਦੇਸ਼ ਕਦਮ ਲਈ ਦੋਵਾਂ ਮੁੱਖ ਮੰਤਰੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ 11ਵੀਂ ਕਲਾਸ ਦੀ ਵਿਦਿਆਰਥਣ ਦੀਕਸ਼ਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਉਹ ਪ੍ਰਾਈਵੇਟ ਸਕੂਲ 'ਚ ਪੜ੍ਹਦੀ ਸੀ। ਉਸ ਵਿਦਿਆਰਥਣ ਨੇ ਕਿਹਾ ਕਿ ਇਸ ਸਕੂਲ 'ਚ ਮੌਜੂਦ ਸਹੂਲਤਾਂ ਇਨ੍ਹਾਂ ਪ੍ਰਾਈਵੇਟ ਸਕੂਲਾਂ 'ਚ ਵੀ ਮੌਜੂਦ ਨਹੀਂ ਹਨ। ਉਸ ਨੇ ਇਸ ਸਕੂਲ ਦੀ ਸਥਾਪਨਾ ਲਈ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਕੀਤਾ। ਇਕ ਹੋਰ ਵਿਦਿਆਰਥਣ ਕਿਰਨਦੀਪ ਕੌਰ ਜਿਸ ਨੇ ਪ੍ਰੀਖਿਆ ਪਾਸ ਕਰਨ ਤੋਂ ਬਾਅਦ ਇਸ ਸਕੂਲ 'ਚ ਦਾਖਲਾ ਲਿਆ, ਨੇ ਕਿਹਾ ਕਿ ਉਹ ਸਰਹੱਦ ਇਲਾਕੇ ਦੇ ਇਕ ਪਿੰਡ ਦੀ ਵਸਨੀਕ ਹੈ ਅਤੇ ਉਸ ਦੀ ਇੱਛਾ ਡਾਕਟਰ ਬਣਨ ਦੀ ਹੈ। ਉਨ੍ਹਾਂ ਕਿਹਾ ਕਿ ਕੁਝ ਸਾਲ ਪਹਿਲਾਂ ਇਸ ਇੱਛਾ ਦਾ ਪੂਰਾ ਹੋ ਜਾਣਾ ਔਖਾ ਜਾਪਦਾ ਸੀ ਪਰ ਹੁਣ ਉਸ ਨੂੰ ਵਿਸ਼ਵਾਸ ਹੋ ਚੁੱਕਾ ਹੈ ਕਿ ਇਸ ਸਕੂਲ ਸਦਕਾ ਉਸ ਦਾ ਸੁਪਨਾ ਛੇਤੀ ਸਾਕਾਰ ਹੋਵੇਗਾ। ਉਨ੍ਹਾਂ ਨੇ ਇਸ ਨੇਕ ਉਪਰਾਲੇ ਲਈ ਦੋਵਾਂ ਮੁੱਖ ਮੰਤਰੀਆਂ ਦਾ ਧੰਨਵਾਦ ਕੀਤਾ ਜੋ ਨੌਜਵਾਨ ਪੀੜ੍ਹੀ ਦਾ ਭਵਿੱਖ ਸੁਰੱਖਿਅਤ ਕਰਨਗੇ।

ਦੋ ਹੋਰ ਵਿਦਿਆਰਥਣਾਂ ਆਰੀਅਨ ਅਤੇ ਸਾਨੀਆ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅਤਿ ਆਧੁਨਿਕ ਕਲਾਸ ਰੂਮ ਅਤੇ ਲੈਬਾਰਟਰੀਆਂ ਵਾਲਾ ਸਕੂਲ ਉਨ੍ਹਾਂ ਦੇ ਸੁਪਨਿਆਂ ਦਾ ਸਕੂਲ ਹੈ। ਉਨ੍ਹਾਂ ਕਿਹਾ ਕਿ ਇਸ ਸਕੂਲ ਦੇ ਵਿਦਿਆਰਥੀ ਹੋਣਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸਕੂਲ ਦੀ ਡਿਜੀਟਲ ਪੜ੍ਹਾਈ ਅਤੇ ਅਤਿ ਆਧਿਨਕ ਬੁਨਿਆਦੀ ਢਾਂਚੇ ਨਾਲ ਉਹ ਆਪਣੇ ਜੀਵਨ ਵਿੱਚ ਨਵੀਆਂ ਮੰਜ਼ਲ ਛੂਹਣਗੇ। ਦੋਵਾਂ ਮੁੱਖ ਮੰਤਰੀਆਂ ਨੇ ਵਿਦਿਆਰਥੀਆਂ ਦੇ ਮਾਪਿਆਂ ਨਾਲ ਵੀ ਵਿਸਥਾਰ 'ਚ ਗੱਲਬਾਤ ਕੀਤੀ, ਜਿਨ੍ਹਾਂ ਨੇ ਦੂਰਅੰਦੇਸ਼ੀ ਵਾਲੇ ਇਸ ਫੈਸਲੇ ਲਈ ਦੋਵਾਂ ਆਗੂਆਂ ਦੀ ਸ਼ਲਾਘਾ ਕੀਤੀ। ਇਕ ਸਰਹੱਦੀ ਪਿੰਡ ਨਾਲ ਸਬੰਧਤ ਅਮਰ ਪਾਲ ਤੇ ਤ੍ਰਿਪਤਾ ਰਾਣੀ ਨੇ ਦੋਵਾਂ ਆਗੂਆਂ ਨੂੰ ਦੱਸਿਆ ਕਿ ਇਹ ਸਕੂਲ ਸਰਕਾਰੀ ਸਕੂਲਾਂ ਵਾਂਗ ਲਗਦਾ ਹੀ ਨਹੀਂ। ਉਨ੍ਹਾਂ ਨੇ ਲੋੜਵੰਦ ਪਰਿਵਾਰਾਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਸੋਚਣ ਅਤੇ ਅਮਲ ਕਰਨ ਵਾਸਤੇ ਦੋਵਾਂ ਮੁੱਖ ਮੰਤਰੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਸਕੂਲ ਕਿਸੇ ਨਾ ਕਿਸੇ ਬਹਾਨੇ ਵਿਦਿਆਰਥੀਆਂ ਨੂੰ ਪਰੇਸ਼ਾਨ ਕਰਦੇ ਹਨ ਪਰ ਇਹ ਸਕੂਲ ਸਿੱਖਿਆ ਦੇ ਖ਼ੇਤਰ 'ਚ ਮਿਸਾਲੀ ਤਬਦੀਲੀ ਹਨ। ਇਕ ਹੋਰ ਅਧਿਆਪਕ ਰੀਨਾ ਮਹਿਤਾ ਨੇ ਵੀ ਇਸ ਇਤਿਹਾਸਕ ਪਹਿਲਕਦਮੀ ਲਈ ਮੁੱਖ ਮੰਤਰੀਆਂ ਦੀ ਸ਼ਲਾਘਾ ਕੀਤੀ। ਉਸ ਨੇ ਦੱਸਿਆ ਕਿ ਇਹ ਦੇਖ ਕੇ ਖ਼ੁਸ਼ੀ ਹੋ ਰਹੀ ਹੈ ਕਿ ਵਿਦਿਆਰਥੀ ਮੁਫ਼ਤ ਵਿੱਚ ਮਿਆਰੀ ਸਿੱਖਿਆ ਹਾਸਲ ਕਰ ਰਹੇ ਹਨ।

ਪ੍ਰਾਇਮਰੀ ਅਧਿਆਪਕ ਚੰਦਾ ਨੇ ਦੱਸਿਆ ਕਿ ਜੋ ਇਕ ਦਹਾਕਾ ਪਹਿਲਾਂ ਅਜਿਹੇ ਸਕੂਲ ਖੁੱਲ੍ਹੇ ਹੁੰਦੇ ਤਾਂ ਹੁਣ ਤੱਕ ਸੂਬੇ ਦਾ ਨਕਸ਼ਾ ਬਦਲ ਚੁੱਕਿਆ ਹੋਣਾ ਸੀ। ਉਸ ਨੇ ਦੱਸਿਆ ਕਿ ਉਸ ਦਾ ਬੱਚਾ ਪ੍ਰਾਈਵੇਟ ਸਕੂਲ ਵਿੱਚ ਪੜ੍ਹਦਾ ਸੀ ਪਰ ਹੁਣ ਉਸ ਨੂੰ ਪ੍ਰੀਖਿਆ ਮਗਰੋਂ ਇਸ ਸਕੂਲ ਵਿੱਚ ਦਾਖ਼ਲਾ ਮਿਲ ਗਿਆ ਹੈ। ਉਸ ਨੇ ਆਉਣ ਵਾਲੀਆਂ ਨਸਲਾਂ ਦਾ ਭਵਿੱਖ ਸੰਵਾਰਨ ਦੇ ਉਦੇਸ਼ ਨਾਲ ਕੀਤੀ ਇਸ ਮਿਸਾਲੀ ਪਹਿਲਕਦਮੀ ਲਈ ਦੋਵਾਂ ਮੁੱਖ ਮੰਤਰੀ ਦੀ ਤਾਰੀਫ਼ ਕੀਤੀ। ਦੋਵਾਂ ਮੁੱਖ ਮੰਤਰੀਆਂ ਨੇ ਇਸ ਸਕੂਲ ਦੇ ਐਨ.ਸੀ.ਸੀ. ਕੈਡੇਟਾਂ ਦੇ ਗਾਰਡ ਆਫ਼ ਆਨਰ ਤੋਂ ਸਲਾਮੀ ਲਈ। ਦੋਵੇਂ ਆਗੂ ਸਕੂਲ ਵਿੱਚ ਨਵੇਂ ਬਣੇ ਬਾਸਕਟਬਾਲ ਕੋਰਟ ਵਿੱਚ ਵੀ ਗਏ, ਜਿੱਥੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਉਨ੍ਹਾਂ ਨੂੰ ਸਕੂਲ ਦੇ ਵੇਰਵਿਆਂ ਬਾਰੇ ਜਾਣੂੰ ਕਰਵਾਇਆ। ਦੋਵਾਂ ਮੁੱਖ ਮੰਤਰੀਆਂ ਨੇ ਸੂਬੇ ਦੇ ਸਰਕਾਰੀ ਸਕੂਲਾਂ ਲਈ ਸ਼ੁਰੂ ਕੀਤੀ ਟਰਾਂਸਪੋਰਟ ਸਹੂਲਤ ਦੀ ਪਹਿਲੀ ਬੱਸ ਨੂੰ ਹਰੀ ਝੰਡੀ ਦਿਖਾਈ।

ਸਭੀ ਕਾ ਖ਼ੂਨ ਸ਼ਾਮਲ ਹੈ ਇਸ ਮਿੱਟੀ ਮੇਂ, ਕਿਸੇ ਕੇ ਬਾਪ ਕਾ ਹਿੰਦੋਸਤਾਨ ਥੋੜੀ ਹੈ

ਅੱਤਵਾਦੀਆਂ ਨਾਲ ਮੁਕਾਬਲੇ 'ਚ ਸ਼ਹਾਦਤ ਦੇਣ ਵਾਲਿਆਂ 'ਚ ਹਿੰਦੂ, ਮੁਸਲਿਮ ਅਤੇ ਸਿੱਖ ਸ਼ਾਮਲ

ਸ੍ਰੀਨਗਰ : ਘਾਟੀ ਦੇ ਦੱਖਣ ਵਿੱਚ ਅਨੰਤਨਾਗ ਇਲਾਕੇ ਵਿੱਚ ਅੱਤਵਾਦੀਆਂ ਨਾਲ ਮੁਕਾਬਲੇ ਵਿੱਚ ਫ਼ੌਜ ਦਾ ਇੱਕ ਕਮਾਂਡਿੰਗ ਅਧਿਕਾਰੀ, ਇੱਕ ਮੇਜਰ ਅਤੇ ਜੰਮੂ-ਕਸ਼ਮੀਰ ਪੁਲਿਸ ਦਾ ਇੱਕ ਡਿਪਟੀ ਸੁਪਰਡੈਂਟ ਸ਼ਹੀਦ ਹੋ ਗਿਆ।

19 ਰਾਸ਼ਟਰੀ ਰਾਈਫਲਜ਼ ਦੇ ਕਮਾਂਡਿੰਗ ਅਫਸਰ ਕਰਨਲ ਮਨਪ੍ਰੀਤ ਸਿੰਘ, ਮੇਜਰ ਆਸ਼ੀਸ਼ ਧੌਨਕ ਅਤੇ ਡਿਪਟੀ ਸੁਪਰਡੈਂਟ ਹੁਮਾਯੂੰ ਭੱਟ ਬੁੱਧਵਾਰ ਸਵੇਰੇ ਅਨੰਤਨਾਗ ਜ਼ਿਲੇ ਦੇ ਗਰੋਲ ਇਲਾਕੇ 'ਚ ਅੱਤਵਾਦੀਆਂ ਨਾਲ ਹੋਏ ਮੁਕਾਬਲੇ 'ਚ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ।

ਉਨ੍ਹਾਂ ਨੇ ਕਿਹਾ ਕਿ ਭੱਟ, ਇੱਕ ਦੋ ਮਹੀਨੇ ਦੀ ਧੀ ਦੇ ਪਿਤਾ ਅਤੇ ਜੰਮੂ ਅਤੇ ਕਸ਼ਮੀਰ ਪੁਲਿਸ ਦੇ ਸੇਵਾਮੁਕਤ ਇੰਸਪੈਕਟਰ ਜਨਰਲ ਗੁਲਾਮ ਹਸਨ ਭੱਟ ਦੇ ਪੁੱਤਰ ਦੀ ਖ਼ੂਨ ਘਾਟ ਕਾਰਨ ਮੌਤ ਹੋ ਗਈ।

ਪਾਕਿਸਤਾਨ ਸਥਿਤ ਲਸ਼ਕਰ-ਏ-ਤੋਇਬਾ ਦਾ ਪਰਛਾਵਾਂ ਸਮੂਹ ਮੰਨੇ ਜਾਂਦੇ ਪਾਬੰਦੀਸ਼ੁਦਾ ਰੈਜ਼ਿਸਟੈਂਸ ਫਰੰਟ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ।

ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਉਹੀ ਅੱਤਵਾਦੀ ਹਨ ਜਿਨ੍ਹਾਂ ਨੇ 4 ਅਗਸਤ ਨੂੰ ਕੁਲਗਾਮ ਜ਼ਿਲੇ ਦੇ ਹਲਾਨ ਜੰਗਲੀ ਖੇਤਰ ਦੀ ਉੱਚੀ ਪਹੁੰਚ 'ਚ ਫੌਜ ਦੇ ਜਵਾਨਾਂ 'ਤੇ ਹਮਲਾ ਕੀਤਾ ਸੀ, ਜਿਸ 'ਚ ਤਿੰਨ ਜਵਾਨਾਂ ਦੀ ਮੌਤ ਹੋ ਗਈ ਸੀ।

ਗਾਰੋਲ ਇਲਾਕੇ 'ਚ ਮੰਗਲਵਾਰ ਸ਼ਾਮ ਨੂੰ ਅੱਤਵਾਦੀਆਂ ਖਿਲਾਫ ਮੁਹਿੰਮ ਸ਼ੁਰੂ ਹੋਈ ਪਰ ਰਾਤ ਨੂੰ ਇਸ ਨੂੰ ਖਤਮ ਕਰ ਦਿੱਤਾ ਗਿਆ।

ਅਧਿਕਾਰੀਆਂ ਨੇ ਦੱਸਿਆ ਕਿ ਅੱਜ ਸਵੇਰੇ ਅੱਤਵਾਦੀਆਂ ਦੀ ਭਾਲ ਫਿਰ ਤੋਂ ਸ਼ੁਰੂ ਕੀਤੀ ਗਈ ਜਦੋਂ ਸੂਚਨਾ ਮਿਲਣੀ ਸ਼ੁਰੂ ਹੋਈ ਕਿ ਉਨ੍ਹਾਂ ਨੂੰ ਇੱਕ ਛੁਪਣਗਾਹ 'ਤੇ ਦੇਖਿਆ ਗਿਆ ਸੀ। ਸਾਹਮਣੇ ਤੋਂ ਆਪਣੀ ਟੀਮ ਦੀ ਅਗਵਾਈ ਕਰ ਰਹੇ ਕਰਨਲ ਸਿੰਘ ਨੇ ਅੱਤਵਾਦੀਆਂ 'ਤੇ ਹਮਲਾ ਕਰ ਦਿੱਤਾ। ਹਾਲਾਂਕਿ, ਅੱਤਵਾਦੀਆਂ ਨੇ ਉਸ 'ਤੇ ਗੋਲੀਬਾਰੀ ਕੀਤੀ ਅਤੇ ਉਹ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ। ਉਨ੍ਹਾਂ ਦੱਸਿਆ ਕਿ ਮੇਜਰ ਆਸ਼ੀਸ਼ ਅਤੇ ਡੀਐਸਪੀ ਭੱਟ ਨੂੰ ਵੀ ਗੋਲੀਆਂ ਲੱਗੀਆਂ ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਏ।

ਸੀਨੀਅਰ ਫੌਜ ਅਤੇ ਪੁਲਿਸ ਅਧਿਕਾਰੀ, ਜੀਓਸੀ 15 ਕੋਰ ਲੈਫਟੀਨੈਂਟ ਜਨਰਲ ਰਾਜੀਵ ਘਈ ਅਤੇ ਡੀਜੀਪੀ ਦਿਲਬਾਗ ਸਿੰਘ ਸਮੇਤ ਸਥਿਤੀ ਦਾ ਜਾਇਜ਼ਾ ਲੈਣ ਲਈ ਮੌਕੇ 'ਤੇ ਪਹੁੰਚੇ। ਇਸ ਤੋਂ ਪਹਿਲਾਂ ਜੰਮੂ ਅਤੇ ਕਸ਼ਮੀਰ ਪੁਲਿਸ ਨੇ ਸੋਸ਼ਲ ਮੀਡੀਆ ਹੈਂਡਲ 'ਤੇ ਪੋਸਟ ਕੀਤਾ ਸੀ ਕਿ ਅਨੰਤਨਾਗ ਦੇ ਕੋਕਰਨਾਗ ਖੇਤਰ ਵਿੱਚ ਮੁਕਾਬਲਾ ਸ਼ੁਰੂ ਹੋ ਗਿਆ ਹੈ। ਫੌਜ ਅਤੇ ਜੇਕੇਪੀ ਦੇ ਅਧਿਕਾਰੀ ਜ਼ਖਮੀ ਹੋ ਗਏ ਹਨ। ਵੇਰਵੇ ਆਉਣਗੇ।

ਜਲੰਧਰ ਜ਼ਿਲ੍ਹੇ ਦੇ ਪਿੰਡ ਨੌਲੀ ਦੇ ਗਗਨਦੀਪ ਸਿੰਘ 'ਗੱਗੂ' ਦੀ (ਕੈਨੇਡਾ) ਪੁੱਜਣ ਤੇ ਮਹਿਜ 4 ਦਿਨਾਂ ਬਾਅਦ ਦਿਲ ਦਾ ਦੌਰਾ ਪੈਣ ਕਾਰਨ ਹੋਈ ਅਚਾਨਕ ਮੌਤ

ਗੱਗੂ ਪੰਜਾਬੀ ਟ੍ਰਿਬਿਊਨ ਜਲੰਧਰ ਤੋਂ ਸੀਨੀਅਰ ਪੱਤਰਕਾਰ ਪਾਲ ਸਿੰਘ ਨੌਲੀ ਦਾ ਚਚੇਰਾ ਭਰਾ ਸੀ

ਟੋਰਾਂਟੋ, (ਰਾਜ ਗੋਗਨਾ):-ਪੰਜਾਬ ਦੇ ਜਿਲ੍ਹਾ ਜਲੰਧਰ ਦੇ ਪਿੰਡ ਨੌਲੀ ਦੇ ਜੰਮਪਲ ਗਗਨਦੀਪ ਸਿੰਘ ਉਰਫ ਗੱਗੂ ਜੋ ਬੀਤੇਂ ਦਿਨੀਂ 6 ਸਤੰਬਰ ਨੂੰ ਕੈਨੇਡਾ ਦੇ ਟੋਰਾਂਟੋ ਹਵਾਈ ਅੱਡੇ ਤੇ ਇਸ ਉਮੀਦ ਨਾਲ ਉਤਰਿਆ ਸੀ ਕਿ ਉਹ ਆਪਣੇ ਮਾਪਿਆ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰੇਗਾ ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਜਦੋਂ ਉਹ 10 ਸਤੰਬਰ ਨੂੰ ਕੈਨੇਡਾ ਦੇ ਓਂਟਾਰੀਓ ਦੇ ਸ਼ਹਿਰ ਬੈਰੀ ਵਿੱਚ ਚੰਗਾ ਭਲਾ ਗੱਲਾਂ ਕਰਦਾ-ਕਰਦਾ ਅਚਾਨਕ ਸਦਾ ਲਈ ਸਦੀਵੀ ਵਿਛੋੜਾ ਦੇ ਗਿਆ। ਗਗਨਦੀਪ ਸਿੰਘ ਗੁੱਗੂ ਵਿਆਹਿਆ ਹੋਇਆ ਸੀ। ਉਹ ਪਿੰਡ ਨੌਲੀ ਦੇ ਜਲੰਧਰ ਤੋਂ ਪੰਜਾਬੀ ਟ੍ਰਿਬਿਊਨ ਦੇ ਉੱਘੇ ਪੱਤਰਕਾਰ ਪਾਲ ਸਿੰਘ ਨੌਲੀ ਦਾ ਚਚੇਰਾ ਭਰਾ ਸੀ। ਭਰੇ ਮਨ ਦੇ ਉਸ ਦੇ ਤਾਏ ਤੇ ਪੁੱਤਰ ਭਰਾ ਪਾਲ ਸਿੰਘ ਨੌਲੀ ਨੇ ਦੱਸਿਆ ਕਿ ਉਹ ਉਹਨਾਂ ਦਾ ਚਚੇਰਾ ਭਰਾ ਸੀ।

ਅਚਾਨਕ ਹੀ ਉਸ ਦੀ ਮੌਤ ਦੀ ਮਨਹੂਸ ਖ਼ਬਰ ਸੁਣਦਿਆਂ ਹੀ ਪੂਰੇ ਪਿੰਡ ਵਿੱਚ ਮਾਤਮ ਛਾ ਗਿਆ ਗੁੱਗੂ ਮਿਲਣਸਾਰ ਅਤੇ ਬੜੇ ਮਿਲਾਪੜੇ ਸੁਭਾਅ ਦਾ ਅਤੇ ਹਰੇਕ ਇਨਸਾਨ ਦਾ ਅਦਬ ਸਤਿਕਾਰ ਕਰਨ ਵਾਲਾ ਵਿਅਕਤੀ ਸੀ। ਉਹਨਾਂ ਆਪਣੇ ਭਰੇ ਮਨ ਨਾਲ ਦੱਸਿਆ ਕਿ ਜਦੋਂ ਇਹ ਦੁੱਖ ਭਰੀ ਖਬਰ ਪਿੰਡ ਨੌਲੀ 'ਚ ਖਬਰ ਪਹੁੰਚੀ ਤਾਂ ਗੱਗੂ ਦੀ ਮਾਤਾ ਦੇ ਵੈਣ ਅਸਮਾਨ ਦਾ ਸੀਨਾ ਪਾੜ ਰਹੇ ਸਨ। ਮ੍ਰਿਤਕ ਦੇ ਤਾਏ ਦੇ ਪੁੱਤ ਉੱਘੇ ਪੱਤਰਕਾਰ (ਭਰਾ) ਪਾਲ ਸਿੰਘ ਨੌਲੀ ਨੇ ਭਰੇ ਹੋਏ ਮਨ ਨਾਲ ਦੱਸਿਆ ਕਿ ਗੱਗੂ ਆਪਣੇ ਬਾਪ ਦੇ ਸਿਰ ਚੜ੍ਹੇ ਕਰਜ਼ੇ ਨੂੰ ਉਤਾਰਣ ਲਈ ਕੈਨੇਡਾ ਆਇਆ ਸੀ ਪਰ ਰੱਬ ਨੂੰ ਪਤਾ ਨਹੀ ਇਹੋ ਹੀ ਮਨਜ਼ੂਰ ਸੀ। ਪਰ ਉਹ ਮਹਿਜ 5 ਦਿਨਾਂ ਵਿੱਚ ਆਪਣੇ ਘਰ ਦੇ ਹੀ ਧੋਣੇ ਧਾਉਣ ਦੀ ਬਜਾਏ ਮਾਪਿਆ ਅਤੇ ਸਾਡੇ ਪੂਰੇ ਪਰਿਵਾਰ ਨੂੰ ਉਮਰਾਂ ਦੇ ਰੋਣੇ ਪਾ ਗਿਆ ਹੈ। ਗੱਗੂ ਪਿੰਡ 'ਚ ਬਹੁਤ ਹੀ ਹੀ ਹਰਮਨ ਪਿਆਰਾ ਸੀ।ਪਰਿਵਾਰ ਵਲੋਂ ਗਗਨਦੀਪ ਸਿੰਘ ਗੁੱਗੂ ਦੀ ਮ੍ਰਿਤਕ ਦੇਹ ਨੂੰ ਪੰਜਾਬ ਉਸ ਦੀ ਜਨਮ ਭੂਮੀ ਪਿੰਡ ਨੌਲੀ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਉਸ ਦੀ ਮ੍ਰਿਤਕ ਦੇਹ ਪੰਜਾਬ ਪਹੁੰਚਾਉਣ ਲਈ ਮਦਦ ਲਈ ਗੌ ਫੰਡ ਮੀ ਨਾਂ ਦਾ ਪੇਜ ਵੀ ਸਥਾਪਤ ਕੀਤਾ ਗਿਆ ਹੈ। ਜਿੱਥੇ ਪ੍ਰਵਾਸੀ ਭਾਰਤੀਆਂ ਨੂੰ ਉਸ ਦੀ ਦੇਹ ਨੂੰ ਪੰਜਾਬ ਪਹੁੰਚਾਉਣ ਲਈ ਮਦਦ ਕਰਨ ਲਈ ਬੇਨਤੀ ਕੀਤੀ ਗਈ ਹੈ।ਤਾਂ ਜੋ ਉਸ ਦੀਆਂ ਅੰਤਿਮ ਰਸਮਾਂ (ਸੰਸਕਾਰ) ਪਰਿਵਾਰ ਵੱਲੋਂ ਉਸ ਦੀ ਜਨਮ ਭੂਮੀ ਪਿੰਡ ਨੌਲੀ ਵਿਖੇਂ ਪੂਰੀਆਂ ਕੀਤੀਆਂ ਜਾਣ। ਅਤੇ ਪਰਿਵਾਰ ਆਖ਼ਰੀ ਵਾਰ ਉਸ ਦਾ ਮੂੰਹ ਦੇਖ ਸਕੇ।

ਜੀ20: ਨਵੀਂ ਦਿੱਲੀ ਐਲਾਨਨਾਮਾ ਸਰਬਸੰਮਤੀ ਨਾਲ ਪ੍ਰਵਾਨ

- ਸਾਰੇ ਦੇਸ਼ਾਂ ਨੂੰ ਖੇਤਰੀ ਅਖੰਡਤਾ ਤੇ ਪ੍ਰਭੁਸੱਤਾ ਦੇ ਸਿਧਾਂਤ ਕਾਇਮ ਰੱਖਣ ਦਾ ਸੱਦਾ
- ਪੈਰਿਸ ਜਲਵਾਯੂ ਸਮਝੌਤੇ ਦੇ ਟੀਚਿਆਂ ਲਈ 5.9 ਖਰਬ ਡਾਲਰ ਦੀ ਲੋੜ
- ਯੂਕਰੇਨ ਜੰਗ ਸਣੇ ਪੇਸ਼ ਸਾਰੇ ਮਤਿਆਂ ਨੂੰ ਦਿੱਤੀ ਪ੍ਰਵਾਨਗੀ

ਜੀ-20 ਸਿਖਰ ਸੰਮੇਲਨ ਦੌਰਾਨ (ਖੱਬੇ ਤੋਂ ਸੱਜੇ) ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਬੰਗਾ, ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਈਜ਼ ਇਨਾਸੀਓ ਲੂਲਾ ਦਾ ਸਿਲਵਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਾਇਰਿਲ ਰਾਮਾਫੋਸਾ ਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਸਾਂਝੀ ਤਸਵੀਰ ਖਿਚਵਾਉਂਦੇ ਹੋਏ।



ਮੋਦੀ ਵਲੋਂ ਦੁਨੀਆ ਦੇ ਚੋਟੀ ਦੇ ਆਗੂਆਂ ਦੀ ਮਹਿਮਾਨ ਨਿਵਾਜ਼ੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਚੰਗੀ ਖ਼ਬਰ ਹੈ, ਸਾਰਿਆਂ ਦੇ ਸਹਿਯੋਗ ਨਾਲ ਨਵੀਂ ਦਿੱਲੀ ਜੀ-20 ਸਾਂਝੇ ਐਲਾਨਨਾਮੇ 'ਤੇ ਸਹਿਮਤੀ ਬਣ ਗਈ ਹੈ। ਸ੍ਰੀ ਮੋਦੀ ਨੇ ਸਾਂਝੇ ਐਲਾਨ ਨੂੰ ਸੰਭਵ ਬਣਾਉਣ ਲਈ ਸਖ਼ਤ ਮਿਹਨਤ ਕਰਨ ਲਈ ਜੀ-20 ਸ਼ੇਰਪਾ, ਮੰਤਰੀਆਂ ਅਤੇ ਸਾਰੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੁਆਗਤ ਭਾਸ਼ਨ ਦੇ ਨਾਲ ਹੀ ਇਥੇ ਜੀ-20 ਸਿਖ਼ਰ ਸੰਮੇਲਨ ਸ਼ੁਰੂ ਹੋ ਗਿਆ। ਸ੍ਰੀ ਮੋਦੀ ਨੇ ਸਵੇਰੇ ਇੱਥੇ ਜੀ-20 ਸੰਮੇਲਨ ਦੇ ਸਥਾਨ 'ਭਾਰਤ ਮੰਡਪਮ' 'ਚ ਵਿਸ਼ਵ ਨੇਤਾਵਾਂ ਦਾ ਸਵਾਗਤ ਕੀਤਾ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਤੋਨੀਓ ਗੁਟਾਰੇਜ਼, ਅੰਤਰਰਾਸ਼ਟਰੀ ਮੁਦਰਾ ਫੰਡ (ਆਈਐੱਮਐੱਫ) ਦੀ ਮੈਨੇਜਿੰਗ ਡਾਇਰੈਕਟਰ ਅਤੇ ਚੇਅਰਪਰਸਨ ਕ੍ਰਿਸਟਾਲੀਨਾ ਜਾਰਜੀਵਾ ਅਤੇ ਵਿਸ਼ਵ ਵਪਾਰ ਸੰਗਠਨ (ਡਬਲਿਊਟੀਓ) ਦੇ ਡਾਇਰੈਕਟਰ-ਜਨਰਲ ਨਗੋਜ਼ੀ ਓਕੋਨਜੋ-ਇਵੇਲਾ ਸਥਾਨ 'ਤੇ ਪਹੁੰਚਣ ਵਾਲੇ ਸਭ ਤੋਂ ਪਹਿਲਾਂ ਸਨ। ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵੀ ਇੱਥੇ ਪ੍ਰਗਤੀ ਮੈਦਾਨ ਵਿੱਚ ਨਵੇਂ ਬਣੇ ਸੰਮੇਲਨ ਸਥਾਨ 'ਤੇ ਪਹੁੰਚੀ। 13ਵੀਂ ਸਦੀ ਦੀ ਮਸ਼ਹੂਰ ਕਲਾਕ੍ਰਿਤੀ ਕੋਨਾਰਕ ਚੱਕਰ ਦੀ ਪ੍ਰਤੀਰੂਪ ਉਸ ਜਗ੍ਹਾ ਦੇ ਬਿਲਕੁਲ ਪਿੱਛੇ ਸਥਾਪਤ ਕੀਤੀ ਗਈ ਹੈ, ਜਿੱਥੇ ਸ੍ਰੀ ਮੋਦੀ ਨੇ ਵਿਸ਼ਵ ਨੇਤਾਵਾਂ ਦਾ ਸਵਾਗਤ ਕੀਤਾ। ਇਹ ਚੱਕਰ ਸਮੇਂ, ਤਰੱਕੀ ਅਤੇ ਨਿਰੰਤਰ ਤਬਦੀਲੀ ਦਾ ਪ੍ਰਤੀਕ ਹੈ।

ਨਵੀਂ ਦਿੱਲੀ : ਜੀ-20 ਸਿਖਰ ਸੰਮੇਲਨ 'ਚ ਭਾਰਤ ਨੂੰ ਅੱਜ ਇੱਕ ਵੱਡੀ ਕੂਟਨੀਤਕ ਕਾਮਯਾਬੀ ਹਾਸਲ ਹੋਈ ਜਦੋਂ ਰੂਸ-ਯੂਕਰੇਨ ਜੰਗ 'ਤੇ ਵਖਰੇਵਿਆਂ ਦੇ ਬਾਵਜੂਦ ਇਸ ਪ੍ਰਭਾਵਸ਼ਾਲੀ ਸਮੂਹ ਦੇ ਮੈਂਬਰ ਮੁਲਕਾਂ ਨੇ ਐਲਾਨਨਾਮੇ (ਨਵੀਂ ਦਿੱਲੀ ਲੀਡਰਜ਼ ਸਮਿਟ ਡੈਕਲੇਰੇਸ਼ਨ) ਨੂੰ ਸਰਬ ਸਹਿਮਤੀ ਨਾਲ ਪ੍ਰਵਾਨ ਕਰ ਲਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਐਲਾਨ ਵੀ ਕੀਤਾ ਕਿ ਅਫਰੀਕਨ ਯੂਨੀਅਨ ਨੂੰ ਜੀ-20 ਦਾ ਸਥਾਈ ਮੈਂਬਰ ਬਣਾ ਲਿਆ ਗਿਆ ਹੈ। ਇਹ ਕਹਿੰਦਿਆਂ ਕਿ 'ਅੱਜ ਦਾ ਯੁੱਗ ਜੰਗ ਦਾ ਨਹੀਂ ਹੋਣਾ ਚਾਹੀਦਾ' ਭਾਰਤ ਦੀ ਅਗਵਾਈ ਹੇਠ ਨਵੀਂ ਦਿੱਲੀ ਜੀ-20 ਸਿਖਰ ਸੰਮੇਲਨ ਦੇ ਆਗੂਆਂ ਨੇ ਸਾਰੇ ਰਾਜਾਂ ਨੂੰ ਖੇਤਰੀ ਅਖੰਡਤਾ ਤੇ ਪ੍ਰਭੁਸੱਤਾ ਸਮੇਤ ਕੌਮਾਂਤਰੀ ਕਾਨੂੰਨ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਦਾ ਸੱਦਾ ਦਿੱਤਾ ਅਤੇ ਯੂਕਰੇਨ 'ਚ ਸਥਾਈ ਸ਼ਾਂਤੀ ਦੀ ਵਕਾਲਤ ਕੀਤੀ। ਇਸ 37 ਸਫ਼ਿਆਂ ਦੇ ਐਲਾਨਨਾਮੇ 'ਤੇ ਸਹਿਮਤੀ ਬਣਨ ਦਾ ਐਲਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਹੈ। ਇਸ ਐਲਾਨਨਾਮੇ 'ਚ ਯੂਕਰੇਨ ਜੰਗ ਤੋਂ ਇਲਾਵਾ ਅਤਿਵਾਦ ਤੇ ਮਨੀ ਲਾਂਡਰਿੰਗ ਖ਼ਿਲਾਫ਼ ਜੰਗ, ਆਰਥਿਕਤਾ ਤੇ ਵਾਤਾਵਰਣ, ਆਲਮੀ ਵਿਕਾਸ, ਬਹੁਪਰਤੀ ਵਿਕਾਸ ਬੈਂਕਾਂ, ਸਰਹੱਦ ਪਾਰੋਂ ਹੋਣ ਵਾਲੀਆਂ ਅਦਾਇਗੀਆਂ, ਸਿੱਖਿਆ, ਖੇਤੀਬਾੜੀ, ਧਰਮ ਅਤੇ ਭ੍ਰਿਸ਼ਟਾਚਾਰ ਸਬੰਧੀ ਮਤੇ ਸ਼ਾਮਲ ਕੀਤੇ ਗਏ ਸਨ ਜਿਨ੍ਹਾਂ ਨੂੰ ਜੀ-20 ਸਮੂਹ ਦੇ ਸਾਰੇ ਮੈਂਬਰ ਮੁਲਕਾਂ ਨੇ ਸਵੀਕਾਰ ਕਰ ਲਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਐਲਾਨ ਕੀਤਾ ਕਿ ਮੈਂਬਰ ਮੁਲਕਾਂ ਵਿਚਾਲੇ ਸਹਿਮਤੀ ਨਾਲ ਜੀ-20 ਨੇ ਐਲਾਨਨਾਮਾ (ਨਵੀਂ ਦਿੱਲੀ ਲੀਡਰਜ਼ ਸਮਿਟ ਡੈਕਲੇਰੇਸ਼ਨ) ਨੂੰ ਅਪਣਾ ਲਿਆ ਗਿਆ ਹੈ। ਯੂਕਰੇਨ ਸੰਘਰਸ਼ 'ਤੇ ਵਧਦੇ ਤਣਾਅ ਅਤੇ ਵੱਖ ਵੱਖ ਵਿਚਾਰਾਂ ਵਿਚਾਲੇ ਭਾਰਤ ਦੀ ਜੀ-20 ਪ੍ਰਧਾਨਗੀ ਹੇਠ ਇਹ ਅਹਿਮ ਕਾਮਯਾਬੀ ਹੈ। ਐਲਾਨਨਾਮੇ 'ਤੇ ਸਰਬ-ਸਹਿਮਤੀ ਅਤੇ ਉਸ ਮਗਰੋਂ ਇਸ ਨੂੰ ਅਪਣਾਉਣ ਦਾ ਐਲਾਨ ਭਾਰਤ ਵੱਲੋਂ ਯੂਕਰੇਨ ਜੰਗ ਦਾ ਜ਼ਿਕਰ ਕਰਨ ਲਈ ਜੀ-20 ਮੁਲਕਾਂ ਨੂੰ ਇੱਕ ਨਵਾਂ ਪਾਠ ਵੰਡਣ ਤੋਂ ਕੁਝ ਘੰਟੇ ਬਾਅਦ ਹੋਇਆ। ਪ੍ਰਧਾਨ ਮੰਤਰੀ ਮੋਦੀ ਨੇ ਸਿਖਰ ਸੰਮੇਲਨ ਦੇ ਆਗੂਆਂ ਨੂੰ ਕਿਹਾ, 'ਹੁਣੇ ਹੁਣੇ ਚੰਗੀ ਖ਼ਬਰ ਮਿਲੀ ਹੈ ਕਿ ਸਾਡੀ ਟੀਮ ਦੀ ਸਖਤ ਮਿਹਨਤ ਤੇ ਤੁਹਾਡੇ ਸਹਿਯੋਗ ਨਾਲ ਨਵੀਂ ਦਿੱਲੀ ਜੀ-20 ਲੀਡਰਜ਼ ਸਮਿਟ ਡੈਕਲੇਰੇਸ਼ਨ 'ਤੇ ਆਮ ਸਹਿਮਤੀ ਬਣ ਗਈ ਹੈ।' ਪ੍ਰਧਾਨ ਮੰਤਰੀ ਨੇ ਕਿਹਾ, 'ਮੈਂ ਐਲਾਨ ਕਰਦਾ ਹਾਂ ਕਿ ਇਸ ਐਲਾਨਨਾਮੇ ਨੂੰ ਪ੍ਰਵਾਨ ਕਰ ਲਿਆ ਗਿਆ ਹੈ।' ਮੋਦੀ ਨੇ ਕਿਹਾ, 'ਇਸ ਮੌਕੇ ਮੈਂ ਆਪਣੇ ਮੰਤਰੀਆਂ, ਸ਼ੇਰਪਾ ਅਤੇ ਸਾਰੇ ਅਧਿਕਾਰੀਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਆਪਣੀ ਸਖਤ ਮਿਹਨਤ ਨਾਲ ਇਸ ਨੂੰ ਸੰਭਵ ਬਣਾਇਆ।'

ਇਸ ਤੋਂ ਪਹਿਲਾਂ ਜੀ-20 ਦੇਸ਼ਾਂ ਦੇ 'ਨਵੀਂ ਦਿੱਲੀ ਡੈਕਲੇਰੇਸ਼ਨ ਆਫ ਜੀ-20' ਵਿੱਚ ਅੱਜ ਕਿਹਾ ਗਿਆ ਕਿ ਅੱਜ ਦਾ ਯੁੱਗ ਯੁੱਧ ਦਾ ਯੁੱਗ ਨਹੀਂ ਹੈ ਅਤੇ ਇਸ ਦੇ ਮੱਦੇਨਜ਼ਰ ਐਲਾਨਨਾਮੇ 'ਚ ਸਾਰੇ ਦੇਸ਼ਾਂ ਨੂੰ ਖੇਤਰੀ ਅਖੰਡਤਾ ਅਤੇ ਪ੍ਰਭੁਸੱਤਾ ਸਮੇਤ ਕੌਮਾਂਤਰੀ ਕਾਨੂੰਨ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਦਾ ਸੱਦਾ ਦਿੱਤਾ ਗਿਆ ਹੈ। ਇਸ ਵਿੱਚ ਕਿਹਾ ਗਿਆ ਕਿ ਸੰਘਰਸ਼ਾਂ ਦੇ ਸ਼ਾਂਤੀਪੂਰਨ ਹੱਲ ਦੇ ਨਾਲ-ਨਾਲ ਕੂਟਨੀਤੀ ਅਤੇ ਸੰਵਾਦ ਵੀ ਜ਼ਰੂਰੀ ਹੈ। ਇਸ ਦੌਰਾਨ ਯੂਕਰੇਨ ਵਿੱਚ ਜੰਗ ਸਬੰਧੀ ਬਾਲੀ 'ਚ ਹੋਈ ਚਰਚਾ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਤੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਪਾਸ ਕੀਤੇ ਗਏ ਮਤਿਆਂ ਨੂੰ ਦੁਹਰਾਇਆ ਗਿਆ। ਇਸ ਵਿੱਚ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸਾਰੇ ਦੇਸ਼ਾਂ ਨੂੰ ਸੰਯੁਕਤ ਰਾਸ਼ਟਰ ਚਾਰਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸੰਯੁਕਤ ਰਾਸ਼ਟਰ ਦੇ ਚਾਰਟਰ ਅਨੁਸਾਰ ਸਾਰੇ ਦੇਸ਼ਾਂ ਨੂੰ ਕਿਸੇ ਵੀ ਦੇਸ਼ ਦੀ ਖੇਤਰੀ ਅਖੰਡਤਾ ਅਤੇ ਪ੍ਰਭੁਸੱਤਾ ਜਾਂ ਰਾਜਨੀਤਿਕ ਸੁਤੰਤਰਤਾ ਖ਼ਿਲਾਫ਼ ਚਿਤਾਵਨੀ ਜਾਂ ਤਾਕਤ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ 'ਚ ਕਿਹਾ ਗਿਆ, "ਪਰਮਾਣੂ ਹਥਿਆਰਾਂ ਦੀ ਵਰਤੋਂ ਜਾਂ ਵਰਤੋਂ ਦੀ ਧਮਕੀ ਸਵੀਕਾਰ ਕਰਨ ਯੋਗ ਨਹੀਂ ਹੈ।"

ਵਿਸ਼ਵ ਬੈਂਕ ਦੇ ਮੁਖੀ ਅਜੈ ਬੰਗਾ ਵਲੋਂ ਭਾਰਤ ਲੀਡਰਸ਼ਿਪ ਅਤੇ ਜੀ-20 ਨੇਤਾਵਾਂ ਦੀ ਤਾਰੀਫ਼

ਨਵੀਂ ਦਿੱਲੀ : ਵਿਸ਼ਵ ਬੈਂਕ ਦੇ ਮੁਖੀ ਅਜੈ ਬੰਗਾ ਦਾ ਕਹਿਣਾ ਹੈ, 'ਮੈਂ ਇਸ ਤੱਥ ਨੂੰ ਮੰਨਦਾ ਹਾਂ ਕਿ ਇਕ ਘੋਸ਼ਣਾ ਸੀ, ਇਸ ਤੱਥ ਨੂੰ ਸ਼ਰਧਾਂਜਲੀ ਕਿ ਜੀ-20 ਲੀਡਰਸ਼ਿਪ ਨੇ ਦੇਣ ਅਤੇ ਲੈਣ ਅਤੇ ਗੱਲਬਾਤ ਕਰਨ ਦਾ ਇਕ ਰਸਤਾ ਲੱਭਿਆ ਅਤੇ ਸਹਿਮਤ ਹੋਣ ਦਾ ਇਕ ਸਹੀ ਰਸਤਾ ਲੱਭਿਆ ਅਤੇ ਇਕ ਰਸਤਾ ਤੈਅ ਕੀਤਾ। ਦੁਨੀਆ ਦੇਖ ਰਹੀ ਹੈ... ਦੁਨੀਆ ਦੀ ਜੀ.ਡੀ.ਪੀ. ਦਾ 80% ਕਮਰੇ ਵਿਚ ਬੈਠਾ ਹੈ। ਜੇਕਰ ਉਹ ਸਹਿਮਤ ਨਹੀਂ ਹੋਣਗੇ ਤਾਂ ਇਹ ਚੰਗਾ ਸੁਨੇਹਾ ਨਹੀਂ ਦੇਵੇਗਾ। ਮੈਂ ਅਸਲ ਵਿਚ ਭਾਰਤ, ਇਸ ਦੀ ਲੀਡਰਸ਼ਿਪ ਅਤੇ ਜੀ-20 ਨੇਤਾਵਾਂ ਦੀ ਤਾਰੀਫ਼ ਕਰਦਾ ਹਾਂ। ਇਹ ਸੁਨਿਸ਼ਚਿਤ ਕਰੋ ਕਿ ਇਕ ਸ਼ਾਨਦਾਰ ਘੋਸ਼ਣਾ ਸਾਹਮਣੇ ਆਵੇ... ਹਮੇਸ਼ਾ ਚੁਣੌਤੀਆਂ ਹੋਣਗੀਆਂ। ਕੋਈ ਵੀ 20 ਦੇਸ਼ ਹਰ ਗੱਲ 'ਤੇ ਸਹਿਮਤ ਨਹੀਂ ਹੋਣਗੇ। ਲੋਕਾਂ ਨੂੰ ਆਪਣੇ ਰਾਸ਼ਟਰੀ ਹਿੱਤਾਂ ਦਾ ਧਿਆਨ ਰੱਖਣਾ ਹੋਵੇਗਾ। ਪਰ ਮੈਂ ਉਸ ਕਮਰੇ ਵਿਚ ਜੋ ਮੂਡ ਦੇਖਿਆ ਉਸ ਤੋਂ ਮੈਂ ਆਸ਼ਾਵਾਦੀ ਹਾਂ...'

ਕੋਨਾਰਕ ਤੋਂ ਨਾਲੰਦਾ: ਜੀ-20 ਸਿਖਰ ਸੰਮੇਲਨ ਵਿੱਚ ਭਾਰਤ ਦੀ ਭਵਨ ਨਿਰਮਾਣ ਕਲਾ ਨਾਲ ਜੁੜੀ ਵਿਰਾਸਤ ਦਾ ਮੁਜ਼ਾਹਰਾ



ਨਵੀਂ ਦਿੱਲੀ : ਜੀ-20 ਸਿਖਰ ਵਾਰਤਾ ਦੇ ਵੈਨਿਊ 'ਭਾਰਤ ਮੰਡਪਮ' ਵਿੱਚ ਉੜੀਸਾ ਦੇ 13ਵੀਂ ਸਦੀ ਦੇ ਕੋਨਾਰਕ ਮੰਦਿਰ ਤੋਂ ਲੈ ਕੇ ਬਿਹਾਰ ਦੀ ਪ੍ਰਾਚੀਨ ਨਾਲੰਦਾ ਯੂਨੀਵਰਸਿਟੀ ਤੱਕ ਭਾਰਤ ਦੀ ਅਮੀਰ ਭਵਨ ਨਿਰਮਾਣ ਕਲਾ ਦੀ ਵਿਰਾਸਤ 'ਤੇ ਰੌਸ਼ਨੀ ਪਾਈ ਗਈ ਹੈ। ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨਿੱਚਰਵਾਰ ਰਾਤ ਨੂੰ ਜੀ-20 ਸਮੂਹ ਵਿੱਚ ਸ਼ਾਮਲ ਮੈਂਬਰ ਮੁਲਕਾਂ ਦੇ ਆਗੂਆਂ ਤੇ ਹੋਰਨਾਂ ਮਹਿਮਾਨਾਂ ਦਾ ਸ਼ਨਿੱਚਰਵਾਰ ਰਾਤ ਨੂੰ ਭਾਰਤ ਮੰਡਪਮ ਵਿੱਚ ਰੱਖੇ ਰਾਤਰੀ ਭੋਜ ਲਈ ਸਵਾਗਤ ਕੀਤਾ। ਇਸ ਮੌਕੇ ਪਿਛੋਕੜ ਵਿਚ ਪੁਰਾਤਨ ਨਾਲੰਦਾ ਯੂਨੀਵਰਸਿਟੀ, ਜਿਸ ਨੂੰ ਯੂਨੈਸਕੋ ਨੇ ਵਿਸ਼ਵ ਵਿਰਾਸਤੀ ਸਾਈਟ ਐਲਾਨਿਆ ਹੋਇਆ ਹੈ, ਦੀ ਰਿਪਲਿਕਾ ਮੌਜੂਦ ਸੀ। ਨਾਲੰਦਾ ਵਿਸ਼ਵ ਦੀਆਂ ਸਭ ਤੋਂ ਪੁਰਾਣੀਆਂ ਯੂਨੀਵਰਸਿਟੀਆਂ 'ਚੋਂ ਇਕ ਹੈ। ਸ੍ਰੀ ਮੋਦੀ ਨੇ ਮਹਿਮਾਨਾਂ ਵਿੱਚ ਸ਼ਾਮਲ ਯੂਕੇ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਸਣੇ ਹੋਰਨਾਂ ਨੂੰ ਇਸ ਯੂਨੀਵਰਸਿਟੀ ਦੀ ਅਹਿਮੀਅਤ ਬਾਰੇ ਵੀ ਦੱਸਿਆ। ਸ਼ਾਮ ਦੀ ਰਿਸੈਪਸ਼ਨ ਲਈ ਜੇਕਰ ਨਾਲੰਦਾ ਨੂੰ ਪਿਛੋਕੜ ਵਿੱਚ ਰੱਖਿਆ ਗਿਆ ਸੀ ਤਾਂ ਸਵੇਰ ਦੇ ਸਮਾਗਮ ਵਿੱਚ ਉੜੀਸਾ ਦੇ ਕੋਨਾਰਕ ਵਿਚ ਸੂਰਿਆ ਮੰਦਰ ਦੀ ਸੁੰਦਰ ਤਸਵੀਰ ਨੂੰ ਦਰਸਾਇਆ ਗਿਆ ਸੀ। ਕੋਨਾਰਕ ਦਾ ਸੂਰਿਆ ਮੰਦਰ 13ਵੀਂ ਸਦੀ ਵਿੱਚ ਬਣਾਇਆ ਗਿਆ ਸੀ ਤੇ ਇਹ ਮੰਦਰ ਵੀ ਯੂਨੈਸਕੋ ਦੀ ਵਿਸ਼ਵ ਵਿਰਾਸਤੀ ਸੂਚੀ ਵਿੱਚ ਸ਼ਾਮਲ ਹੈ।

ਮੁਰਮੂ ਤੇ ਮੋਦੀ ਵੱਲੋਂ ਰਾਤਰੀ ਭੋਜ 'ਚ ਜੀ20 ਦੇ ਆਗੂਆਂ ਦਾ ਸਵਾਗਤ

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼, ਆਈਐਮਐਫ ਦੀ ਐਮਡੀ ਕ੍ਰਿਸਟਲੀਨਾ ਜੌਰਜੀਵਾ, ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਬੰਗਾ ਅਤੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਸਭ ਤੋਂ ਪਹਿਲਾਂ ਪਹੁੰਚਣ ਵਾਲਿਆਂ 'ਚ ਸ਼ਾਮਲ

ਰਾਤਰੀ ਭੋਜ ਮੌਕੇ ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਬੰਗਾ

ਰਾਤਰੀ ਭੋਜ ਮੌਕੇ ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੌਂ।

ਰਾਤਰੀ ਭੋਜ ਮੌਕੇ ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਡਬਲਯੂਟੀਓ ਡਾਇਰੈਕਟਰ ਜਨਰਲ ਨਗੋਜ਼ੀ ਓਕੋਂਜੋ ਇਵੀਆਲਾ।

ਆਈਐੱਮਐੱਫ ਦੀ ਐੱਮਡੀ ਕ੍ਰਿਸਟਲੀਨਾ ਜੌਰਜੀਵਾ ਨਾਲ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ।

ਨਵੀਂ ਦਿੱਲੀ : ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਇੱਥੇ ਸੰਮੇਲਨ ਵਾਲੀ ਥਾਂ 'ਤੇ ਭਾਰਤ ਮੰਡਪਮ ਵਿੱਚ ਸ਼ਾਨਦਾਰ ਰਾਤਰੀ ਭੋਜ 'ਚ ਜੀ20 ਦੇ ਆਗੂਆਂ ਤੇ ਡੈਲੀਗੇਟਾਂ ਦਾ ਸਵਾਗਤ ਕੀਤਾ। ਰਾਤਰੀ ਭੋਜ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਇਕ ਮੰਚ 'ਤੇ ਮਹਿਮਾਨਾਂ ਦਾ ਸਵਾਗਤ ਕੀਤਾ, ਜਿਸ ਦੇ ਪਿਛੋਕੜ ਵਿੱਚ ਬਿਹਾਰ ਦੀ ਨਾਲੰਦਾ ਯੂਨੀਵਰਸਿਟੀ ਦੇ ਪੁਰਾਤਨ ਅੰਸ਼ ਅਤੇ ਭਾਰਤ ਦੀ ਪ੍ਰਧਾਨਗੀ ਵਿੱਚ ਜੀ20 ਦੇ ਥੀਮ 'ਵਾਸੂਧੈਵ ਕੁਟੁੰਬਕਮ - ਇਕ ਧਰਤੀ, ਇਕ ਪਰਿਵਾਰ, ਇਕ ਭਵਿੱਖ' ਨੂੰ ਦਰਸਾਇਆ ਗਿਆ ਸੀ। ਨਾਲੰਦਾ ਯੂਨੀਵਰਸਿਟੀ ਦੇ ਪੁਰਾਤਨ ਅੰਸ਼ ਯੂਨੈਸਕੋ ਦੀ ਵਿਸ਼ਵ ਧਰੋਹਰ ਦੀ ਸੂਚੀ ਵਿੱਚ ਸ਼ਾਮਲ ਹਨ। ਇਹ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਯੂਨੀਵਰਸਿਟੀਆਂ 'ਚੋਂ ਇਕ ਸੀ। ਰਾਸ਼ਟਰਪਤੀ ਮੁਰਮੂ ਭਾਰਤ ਮੰਡਪਮ ਵਿੱਚ ਜੀ20 ਆਗੂਆਂ, ਕੌਮਾਂਤਰੀ ਡੈਲੀਗੇਟਾਂ ਅਤੇ ਹੋਰ ਸ਼ਖ਼ਸੀਅਤਾਂ ਲਈ ਰਸਮੀ ਰਾਤਰੀ ਭੋਜ ਦੀ ਮੇਜ਼ਬਾਨੀ ਕਰ ਰਹੇ ਸਨ। ਨਵੇਂ ਬਣੇ ਕੌਮਾਂਤਰੀ ਸੰਮੇਲਨ ਤੇ ਪ੍ਰਦਰਸ਼ਨੀ ਕੇਂਦਰ ਅਤੇ ਇਸ ਤੋਂ ਬਾਅਦ ਹਰੇ-ਭਰੇ ਲਾਅਨ ਰਾਤ ਵਿੱਚ ਰੰਗੀਨ ਰੋਸ਼ਨੀ ਨਾਲ ਰੁਸਨਾਉਂਦੇ ਨਜ਼ਰ ਆਏ ਅਤੇ ਇਸ ਦੇ ਫੁਹਾਰਿਆਂ ਤੇ ਅਤਿ-ਆਧੁਨਿਕ ਇਮਾਰਤ ਦੇ ਸਾਹਮਣੇ ਰੱਖੀ 'ਨਟਰਾਜ' ਦੀ ਮੂਰਤੀ ਨੇ ਰਾਤਰੀ ਭੋਜ ਵਾਲੀ ਜਗ੍ਹਾ ਨੂੰ ਹੋਰ ਵੀ ਸੁੰਦਰ ਬਣਾ ਦਿੱਤਾ। ਪਹਿਲਾਂ ਪਹੁੰਚਣ ਵਾਲਿਆਂ ਵਿੱਚ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨੀਓ ਗੁਟੇਰੇਜ਼, ਭਾਰਤੀ ਰਵਾਇਤੀ ਪੁਸ਼ਾਕ ਸਲਵਾਰ-ਕੁੜਤਾ ਪਹਿਨੇ ਹੋਏ ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ) ਦੀ ਪ੍ਰਬੰਧ ਨਿਰਦੇਸ਼ਕ ਤੇ ਚੇਅਰਮੈਨ ਕ੍ਰਿਸਟਲੀਨਾ ਜੌਰਜੀਵਾ, ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਬੰਗਾ ਅਤੇ ਉਨ੍ਹਾਂ ਦੀ ਪਤਨੀ ਰਿਤੂ ਬੰਗਾ ਤੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਪ੍ਰਗਤੀ ਮੈਦਾਨ ਵਿੱਚ ਸ਼ਾਮਲ ਸਨ। ਜੀ20 ਸੰਮੇਲਨ ਸ਼ਨਿਚਰਵਾਰ ਨੂੰ ਭਾਰਤ ਮੰਡਪਮ ਵਿੱਚ ਸ਼ੁਰੂ ਹੋਇਆ ਅਤੇ ਇਹ ਐਤਵਾਰ ਨੂੰ ਸਮਾਪਤ ਹੋਵੇਗਾ। ਇਸ ਦੌਰਾਨ ਰਾਸ਼ਟਰਪਤੀ ਮੁਰਮੂ ਅਤੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਮੰਚ 'ਤੇ ਇਕ-ਦੂਜੇ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਦੌਰਾਨ ਮਹਿਮਾਨਾਂ ਨੂੰ ਵਿਭਿੰਨ ਰਸੋਈ ਪਰੰਪਰਾ ਦਰਸਾਉਂਦੇ ਵੱਖ-ਵੱਖ ਤਰ੍ਹਾਂ ਦੇ ਪਕਵਾਨ ਵਰਤਾਏ ਗਏ। ਰਾਸ਼ਟਰ ਮੁਖੀਆਂ ਦੀਆਂ ਪਤਨੀਆਂ ਨੂੰ ਦੁਪਹਿਰ ਦਾ ਭੋਜਨ ਪਰੋਸਿਆ: ਜੀ-20 ਸਿਖਰ ਸੰਮੇਲਨ 'ਚ ਸ਼ਾਮਲ ਹੋਏ ਵੱਖ ਵੱਖ ਦੇਸ਼ਾਂ ਦੇ ਆਗੂਆਂ ਦੀਆਂ ਪਤਨੀਆਂ ਤੇ ਪ੍ਰਥਮ ਮਹਿਲਾਵਾਂ ਨੂੰ ਅੱਜ ਇਥੇ ਜੈਪੁਰ ਹਾਊਸ ਵਿੱਚ ਦੁਪਹਿਰ ਦਾ ਭੋਜਨ ਪਰੋਸਿਆ ਗਿਆ। ਭੋਜਨ ਦੀਆਂ ਕਈ ਵੰਨਗੀਆਂ ਮੋਟੇ ਅਨਾਜ (ਜਵਾਰ, ਬਾਜਰਾ) ਨਾਲ ਤਿਆਰ ਕੀਤੀਆਂ ਗਈਆਂ ਸਨ। ਸੂਤਰਾਂ ਅਨੁਸਾਰ ਭੋਜਨ ਉਪਰੰਤ ਉਨ੍ਹਾਂ ਨੂੰ ਰਾਸ਼ਟਰੀ ਆਧੁਨਿਕ ਕਲਾ ਮਿਊਜ਼ੀਅਮ (ਐੱਨਜੀਐੱਮਏ) ਵਿੱਚ ਲਗਾਈ ਗਈ ਕਲਾਕ੍ਰਿਤਾਂ ਦੀ ਪ੍ਰਦਰਸ਼ਨੀ ਵੀ ਦਿਖਾਈ ਗਈ। ਇਹ ਪ੍ਰਦਰਸ਼ਨੀ ਵਿਸ਼ੇਸ਼ ਤੌਰ 'ਤੇ ਇਨ੍ਹਾਂ ਅਹਿਮ ਮਹਿਮਾਨਾਂ ਲਈ ਲਗਾਈ ਗਈ ਸੀ।

ਜੀ-20 ਸੰਮੇਲਨ ਦੇ ਸੈਸ਼ਨ 1 ਦੌਰਾਨ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਦਾ ਸਿਲਵਾ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ।

ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਅਤੇ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਦੇ ਨਾਲ ਸ਼ਨੀਵਾਰ ਨੂੰ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਜੀ-20 ਸਿਖਰ ਸੰਮੇਲਨ ਦੇ ਉਦਘਾਟਨੀ ਸਮਾਰੋਹ ਵਿੱਚ ਸ਼ਿਰਕਤ ਕੀਤੀ।

‘ਯੂਕਰੇਨ ਜੰਗ ਕਾਰਨ ਪੈਦਾ ਹੋਏ ਬੇਵਿਸਾਹੀ ਦੇ ਮਾਹੌਲ ਨੂੰ ਭਰੋਸੇ ਵਿੱਚ ਬਦਲੀਏ’

ਜੀ-20 ਸਿਖਰ ਸੰਮੇਲਨ ਵਿੱਚ ਮੋਦੀ ਵੱਲੋਂ ਆਲਮੀ ਆਗੂਆਂ ਨੂੰ ਅਪੀਲ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀ-20 ਸਿਖਰ ਸੰਮੇਲਨ ਦੇ ਆਗਾਜ਼ ਮੌਕੇ ਆਪਣੇ ਸੰਬੋਧਨ ’ਚ ਆਲਮੀ ਬੇਵਿਸਾਹੀ ਦਾ ਮਾਹੌਲ ਖ਼ਤਮ ਕਰਨ ਲਈ ਵਿਸ਼ਵ ਆਗੂਆਂ ਨੂੰ ਅਪੀਲ ਕੀਤੀ। ਮੋਦੀ ਨੇ ਅਫ਼ਰੀਕਨ ਯੂਨੀਅਨ ਨੂੰ ਜੀ-20 ਗਰੁੱਪ ’ਚ ਪੱਕੀ ਮੈਂਬਰੀ ਦੇਣ ਦਾ ਵੀ ਐਲਾਨ ਕੀਤਾ। ਜੀ-20 ਸਿਖਰ ਸੰਮੇਲਨ ਦੀ ਸ਼ੁਰੂਆਤ ਦੌਰਾਨ ਪ੍ਰਧਾਨ ਮੰਤਰੀ ਮੋਦੀ ਵੱਲੋਂ 55 ਮੈਂਬਰੀ ਅਫ਼ਰੀਕਨ ਯੂਨੀਅਨ ਨੂੰ ਦੁਨੀਆ ਦੇ ਸਿਖਰਲੇ ਅਰਥਚਾਰਿਆਂ ਦੀ ਜਮਾਤ ’ਚ ਰੱਖੇ ਜਾਣ ਦੀ ਤਜਵੀਜ਼ ਨੂੰ ਗਰੁੱਪ ਦੇ ਸਾਰੇ ਮੈਂਬਰ ਮੁਲਕਾਂ ਨੇ ਸਵੀਕਾਰ ਕਰ ਲਿਆ। ਭਾਰਤ ਦੀ ਜੀ-20 ਪ੍ਰਧਾਨਗੀ ਦੌਰਾਨ ਇਹ ਸਭ ਤੋਂ ਅਹਿਮ ਉਪਲੱਬਧੀ ਹੈ। ਮੋਦੀ ਨੇ ਕਿਹਾ ਕਿ ਅਫ਼ਰੀਕਨ ਯੂਨੀਅਨ ਦੇ ਮੈਂਬਰ ਬਣਨ ਨਾਲ ਜੀ-20 ਅਤੇ ਗਲੋਬਲ ਸਾਊਥ ਦੀ ਆਵਾਜ਼ ਨੂੰ ਮਜ਼ਬੂਤੀ ਮਿਲੇਗੀ। ਅਫ਼ਰੀਕਨ ਯੂਨੀਅਨ ਦੀ ਸਾਂਝੀ ਜੀਡੀਪੀ ਕਰੀਬ 3 ਖ਼ਰਬ ਡਾਲਰ ਅਤੇ ਆਬਾਦੀ ਕਰੀਬ 1.4 ਅਰਬ ਹੈ।

ਜੀ-20 ਦੀ ਸਥਾਪਨਾ ਤੋਂ ਬਾਅਦ ਪਹਿਲੀ ਵਾਰ ਇਸ ਦਾ ਵਿਸਥਾਰ ਕੀਤਾ ਗਿਆ ਹੈ। 18ਵੇਂ ਜੀ-20 ਸਿਖਰ ਸੰਮੇਲਨ ਦੇ ਸੈਸ਼ਨ ‘ਇਕ ਪ੍ਰਿਥਵੀ’ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ,“ਇਹ ਸਮਾਂ ਆਲਮੀ ਭਲਾਈ ਲਈ ਸਾਡੇ ਸਾਰਿਆਂ ਦੇ ਇਕੱਠੇ ਮਿਲ ਕੇ ਚੱਲਣ ਦਾ ਹੈ।” ਦੋ ਦਿਨੀਂ ਸੰਮੇਲਨ ’ਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ, ਜਰਮਨ ਚਾਂਸਲਰ ਓਲਫ਼ ਸ਼ੁਲਜ਼, ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਂ, ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੂਨਕ, ਸਾਊਦੀ ਅਰਬ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ, ਤੁਰਕੀ ਦੇ ਰਾਸ਼ਟਰਪਤੀ ਰੇਸਿਪ ਤਈਅਪ ਅਰਦੋਗਾਂ, ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ, ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁਕ ਯਿਓਲ ਅਤੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਈਜ਼ ਇਨਾਸੀਓ ਲੂਲਾ ਦਾ ਸਿਲਵਾ ਸਮੇਤ ਹੋਰ ਆਗੂ ਹਿੱਸਾ ਲੈ ਰਹੇ ਹਨ। ਉਂਜ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਸੰਮੇਲਨ ’ਚ ਹਿੱਸਾ ਨਹੀਂ ਲੈ ਰਹੇ ਹਨ। ਬੜੇ ਖ਼ੂਬਸੂਰਤ ਢੰਗ ਨਾਲ ਸਜਾਏ ਗਏ ਨਵੇਂ ਪ੍ਰਦਰਸ਼ਨੀ-ਕਮ-ਕਨਵੈਨਸ਼ਨ ਸੈਂਟਰ ਭਾਰਤ ਮੰਡਪਮ ’ਚ ਆਲਮੀ ਆਗੂਆਂ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ,“ਕੋਵਿਡ ਮਹਾਮਾਰੀ ਮਗਰੋਂ ਦੁਨੀਆ ਨੂੰ ਬੇਵਿਸਾਹੀ ਦੀ ਨਵੀਂ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਅਤੇ ਬਦਕਿਸਮਤੀ ਨਾਲ ਜੰਗ ਨੇ ਇਸ ਨੂੰ ਹੋਰ ਵਧਾ ਦਿੱਤਾ। ਪਰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਜੇਕਰ ਅਸੀਂ ਕੋਵਿਡ ਵਰਗੀ ਮਹਾਮਾਰੀ ਨੂੰ ਹਰਾ ਸਕਦੇ ਹਾਂ ਤਾਂ ਅਸੀਂ ਬੇਵਿਸਾਹੀ ਦੀ ਚੁਣੌਤੀ ’ਤੇ ਵੀ ਜਿੱਤ ਹਾਸਲ ਕਰ ਸਕਦੇ ਹਾਂ। ਅੱਜ ਜੀ-20 ਦੇ ਪ੍ਰਧਾਨ ਵਜੋਂ ਭਾਰਤ ਪੂਰੀ ਦੁਨੀਆ ਨੂੰ ਸੱਦਾ ਦਿੰਦਾ ਹੈ ਕਿ ਇਸ ਆਲਮੀ ਬੇਵਿਸਾਹੀ ਦੇ ਮਾਹੌਲ ਨੂੰ ਭਰੋਸੇ ਅਤੇ ਵਿਸ਼ਵਾਸ ’ਚ ਬਦਲੀਏ।” ਮੋਦੀ ਨੇ ਕਿਹਾ ਕਿ ਜੀ-20 ਦੀ ਪ੍ਰਧਾਨਗੀ ਦੇਸ਼ ਅਤੇ ਬਾਹਰ ਸਾਰਿਆਂ ਦੇ ਵਿਕਾਸ ਅਤੇ ਇਕਜੁੱਟਤਾ ਦਾ ਪ੍ਰਤੀਕ ਬਣ ਗਈ ਹੈ। ‘ਇਹ ਉਹ ਸਮਾਂ ਹੈ ਜਦੋਂ ਪੁਰਾਣੀਆਂ ਚੁਣੌਤੀਆਂ ਸਾਨੂੰ ਨਵੇਂ ਹੱਲ ਲੱਭਣ ਦਾ ਸੱਦਾ ਦੇ ਰਹੀਆਂ ਹਨ। ਇਸ ਲਈ ਮਨੁੱਖ ਕੇਂਦਰਿਤ ਪਹੁੰਚ ਆਪਣਾਉਂਦਿਆਂ ਸਾਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਅੱਗੇ ਵਧਣਾ ਚਾਹੀਦਾ ਹੈ। ਭਾਰਤ ’ਚ ਜੀ-20 ਲੋਕਾਂ ਦਾ ਸੰਮੇਲਨ ਬਣ ਗਿਆ ਹੈ ਅਤੇ 60 ਤੋਂ ਵੱਧ ਸ਼ਹਿਰਾਂ ’ਚ 200 ਤੋਂ ਜ਼ਿਆਦਾ ਮੀਟਿੰਗਾਂ ਹੋਈਆਂ।’ ਮੋਦੀ ਨੇ ਕੋਮੋਰੋਸ ਯੂਨੀਅਨ ਦੇ ਰਾਸ਼ਟਰਪਤੀ ਅਤੇ ਅਫ਼ਰੀਕਨ ਯੂਨੀਅਨ ਦੇ ਚੇਅਰਪਰਸਨ ਅਜ਼ਾਲੀ ਅਸੌਊਮਨੀ ਨੂੰ ਗਰੁੱਪ ਦੇ ਹੋਰ ਆਗੂਆਂ ਨਾਲ ਮੁੱਖ ਮੰਚ ’ਤੇ ਆਉਣ ਲਈ ਕਿਹਾ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਮੇਲਨ ਵਾਲੀ ਥਾਂ ’ਤੇ ਉੜੀਸਾ ਦੇ ਸੂਰਜ ਮੰਦਰ ਦੇ ਕੋਨਾਰਕ ਵ ?ਹੀਲ ਦੀ ਮੂਰਤੀ ਅੱਗੇ ਜੀ-20 ਆਗੂਆਂ ਨੂੰ ਜੀ ਆਇਆਂ ਆਖਿਆ। ਜੀ-20 ਸਿਖਰ ਸੰਮੇਲਨ ਦੌਰਾਨ ‘ਇਕ ਪਰਿਵਾਰ’ ਦੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਾਂ ਦੇ ਜੀਵਨ ’ਚ ਹਾਂ-ਪੱਖੀ ਬਦਲਾਅ ਲਿਆਉਣ ਲਈ ਭਾਰਤ ਵੱਲੋਂ ਤਕਨਾਲੋਜੀ ਦੀ ਵਰਤੋਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਜੀ-20 ਮਹਿਲਾ ਸ਼ਕਤੀਕਰਨ ’ਚ ਵੱਡੀ ਭੂਮਿਕਾ ਨਿਭਾ ਸਕਦਾ ਹੈ।

ਯੂਕਰੇਨ ਬਾਰੇ ਸਰਬਸੰਮਤੀ ਬਣਾਉਣ ਲਈ 200 ਤੋਂ ਵੱਧ ਘੰਟੇ ਗੱਲਬਾਤ ਕੀਤੀ: ਕਾਂਤ

ਨਵੀਂ ਦਿੱਲੀ : ਭਾਰਤ ਦੇ ਜੀ-20 ਸ਼ੇਰਪਾ ਅਮਿਤਾਭ ਕਾਂਤ ਨੇ ਅੱਜ ਕਿਹਾ ਕਿ ਇੱਥੇ ਲੀਡਰਜ਼ ਸਮਿਟ ’ਚ ਪ੍ਰਵਾਨ ਕੀਤੇ ਗਏ ਜੀ-20 ਐਲਾਨਨਾਮੇ ’ਤੇ ਸਰਬਸੰਮਤੀ ਬਣਾਉਣ ਲਈ ਭਾਰਤੀ ਕੂਟਨੀਤਕਾਂ ਦੀ ਇੱਕ ਟੀਮ ਨੇ 200 ਘੰਟੇ ਤੋਂ ਵੱਧ ਸਮਾਂ ਲਗਾਤਾਰ ਗੱਲਬਾਤ ਕੀਤੀ।

ਸੰਯੁਕਤ ਸਕੱਤਰ ਈ ਗੰਭੀਰ ਅਤੇ ਕੇ ਨਾਗਰਾਜ ਨਾਇਡੂ ਸਮੇਤ ਕੂਟਨੀਤਕਾਂ ਦੀ ਟੀਮ ਨੇ 300 ਤੋਂ ਵੱਧ ਮੀਟਿੰਗਾਂ ਕੀਤੀਆਂ ਅਤੇ ਜੀ-20 ਲੀਡਰਜ਼ ਸਮਿਟ ਦੇ ਪਹਿਲੇ ਦਿਨ ਹੀ ਸਰਬਸੰਮਤੀ ਬਣਾਉਣ ਲਈ ਵਿਵਾਦਤ ਯੂਕਰੇਨ ਜੰਗ ਬਾਰੇ 15 ਖਰੜੇ ਆਪਣੇ ਹਮਰੁਤਬਿਆਂ ਨੂੰ ਵੰਡ ਦਿੱਤੇ। ਕਾਂਤ ਨੇ ਕਿਹਾ, ‘ਪੂਰੇ ਜੀ-20 ਸਿਖਰ ਸੰਮੇਲਨ ਦਾ ਸਭ ਤੋਂ ਮੁਸ਼ਕਿਲ ਹਿੱਸਾ ਰੂਸ-ਯੂਕਰੇਨ ’ਤੇ ਸਰਬਸੰਮਤੀ ਬਣਾਉਣਾ ਸੀ। ਇਹ 200 ਘੰਟਿਆਂ ਤੋਂ ਵੱਧ ਸਮੇਂ ਤੱਕ ਲਗਾਤਾਰ ਗੱਲਬਾਤ, 300 ਮੀਟਿੰਗਾਂ, 15 ਖਰੜਿਆਂ ਨਾਲ ਕੀਤਾ ਗਿਆ।’ ਕਾਂਤ ਨੇ ਕਿਹਾ ਕਿ ਇਸ ਕੋਸ਼ਿਸ਼ ’ਚ ਨਾਇਡੂ ਤੇ ਗੰਭੀਰ ਨੇ ਉਨ੍ਹਾਂ ਦਾ ਬਹੁਤ ਸਹਿਯੋਗ ਕੀਤਾ।

ਪ੍ਰਧਾਨ ਮੰਤਰੀ ਮੋਦੀ ਨੇ ਜੀ-20 ਦੀ ਪ੍ਰਧਾਨਗੀ ਬ੍ਰਾਜ਼ੀਲਿਆਈ ਪ੍ਰਧਾਨ ਮੰਤਰੀ ਨੂੰ ਸੌਂਪੀ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀ-20 ਦੀ ਪ੍ਰਧਾਨਗੀ ਅਧਿਕਾਰਤ ਤੌਰ ’ਤੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਇਜ਼ ਇਨਾਸੀਓ ਲੂਲਾ ਡਾ ਸਿਲਵਾ ਨੂੰ ਸੌਂਪ ਦਿੱਤੀ ਹੈ। ਸ੍ਰੀ ਮੋਦੀ ਨੇ ਰਸਮੀ ਹਥੌੜਾ ਡੀ ਸਿਲਵਾ ਦੇ ਹੱਥ ਫੜਾ ਕੇ ਇਸ ਅਧਿਕਾਰਤ ਰਸਮ ਨੂੰ ਪੂਰਾ ਕੀਤਾ।

ਰੂਸ ਵੱਲੋਂ ਜੀ-20 ਐਲਾਨਨਾਮਾ ‘ਸੰਤੁਲਿਤ’ ਕਰਾਰ

ਸਮੂਹ ਨੇ ਐਲਾਨਨਾਮੇ ਵਿੱਚ ਯੂਕਰੇਨ ਜੰਗ ਲਈ ਮਾਸਕੋ ਦੀ ਸਿੱਧੀ ਨੁਕਤਾਚੀਨੀ ਤੋਂ ਪਰਹੇਜ਼ ਕੀਤਾ

ਨਵੀਂ ਦਿੱਲੀ : ਰੂਸ ਨੇ ਜੀ-20 ਐਲਾਨਨਾਮੇ ਨੂੰ ‘ਸੰਤੁਲਿਤ’ ਕਰਾਰ ਦਿੱਤਾ ਹੈ। ਰੂਸ ਨੇ ਐਲਾਨਨਾਮੇ ਦੀ ਸ਼ਲਾਘਾ ਕੀਤੀ, ਜਿਸ ਵਿੱਚ ਯੂਕਰੇਨ ਨਾਲ ਜੰਗ ਲਈ ਮਾਸਕੋ ਦੀ ਸਿੱਧੇ ਤੌਰ ’ਤੇ ਨੁਕਤਾਚੀਨੀ ਤੋਂ ਪਰਹੇਜ਼ ਕੀਤਾ ਗਿਆ। ਰੂਸ ਨੇ ਕਿਹਾ ਕਿ ਜੀ-20 ਆਗੂਆਂ ਨੇ ਰੂਸ-ਯੂਕਰੇਨ ਵਿਵਾਦ ਨੂੰ ਸੁਲਝਾਉਣ ਦੇ ਹਿੱਤ ਵਿੱਚ ਕੰਮ ਕੀਤਾ। ਜੀ-20 ਸਿਖਰ ਸੰਮੇਲਨ ਦੇ ਦੂਜੇ ਦਿਨ ਵੀ ਇਸ ਮੁੱਦੇ ’ਤੇ ਵਿਚਾਰ ਚਰਚਾ ਜਾਰੀ ਰਹੀ। ਦੱਸ ਦੇਈਏ ਕਿ ਜੀ-20 ਨੇ ਸ਼ਨਿੱਚਰਵਾਰ ਨੂੰ ਨਵੀਂ ਦਿੱਲੀ ਵਿਚ ਸਰਬਸੰਮਤੀ ਨਾਲ ਐਲਾਨਨਾਮੇ ਨੂੰ ਅਪਣਾਇਆ, ਜਿਸ ਵਿਚ ਜੰਗ ਲਈ ਰੂਸ ਦੀ ਨਿਖੇਧੀ ਤੋਂ ਪਰਹੇਜ਼ ਕੀਤਾ ਗਿਆ, ਪਰ ਯੂਕਰੇਨੀ ਖੇਤਰਾਂ ’ਤੇ ਕਬਜ਼ੇ ਲਈ ਤਾਕਤ ਦੀ ਵਰਤੋਂ ਨਾ ਕਰਨ ਦਾ ਸੱਦਾ ਦਿੱਤਾ। ਰੂਸ ਦਾ ਹਾਲਾਂਕਿ ਕਹਿਣਾ ਹੈ ਕਿ ਉਹ ਉਥੇ ‘ਵਿਸ਼ੇਸ਼ ਫੌਜੀ ਅਪਰੇਸ਼ਨ’ ਚਲਾ ਰਿਹਾ ਹੈ।

ਭਾਰਤ-ਮੱਧ ਪੂਰਬ-ਯੂਰੋਪ ਆਰਥਿਕ ਲਾਂਘਾ ਛੇਤੀ ਬਣੇਗਾ

ਨਵੀਂ ਦਿੱਲੀ : ਜਹਾਜ਼ਰਾਨੀ ਅਤੇ ਰੇਲਵੇ ਲਿੰਕਾਂ ਸਮੇਤ ਭਾਰਤ-ਮੱਧ ਪੂਰਬ-ਯੂਰੋਪ ਆਰਥਿਕ ਲਾਂਘਾ ਛੇਤੀ ਕਾਇਮ ਹੋਵੇਗਾ। ਸੂਤਰਾਂ ਨੇ ਕਿਹਾ ਕਿ ਆਪਣੀ ਤਰ੍ਹਾਂ ਦਾ ਪਹਿਲਾ ਆਰਥਿਕ ਲਾਂਘਾ ਇਤਿਹਾਸਕ ਪਹਿਲਕਦਮੀ ਹੈ। ਸਹਿਯੋਗ, ਸੰਪਰਕ ਅਤੇ ਬੁਨਿਆਦੀ ਢਾਂਚੇ ’ਤੇ ਆਧਾਰਿਤ ਇਸ ਲਾਂਘੇ ’ਚ ਭਾਰਤ, ਯੂਏਈ, ਸਾਊਦੀ ਅਰਬ, ਈਯੂ, ਫਰਾਂਸ, ਇਟਲੀ, ਜਰਮਨੀ ਅਤੇ ਅਮਰੀਕਾ ਸ਼ਾਮਲ ਹਨ। ਜੀ-20 ਸਿਖਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਯੂਰੋਪੀਅਨ ਕਮਿਸ਼ਨ ਦੀ ਮੁਖੀ ਉਰਸੁਲਾ ਵੌਨ ਡੇਰ ਲੇਯੇਨ ਨੇ ਇਸ ਪ੍ਰਾਜੈਕਟ ਦਾ ਐਲਾਨ ਕੀਤਾ।

ਬਰਤਾਨਵੀ ਪ੍ਰਧਾਨ ਮੰਤਰੀ ਸੂਨਕ ਤੇ ਉਨ੍ਹਾਂ ਦੀ ਪਤਨੀ ਅਕਸ਼ਤਾ ਨੇ ਅਕਰਸ਼ਧਾਮ ਮੰਦਿਰ 'ਚ ਮੱਥਾ ਟੇਕਿਆ

ਜੋੜੇ ਦਾ ਮੰਦਰ ਵਿਚ ਰਵਾਇਤੀ ਅੰਦਾਜ਼ 'ਚ ਸਵਾਗਤ

ਨਵੀਂ ਦਿੱਲੀ : ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਆਪਣੀ ਪਤਨੀ ਅਕਸ਼ਤਾ ਮੂਰਤੀ ਨਾਲ ਇੱਥੇ ਅਕਸ਼ਰਧਾਮ ਮੰਦਰ ਦਾ ਦੌਰਾ ਕਰਨ ਮਗਰੋਂ ਕਿਹਾ ਕਿ ਇਹ ਸਿਰਫ ਇੱਕ ਪੂਜਾ ਦਾ ਸਥਾਨ ਹੀ ਨਹੀਂ ਹੈ ਬਲਕਿ ਭਾਰਤੀ ਕਦਰਾਂ-ਕੀਮਤਾਂ ਨੂੰ ਦਰਸਾਉਣ ਵਾਲਾ ਮੀਲ ਪੱਥਰ ਵੀ ਹੈ।

ਮੰਦਰ ਦੀ ਮੈਨੇਜਮੈਂਟ ਅਨੁਸਾਰ ਜੋੜੇ ਨੇ ਮੰਦਰ ਵਿੱਚ 45 ਮਿੰਟ ਬਿਤਾਏ ਜਿਸ ਦੌਰਾਨ ਉਨ੍ਹਾਂ ਨੇ ਪ੍ਰਾਰਥਨਾ ਕੀਤੀ ਅਤੇ ਮੰਦਰ ਦੀ ਸ਼ਿਲਪ ਕਲਾ ਅਤੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕੀਤੀ। ਉਹ ਸਵੇਰੇ ਲਗਪਗ 6.45 ਵਜੇ ਮੰਦਰ ਪਹੁੰਚੇ, ਜਿੱਥੇ ਰਵਾਇਤੀ ਤਰੀਕੇ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਮੰਦਰ ਦੀ ਪਰਿਕਰਮਾ ਕਰਦਿਆਂ ਬਰਤਾਨਵੀ ਪ੍ਰਧਾਨ ਮੰਤਰੀ ਨੇ ਮੇਜ਼ਬਾਨਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਮੰਦਰ ਪ੍ਰਬੰਧਕਾਂ ਅਨੁਸਾਰ ਸੂਨਕ ਨੇ ਬਿਆਨ 'ਚ ਕਿਹਾ, "ਮੇਰੀ ਪਤਨੀ ਅਤੇ ਮੈਨੂੰ ਅੱਜ ਸਵਾਮੀਨਾਰਾਇਣ ਅਕਰਸ਼ਰਧਾਮ ਮੰਦਰ ਦੇ ਦਰਸ਼ਨ ਅਤੇ ਪੂਜਾ ਕਰਕੇ ਖੁਸ਼ੀ ਹੋਈ। ਇਸ ਮੰਦਰ ਦੀ ਖੂਬਸੂਰਤੀ ਅਤੇ ਇਸ ਦੇ ਸ਼ਾਂਤੀ, ਏਕਤਾ, ਅਤੇ ਬਿਹਤਰ ਇਨਸਾਨ ਬਣਨ ਦੇ ਵਿਸ਼ਵਵਿਆਪੀ ਸੁਨੇਹੇ ਤੋਂ ਅਸੀਂ 'ਵਿਸਮਾਦਿਤ' ਹੋ ਗਏ ਹਾਂ।" ਉਨ੍ਹਾਂ ਕਿਹਾ, "ਇਹ ਸਿਰਫ ਪੂਜਾ ਸਥਾਨ ਨਹੀਂ ਹੈ ਬਲਕਿ ਇੱਕ ਮੀਲ ਪੱਥਰ ਹੈ ਜਿਹੜਾ ਭਾਰਤ ਦੀਆਂ ਕਦਰਾਂ ਕੀਮਤਾਂ, ਸੱਭਿਆਚਾਰ ਅਤੇ ਦੁਨੀਆ ਵਿੱਚ ਉਸ ਦੇ ਯੋਗਦਾਨ ਨੂੰ ਦਰਸਾਉਂਦਾ ਹੈ।" ਸੂਨਕ ਨੇ ਇਹ ਵੀ ਆਖਿਆ, "ਅੱਜ ਅਸੀਂ ਬਰਤਾਨੀਆ ਵਿੱਚ ਇਨ੍ਹਾਂ ਹੀ ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਨੂੰ ਬਰਤਾਨਵੀ-ਭਾਰਤੀ ਭਾਈਚਾਰੇ ਵੱਲੋਂ ਸਾਡੇ ਦੇਸ਼ ਵਿੱਚ ਦਿੱਤੇ ਗਏ ਸਕਾਰਾਤਮਕ ਯੋਗਦਾਨ ਦੇ ਪੱਖ ਤੋਂ ਦੇਖਦੇ ਹਾਂ।" ਇਸ ਦੌਰਾਨ ਮੰਦਰ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਸੂਨਕ ਅਤੇ ਉਨ੍ਹਾਂ ਦੀ ਪਤਨੀ ਦਾ ਇੱਥੇ ਆਉਣਾ "ਮਾਣ ਵਾਲੀ ਗੱਲ" ਹੈ। ਅਧਿਕਾਰੀ ਨੇ ਕਿਹਾ, "ਮੀਂਹ ਪੈਣ ਦੇ ਬਾਵਜੂਦ ਪ੍ਰਧਾਨ ਮੰਤਰੀ ਸੂਨਕ ਅਤੇ ਉਨ੍ਹਾਂ ਦੀ ਪਤਨੀ ਨੇ ਮੰਦਰ 'ਚ ਪੂਜਾ ਕੀਤੀ ਅਤੇ ਇਸ ਮੰਦਰ ਵਿੱਚ ਉਨ੍ਹਾਂ ਦਾ ਆਉਣਾ ਸਾਡੇ ਲਈ ਮਾਣ ਵਾਲੀ ਗੱਲ ਹੈ।"

ਮੋਦੀ ਅਤੇ ਸੂਨਕ ਵੱਲੋਂ ਭਾਰਤ-ਬਰਤਾਨੀਆ ਮੁਕਤ ਵਪਾਰ ਸਮਝੌਤੇ ਬਾਰੇ ਵਿਚਾਰਾਂ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਬ੍ਰਿਟਿਸ਼ ਹਮਰੁਤਬਾ ਰਿਸ਼ੀ ਸੂਨਕ ਨੇ ਭਾਰਤ-ਯੂਕੇ ਮੁਕਤ ਵਪਾਰ ਸਮਝੌਤੇ ਦੀ ਪ੍ਰਗਤੀ ਬਾਰੇ ਸਮੀਖਿਆ ਕੀਤੀ ਅਤੇ ਆਸ ਜਤਾਈ ਕਿ ਬਾਕੀ ਰਹਿੰਦੇ ਮੁੱਦਿਆਂ ਨੂੰ ਛੇਤੀ ਸੁਲਝਾ ਲਿਆ ਜਾਵੇਗਾ। ਇਥੇ ਜੀ-20 ਸਿਖਰ ਸੰਮੇਲਨ ਤੋਂ ਅੱਡ ਦੁਵੱਲੀ ਮੀਟਿੰਗ ਦੌਰਾਨ ਮੋਦੀ ਨੇ ਯੂਕੇ ਵੱਲੋਂ ਸਿਖਰ ਸੰਮੇਲਨ ਦੌਰਾਨ ਭਾਰਤ ਨੂੰ ਹਮਾਇਤ ਦੇਣ ਦੀ ਸ਼ਲਾਘਾ ਕੀਤੀ। ਵਿਦੇਸ਼ ਮੰਤਰਾਲੇ ਨੇ ਇਕ ਪ੍ਰੈੱਸ ਬਿਆਨ 'ਚ ਕਿਹਾ ਕਿ ਦੋਵੇਂ ਆਗੂਆਂ ਨੇ ਭਾਰਤ-ਯੂਕੇ ਵਿਆਪਕ ਰਣਨੀਤਕ ਭਾਈਵਾਲੀ ਤਹਿਤ ਵੱਖ ਵੱਖ ਖੇਤਰਾਂ 'ਚ ਦੁਵੱਲੇ ਸਹਿਯੋਗ ਦੀ ਪ੍ਰਗਤੀ 'ਤੇ ਤਸੱਲੀ ਜ਼ਾਹਿਰ ਕੀਤੀ। ਉਨ੍ਹਾਂ ਆਪਸੀ ਅਹਿਮੀਅਤ ਵਾਲੇ ਕੌਮਾਂਤਰੀ ਅਤੇ ਖੇਤਰੀ ਮੁੱਦਿਆਂ 'ਤੇ ਵਿਚਾਰ ਵੀ ਪ੍ਰਗਟਾਏ।

ਮੋਦੀ ਤੇ ਸੂਨਕ ਵੱਲੋਂ ਭਾਰਤ-ਬਰਤਾਨੀਆ ਮੁਕਤ ਵਪਾਰ ਸਮਝੌਤੇ ਬਾਰੇ ਵਿਚਾਰਾਂ

ਭਾਰਤ-ਬਰਤਾਨੀਆ ਵਿਆਪਕ ਰਣਨੀਤਕ ਭਾਈਵਾਲੀ ਤਹਿਤ ਵੱਖ ਵੱਖ ਖੇਤਰਾਂ 'ਚ ਦੁਵੱਲੇ ਸਹਿਯੋਗ ਦੀ ਪ੍ਰਗਤੀ 'ਤੇ ਤਸੱਲੀ ਜ਼ਾਹਿਰ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਬਰਤਾਨਵੀ ਹਮਰੁਤਬਾ ਰਿਸ਼ੀ ਸੂਨਕ ਨੇ ਭਾਰਤ-ਬਰਤਾਨੀਆ ਮੁਕਤ ਵਪਾਰ ਸਮਝੌਤੇ ਦੀ ਪ੍ਰਗਤੀ ਬਾਰੇ ਸਮੀਖਿਆ ਕੀਤੀ ਅਤੇ ਆਸ ਜਤਾਈ ਕਿ ਬਾਕੀ ਰਹਿੰਦੇ ਮੁੱਦਿਆਂ ਨੂੰ ਛੇਤੀ ਸੁਲਝਾ ਲਿਆ ਜਾਵੇਗਾ। ਇਥੇ ਜੀ-20 ਸਿਖਰ ਸੰਮੇਲਨ ਤੋਂ ਅੱਡ ਦੁਵੱਲੀ ਮੀਟਿੰਗ ਦੌਰਾਨ ਮੋਦੀ ਨੇ ਬਰਤਾਨੀਆ ਵੱਲੋਂ ਸਿਖਰ ਸੰਮੇਲਨ ਦੌਰਾਨ ਭਾਰਤ ਨੂੰ ਹਮਾਇਤ ਦੇਣ ਦੀ ਸ਼ਲਾਘਾ ਕੀਤੀ। ਵਿਦੇਸ਼ ਮੰਤਰਾਲੇ ਨੇ ਇਕ ਪ੍ਰੈੱਸ ਬਿਆਨ 'ਚ ਕਿਹਾ ਕਿ ਦੋਵੇਂ ਆਗੂਆਂ ਨੇ ਭਾਰਤ-ਬਰਤਾਨੀਆ ਵਿਆਪਕ ਰਣਨੀਤਕ ਭਾਈਵਾਲੀ ਤਹਿਤ ਵੱਖ ਵੱਖ ਖੇਤਰਾਂ 'ਚ ਦੁਵੱਲੇ ਸਹਿਯੋਗ ਦੀ ਪ੍ਰਗਤੀ 'ਤੇ ਤਸੱਲੀ ਜ਼ਾਹਿਰ ਕੀਤੀ। ਉਨ੍ਹਾਂ ਆਪਸੀ ਅਹਿਮੀਅਤ ਵਾਲੇ ਕੌਮਾਂਤਰੀ ਅਤੇ ਖੇਤਰੀ ਮੁੱਦਿਆਂ 'ਤੇ ਵਿਚਾਰ ਵੀ ਪ੍ਰਗਟਾਏ। ਮੀਟਿੰਗ ਤੋਂ ਬਾਅਦ ਮੋਦੀ ਨੇ 'ਐਕਸ' 'ਤੇ ਪੋਸਟ ਕੀਤਾ ਕਿ ਰਿਸ਼ੀ ਸੂਨਕ ਨਾਲ ਵਪਾਰ ਸਬੰਧਾਂ ਅਤੇ ਨਿਵੇਸ਼ ਵਧਾਉਣ ਜਿਹੇ ਮੁੱਦਿਆਂ 'ਤੇ ਗੱਲਬਾਤ ਹੋਈ। ਉਨ੍ਹਾਂ ਕਿਹਾ ਕਿ ਭਾਰਤ ਅਤੇ ਬਰਤਾਨੀਆ ਖੁਸ਼ਹਾਲ ਅਤੇ ਸਥਿਰ ਧਰਤੀ ਲਈ ਕੰਮ ਕਰਦੇ ਰਹਿਣਗੇ। ਬਰਤਾਨੀਆ 'ਚ ਪ੍ਰਧਾਨ ਮੰਤਰੀ ਦਫ਼ਤਰ ਤੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਸੂਨਕ ਅਤੇ ਮੋਦੀ ਦੀ ਮੀਟਿੰਗ ਦੌਰਾਨ ਰੱਖਿਆ ਤਕਨਾਲੋਜੀ 'ਚ ਸਹਿਯੋਗ, ਕਾਢਾਂ ਅਤੇ ਕੁਝ ਕੌਂਸੁਲਰ ਮੁੱਦਿਆਂ ਬਾਰੇ ਚਰਚਾ ਹੋਈ। ਤਰਜਮਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਆਪਣੇ ਭਾਰਤੀ ਹਮਰੁਤਬਾ ਮੋਦੀ ਨੂੰ ਸਫ਼ਲ ਜੀ-20 ਸਿਖਰ ਸੰਮੇਲਨ ਲਈ ਦੁਬਾਰਾ ਵਧਾਈ ਵੀ ਦਿੱਤੀ। ਸੂਨਕ ਅਤੇ ਉਨ੍ਹਾਂ ਦੀ ਪਤਨੀ ਅਕਸ਼ਤਾ ਮੂਰਤੀ ਐਤਵਾਰ ਨੂੰ ਦਿੱਲੀ ਦੇ ਅਕਸ਼ਰਧਾਮ ਮੰਦਰ ਦਾ ਦੌਰਾ ਕਰਨਗੇ। ਉਨ੍ਹਾਂ ਦੇ ਦੌਰੇ ਨੂੰ ਦੇਖਦਿਆਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ।

ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਅਤੇ ਉਨ੍ਹਾਂ ਦੀ ਪਤਨੀ ਅਕਸ਼ਤਾ ਮੂਰਤੀ ਦਾ ਸਵਾਗਤ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਦਰੋਪਦੀ ਮੁਰਮੂ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਂ ।

ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨਾਲ ਤਸਵੀਰ ਖਿਚਵਾਉਂਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ।

ਜੀ-20: ਸਲਾਮਤੀ ਕੌਂਸਲ ਸਣੇ ਆਲਮੀ ਸੰਸਥਾਵਾਂ ਦੇ ਵਿਸਥਾਰ 'ਤੇ ਜ਼ੋਰ

- ਪ੍ਰਧਾਨ ਮੰਤਰੀ ਨੇ ਨਵੰਬਰ ਵਿੱਚ ਜੀ-20 ਦੇ ਵਰਚੁਅਲ ਸੈਸ਼ਨ ਦੀ ਤਜਵੀਜ਼ ਪੇਸ਼ ਕੀਤੀ
- ਆਲਮੀ ਆਗੂਆਂ ਨੇ ਰਾਜਘਾਟ ਜਾ ਕੇ ਮਹਾਤਮਾ ਗਾਂਧੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ
- ਸਿਖਰ ਸੰਮੇਲਨ 'ਚ ਕਈ ਖੇਤਰੀ ਗਰੁੱਪਾਂ ਦੇ ਅਸਰਦਾਰ ਹੋਣ ਦਾ ਕੀਤਾ ਦਾਅਵਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ, ਬਰਤਾਨਵੀ ਪ੍ਰਧਾਨ ਮੰਤਰੀ ਰਿਸ਼ੀ ਸੂਨਕ, ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ, ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਾਇਰਿਲ ਰਾਮਫੋਸਾ ਤੇ ਹੋਰ ਕੌਮਾਂਤਰੀ ਆਗੂ ਰਾਜਘਾਟ 'ਤੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕਰਨ ਜਾਂਦੇ ਹੋਏ।

ਰਾਜਘਾਟ 'ਤੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਦਿੰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਜੀ-20 ਮੁਲਕਾਂ ਦੇ ਮੈਂਬਰ।

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਅਤੇ ਸਾਰੀਆਂ ਆਲਮੀ ਸੰਸਥਾਵਾਂ ਦੇ ਵਿਸਥਾਰ ਦੀ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਉਨ੍ਹਾਂ 'ਚ ਦੁਨੀਆ ਦੀ ਨਵੀਂ ਹਕੀਕਤ ਝਲਕਣੀ ਚਾਹੀਦੀ ਹੈ ਕਿਉਂਕਿ ਕੁਦਰਤ ਦਾ ਨਿਯਮ ਹੈ ਕਿ ਜੋ ਸਮੇਂ ਦੇ ਨਾਲ ਨਹੀਂ ਬਦਲਦੇ, ਉਹ ਆਪਣੀ ਪ੍ਰਸੰਗਿਕਤਾ ਗੁਆ ਬੈਠਦੇ ਹਨ। ਜੀ-20 ਸਿਖਰ ਸੰਮੇਲਨ ਦੀ ਸਮਾਪਤੀ ਮੌਕੇ ਮੋਦੀ ਨੇ ਨਵੰਬਰ ਦੇ ਅਖੀਰ 'ਚ ਗਰੁੱਪ ਦੇ ਵਰਚੁਅਲ ਸੈਸ਼ਨ ਦੀ ਤਜਵੀਜ਼ ਵੀ ਪੇਸ਼ ਕੀਤੀ ਤਾਂ ਜੋ ਲੀਡਰਜ਼ ਸਮਿਟ ਦੌਰਾਨ ਦਿੱਤੇ ਗਏ ਸੁਝਾਵਾਂ ਅਤੇ ਫ਼ੈਸਲਿਆਂ 'ਤੇ ਅਮਲ ਦਾ ਜਾਇਜ਼ਾ ਲਿਆ ਜਾ ਸਕੇ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ, ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਅਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਸਮੇਤ ਹੋਰ ਆਲਮੀ ਆਗੂਆਂ ਨੇ ਰਾਜਘਾਟ 'ਤੇ ਮਹਾਤਮਾ ਗਾਂਧੀ ਦੀ ਸਮਾਧ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸਾਰੇ ਆਗੂਆਂ ਨੂੰ ਮੋਦੀ ਨੇ 'ਅੰਗਵਸਤਰਮ' ਜਾਂ ਸ਼ਾਲ ਦੇ ਕੇ ਸਨਮਾਨਿਤ ਕੀਤਾ। ਸਾਰੇ ਆਗੂਆਂ ਨੇ 'ਅਮਨ ਕੰਧ' 'ਤੇ ਆਪਣੇ ਦਸਤਖ਼ਤ ਵੀ ਕੀਤੇ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਇਸ ਮਗਰੋਂ ਵੀਅਤਨਾਮ ਲਈ ਰਵਾਨਾ ਹੋ ਗਏ।

ਜੀ-20 ਸਿਖਰ ਸੰਮੇਲਨ ਦੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਕਈ ਖੇਤਰੀ ਗਰੁੱਪ ਉਭਰ ਕੇ ਆਏ ਹਨ ਅਤੇ ਉਹ ਕਈ ਸਾਲਾਂ ਤੋਂ ਅਸਰਦਾਰ ਸਾਬਿਤ ਹੋਏ ਹਨ। ਉਨ੍ਹਾਂ ਆਲਮੀ ਸੰਸਥਾਵਾਂ 'ਚ ਸੁਧਾਰਾਂ ਦੀ ਵਕਾਲਤ ਕਰਦਿਆਂ ਕਿਹਾ,"ਅਫ਼ਰੀਕੀ ਯੂਨੀਅਨ ਨੂੰ ਜੀ-20 ਦਾ ਮੈਂਬਰ ਬਣਾ ਕੇ ਸ਼ਨਿਚਰਵਾਰ ਨੂੰ ਇਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ। ਇਸੇ ਤਰ੍ਹਾਂ ਸਾਨੂੰ ਬਹੁਧਿਰੀ ਵਿਕਾਸ ਬੈਂਕਾਂ ਦੇ ਵਿਸਥਾਰ ਦੀ ਲੋੜ ਹੈ। ਇਸ ਦਿਸ਼ਾ ਵੱਲ ਸਾਡੇ ਫ਼ੈਸਲੇ ਫੌਰੀ ਅਤੇ ਢੁੱਕਵੇਂ ਹੋਣੇ ਚਾਹੀਦੇ ਹਨ।" ਉਨ੍ਹਾਂ ਨਵੰਬਰ ਦੇ ਅਖੀਰ 'ਚ ਵਰਚੁਅਲੀ ਸੈਸ਼ਨ ਦੀ ਤਜਵੀਜ਼ ਪੇਸ਼ ਕਰਦਿਆਂ ਕਿਹਾ ਕਿ ਇਸ ਸੰਮੇਲਨ 'ਚ ਲਏ ਗਏ ਫ਼ੈਸਲਿਆਂ ਦੀ ਉਸ ਸਮੇਂ ਸਮੀਖਿਆ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸਾਡੀਆਂ ਟੀਮਾਂ ਸਾਰਿਆਂ ਨਾਲ ਵੇਰਵੇ ਸਾਂਝੇ ਕਰਨਗੀਆਂ ਅਤੇ ਆਸ ਜਤਾਈ ਕਿ ਉਹ ਸਾਰੇ ਵਰਚੁਅਲੀ ਇਜਲਾਸ 'ਚ ਸ਼ਾਮਲ ਹੋਣਗੇ। ਇਸ ਮਗਰੋਂ ਮੋਦੀ ਨੇ ਜੀ-20 ਸਿਖਰ ਸੰਮੇਲਨ ਦੀ ਸਮਾਪਤੀ ਦਾ ਐਲਾਨ ਕੀਤਾ। 'ਇਕ ਭਵਿੱਖ' ਸੈਸ਼ਨ ਦੌਰਾਨ ਮੋਦੀ ਨੇ ਸਾਈਬਰ ਸੁਰੱਖਿਆ ਅਤੇ ਕ੍ਰਿਪਟੋ ਕੰਰਸੀਆਂ ਨੂੰ ਭਖਦੇ ਮੁੱਦੇ ਦੱਸਿਆ ਜੋ ਦੁਨੀਆ ਦੇ ਮੌਜੂਦਾ ਅਤੇ ਭਵਿੱਖ ਨੂੰ ਪ੍ਰਭਾਵਿਤ ਕਰ ਰਹੇ ਹਨ। ਉਨ੍ਹਾਂ ਕ੍ਰਿਪਟੋ ਕਰੰਸੀ ਨੂੰ ਸਮਾਜ, ਮਾਲੀ ਅਤੇ ਵਿੱਤੀ ਸਥਿਰਤਾ ਲਈ ਨਵਾਂ ਵਿਸ਼ਾ ਕਰਾਰ ਦਿੱਤਾ ਅਤੇ ਇਸ ਨੂੰ ਨਿਯਮਤ ਬਣਾਉਣ ਲਈ ਆਲਮੀ ਮਾਪਦੰਡ ਬਣਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਾਈਬਰ ਸਪੇਸ ਅਤਿਵਾਦ ਦੀ ਫੰਡਿੰਗ ਦਾ ਨਵਾਂ ਸਰੋਤ ਬਣ ਗਿਆ ਹੈ ਅਤੇ ਇਸ ਦੀ ਸੁਰੱਖਿਆ ਲਈ ਆਲਮੀ ਸਹਿਯੋਗ ਅਤੇ ਢਾਂਚਾ ਬਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਹਰੇਕ ਮੁਲਕ ਦੀ ਸੁਰੱਖਿਆ ਅਤੇ ਖੁਸ਼ਹਾਲੀ ਲਈ ਬਹੁਤ ਅਹਿਮ ਵਿਸ਼ਾ ਹੈ। 'ਜਦੋਂ ਅਸੀਂ ਹਰੇਕ ਮੁਲਕ ਦੀ ਸੁਰੱਖਿਆ ਅਤੇ ਸੰਵੇਦਨਸ਼ੀਲਤਾ ਦਾ ਧਿਆਨ ਰੱਖਾਂਗੇ ਤਾਂ 'ਇਕ ਭਵਿੱਖ' ਦੀ ਭਾਵਨਾ ਹੋਰ ਮਜ਼ਬੂਤ ਹੋਵੇਗੀ।' ਉਨ੍ਹਾਂ ਮਸਨੂਈ ਬੌਧਿਕਤਾ ਦੀ ਮਿਸਾਲ ਦਿੰਦਿਆਂ ਕਿਹਾ ਕਿ ਇਹ ਮਨੁੱਖ ਕੇਂਦਰਿਤ ਹੋਣੀ ਚਾਹੀਦੀ ਹੈ। ਮੋਦੀ ਨੇ 'ਐਕਸ' 'ਤੇ ਪੋਸਟ ਕੀਤਾ ਕਿ ਜੀਡੀਪੀ ਕੇਂਦਰਿਤ ਪਹੁੰਚ ਹੁਣ ਪੁਰਾਣੀ ਹੋ ਗਈ ਹੈ ਅਤੇ ਸਮਾਂ ਆ ਗਿਆ ਹੈ ਕਿ ਤਰੱਕੀ ਲਈ ਮਨੁੱਖ ਕੇਂਦਰਿਤ ਨਜ਼ਰੀਆ ਅਪਣਾਇਆ ਜਾਵੇ।

ਜੀ-20 ਹਾਲੇ ਵੀ ਆਪਣੇ ਅਹਿਮ ਮੁੱਦਿਆਂ ਦਾ ਹੱਲ ਲੱਭ ਸਕਦੈ: ਬਾਇਡਨ

ਅਮਰੀਕਾ ਦੇ ਰਾਸ਼ਟਰਪਤੀ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਮਗਰੋਂ ਵੀਅਤਨਾਮ ਪਹੁੰਚੇ

ਨਵੀਂ ਦਿੱਲੀ/ਹਾਨੋਈ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਅੱਜ ਇੱਥੇ ਕਿਹਾ ਕਿ ਇਸ ਸਾਲ ਦੇ ਜੀ-20 ਸਿਖਰ ਸੰਮੇਲਨ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਗਰੁੱਪ ਹਾਲੇ ਵੀ ਆਪਣੇ ਸਭ ਤੋਂ ਅਹਿਮ ਮੁੱਦਿਆਂ ਦਾ ਹੱਲ ਲੱਭ ਸਕਦਾ ਹੈ। ਬਾਇਡਨ ਨੇ ਜ਼ੋਰ ਦੇ ਕੇ ਆਖਿਆ ਕਿ ਉਨ੍ਹਾਂ ਦਾ ਵੀਅਤਨਾਮ ਦੌਰਾ ਚੀਨ ਨਾਲ 'ਠੰਢੀ ਜੰਗ' ਸ਼ੁਰੂ ਕਰਨ ਦੀ ਕੋਸ਼ਿਸ਼ ਨਹੀਂ ਹੈ ਤੇ ਉਨ੍ਹਾਂ ਦਾ ਉਦੇਸ਼ ਵੀਅਤਨਾਮ ਤੇ ਹੋਰਨਾਂ ਏਸ਼ਿਆਈ ਮੁਲਕਾਂ ਨਾਲ ਸਬੰਧ ਮਜ਼ਬੂਤ ਬਣਾ ਕੇ ਦੁਨੀਆ 'ਚ ਸਥਿਰਤਾ ਲਿਆਉਣਾ ਹੈ।



ਸਿਖਰ ਸੰਮਲੇਨ 'ਚ ਹਿੱਸਾ ਲੈਣ ਆਏ ਬਾਇਡਨ ਅੱਜ ਸਵੇਰੇ ਮਹਾਤਮਾ ਗਾਂਧੀ ਦੀ ਸਮਾਧ ਰਾਜਘਾਟ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਮਗਰੋਂ ਵੀਅਤਨਾਮ ਰਵਾਨਾ ਹੋ ਗਏ ਸਨ। ਉਨ੍ਹਾਂ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਕਿਹਾ, "ਅਜਿਹੇ ਸਮੇਂ 'ਚ ਜਦੋਂ ਆਲਮੀ ਅਰਥਵਿਵਸਥਾ ਜਲਵਾਯੂ ਸੰਕਟ, ਨਾਜ਼ੁਕ ਹਾਲਾਤ ਅਤੇ ਸੰਘਰਸ਼ ਨਾਲ ਜੂਝ ਰਹੀ ਹੈ, ਇਸ ਸਾਲ ਦੇ ਸਿਖਰ ਸੰਮੇਲਨ ਨੇ ਸਾਬਤ ਕਰ ਦਿੱਤਾ ਹੈ ਕਿ ਜੀ-20 ਹਾਲੇ ਵੀ ਸਾਡੇ ਸਭ ਤੋਂ ਅਹਿਮ ਮੁੱਦਿਆਂ ਦਾ ਹੱਲ ਕੱਢ ਸਕਦਾ ਹੈ।" ਅਮਰੀਕੀ ਰਾਸ਼ਟਰਪਤੀ ਵਜੋਂ ਭਾਰਤ ਦੀ ਆਪਣੀ ਪਹਿਲੇ ਫੇਰੀ ਤਹਿਤ ਬਾਇਡਨ ਦੋ ਰੋਜ਼ਾ ਜੀ-20 ਸੰਮੇਲਨ 'ਚ ਹਿੱਸਾ ਲੈਣ ਲਈ ਸ਼ੁੱਕਰਵਾਰ ਨੂੰ ਕੌਮੀ ਰਾਜਧਾਨੀ ਪਹੁੰਚੇ ਸਨ ਅਤੇ ਉਸੇ ਦਿਨ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਦੁਵੱਲੀ ਗੱਲਬਾਤ ਕੀਤੀ ਸੀ। ਆਪਣੀ 50 ਮਿੰਟ ਤੋਂ ਵੱਧ ਦੀ ਗੱਲਬਾਤ ਵਿੱਚ ਮੋਦੀ ਅਤੇ ਬਾਇਡਨ ਨੇ ਦੁਵੱਲੀ ਰੱਖਿਆ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਅਤੇ ਵਿਭਿੰਨਤਾ ਲਿਆਉਣ ਦਾ ਸੰਕਲਪ ਲਿਆ। ਉਨ੍ਹਾਂ ਨੇ ਭਾਰਤ ਵੱਲੋਂ 31 ਡਰੋਨਾਂ ਦੀ ਖਰੀਦ ਅਤੇ ਜੈੱਟ ਇੰਜਣ ਮਿਲ ਕੇ ਵਿਕਸਤ ਕਰਨ ਦੀ ਦਿਸ਼ਾ 'ਚ ਅੱਗੇ ਵਧਣ ਦਾ ਵੀ ਸਵਾਗਤ ਕੀਤਾ। ਬਾਇਡਨ ਨੇ ਸ਼ਨਿਚਰਵਾਰ ਨੂੰ ਜੀ-20 ਸਿਖਰ ਸੰਮੇਲਨ ਦੇ ਮੁੱਖ ਸੈਸ਼ਨਾਂ ਵਿੱਚ ਵੀ ਹਿੱਸਾ ਲਿਆ ਸੀ। ਰਾਸ਼ਟਰਪਤੀ ਬਾਇਡਨ ਨੇ ਸਿਖਰ ਸੰਮੇਲਨ ਦੀ ਮੇਜ਼ਬਾਨੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਵੀ ਕੀਤਾ। ਅੱਜ ਦੁਪਹਿਰ ਵੀਅਤਨਾਮ ਪਹੁੰਚੇ ਰਾਸ਼ਟਰਪਤੀ ਜੋਅ ਬਾਇਡਨ ਨੇ ਦੇਸ਼ ਦੀ ਲੀਡਰਸ਼ਿਪ ਨੂੰ ਕਿਹਾ ਕਿ ਦੋਹਾਂ ਦੇਸ਼ਾਂ ਕੋਲ ਆਉਣ ਵਾਲੇ ਦਹਾਕਿਆਂ ਤੱਕ ਹਿੰਦ-ਪ੍ਰਸ਼ਾਂਤ ਨੂੰ ਰੂਪ ਦੇਣ ਦਾ ਮੌਕਾ ਹੈ। ਬਾਇਡਨ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਉਨ੍ਹਾਂ ਦੀ ਇਸ 24 ਘੰਟੇ ਦੀ ਫੇਰੀ ਦੌਰਾਨ ਜਲਵਾਯੂ, ਆਰਥਿਕਤਾ ਅਤੇ ਹੋਰ ਮੁੱਦਿਆਂ 'ਤੇ ਗੱਲਬਾਤ ਅੱਗੇ ਵਧਾਈ ਜਾ ਸਕਦੀ ਹੈ। ਇੱਥੇ ਪਾਰਟੀ ਹੈੱਡਕੁਆਰਟਰ ਵਿੱਚ ਵੀਅਤਨਾਮ ਦੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਨਗੁਯੇਨ ਫੂ ਤ੍ਰੋਂਗ ਨਾਲ ਮੀਟਿੰਗ ਦੌਰਾਨ ਬਾਇਡਨ ਨੇ ਕਿਹਾ, "ਵੀਅਤਨਾਮ ਅਤੇ ਅਮਰੀਕਾ ਇਸ ਨਾਜ਼ੁਕ ਦੌਰ ਵਿੱਚ ਅਹਿਮ ਭਾਈਵਾਲ ਹਨ।" ਤ੍ਰੋਂਗ ਨੇ ਸਹਿਮਤੀ ਪ੍ਰਗਟਾਈ ਕਿ ਦੋਵਾਂ ਦੇਸ਼ਾਂ ਦੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਦਾ ਇਹ ਸ਼ਾਨਦਾਰ ਮੌਕਾ ਹੈ।

ਪ੍ਰਧਾਨ ਮੰਤਰੀ ਵੱਲੋਂ ਮੈਕਰੌਂ, ਓਲਾਫ ਅਤੇ ਟਰੂਡੋ ਨਾਲ ਦੁਵੱਲੇ ਸਬੰਧਾਂ ਬਾਰੇ ਚਰਚਾ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਆਲਮੀ ਆਗੂਆਂ ਨਾਲ ਦੁਵੱਲੀਆਂ ਮੀਟਿੰਗਾਂ ਦੀ ਲੜੀ ਦੌਰਾਨ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਂ, ਜਰਮਨੀ ਦੇ ਚਾਂਸਲਰ ਓਲਾਫ ਸ਼ੁਲਜ਼ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨਾਲ ਮੁਲਾਕਾਤ ਕਰਕੇ ਵੱਖ ਵੱਖ ਮਸਲਿਆਂ 'ਤੇ ਚਰਚਾ ਕੀਤੀ। ਜੀ-20 ਸੰਮੇਲਨ ਦਰਮਿਆਨ ਹੀ ਉਨ੍ਹਾਂ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁਕ ਯਿਓਲ, ਤੁਰਕੀ ਦੇ ਰਾਸ਼ਟਰਪਤੀ ਰੇਸਿਪ ਤਈਅਪ ਅਰਦੌਗਾਂ ਅਤੇ ਅਫਰੀਕੀ ਯੂਨੀਅਨ ਦੇ ਰਾਸ਼ਟਰਪਤੀ ਅਜ਼ਾਲੀ ਅਸੌਊਮਨੀ ਨਾਲ ਵੀ ਮੁਲਾਕਾਤ ਕੀਤੀ। ਜਰਮਨੀ ਦੇ ਚਾਂਸਲਰ ਸ਼ੁਲਜ਼ ਨਾਲ ਮੀਟਿੰਗ ਤੋਂ ਬਾਅਦ ਮੋਦੀ ਨੇ ਕਿਹਾ ਕਿ ਉਨ੍ਹਾਂ ਜਰਮਨੀ ਦੇ ਆਗੂ ਦਾ ਇਸ ਸੰਮੇਲਨ ਨੂੰ ਕਾਮਯਾਬ ਕਰਨ ਲਈ ਸ਼ੁਕਰੀਆ ਕੀਤਾ। ਮੋਦੀ ਨੇ ਐਕਸ 'ਤੇ ਲਿਖਿਆ, 'ਸਵੱਛ ਊਰਜਾ, ਖੋਜ ਤੇ ਧਰਤੀ ਨੂੰ ਹੋਰ ਬਿਹਤਰ ਬਣਾਉਣ ਵਿੱਚ ਭਾਰਤ ਤੇ ਜਰਮਨੀ ਵੱਲੋਂ ਸਹਿਯੋਗ ਕਰਨ ਦੇ ਢੰਗਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।' ਸ਼ੁਲਜ਼ ਨੇ ਕਿਹਾ ਕਿ ਸੰਮੇਲਨ ਦੌਰਾਨ ਆਗੂ ਉੱਤਰ ਤੇ ਦੱਖਣ ਦਰਮਿਆਨ ਕਾਮਯਾਬੀ ਨਾਲ ਨਵੀਂ ਵਿਚਾਰ ਚਰਚਾ ਵਿੱਚ ਸ਼ਾਮਲ ਹੋਏ। ਉਨ੍ਹਾਂ ਐਕਸ 'ਤੇ ਲਿਖਿਆ, 'ਅਸੀਂ ਵਾਤਾਵਰਣ ਤਬਦੀਲੀ ਦੀ ਸਮੱਸਿਆ ਨਾਲ ਨਜਿੱਠਣ ਲਈ ਲਗਾਤਾਰ ਕੰਮ ਕਰਦੇ ਰਹਾਂਗੇ ਅਤੇ ਰੂਸ ਦੀ ਨੀਤੀ ਖ਼?ਲਾਫ਼ ਜੀ-20 ਨੇ ਸਪੱਸ਼ਟ ਸਟੈਂਡ ਲਿਆ ਹੈ।' ਫਰਾਂਸ ਦੇ ਰਾਸ਼ਟਰਪਤੀ ਮੈਕਰੌਂ ਨਾਲ ਮੁਲਾਕਾਤ ਮਗਰੋਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਹੈ। ਮੋਦੀ ਨੇ ਐਕਸ 'ਤੇ ਪੋਸਟ ਕੀਤਾ, 'ਰਾਸ਼ਟਰਪਤੀ ਇਮੈਨੁਅਲ ਮੈਕਰੌਂ ਨਾਲ ਦੁਪਹਿਰ ਦੇ ਖਾਣੇ 'ਤੇ ਹੋਈ ਮੁਲਾਕਾਤ ਬਹੁਤ ਹੀ ਉਸਾਰੂ ਰਹੀ। ਅਸੀਂ ਫਰਾਂਸ-ਭਾਰਤ ਦੇ ਰਿਸ਼ਤਿਆਂ ਨੂੰ ਅੱਗੇ ਵਧਾਉਣ ਲਈ ਵੱਖ ਵੱਖ ਮੁੱਦਿਆਂ 'ਤੇ ਚਰਚਾ ਕੀਤੀ ਹੈ।' ਦੋਵਾਂ ਮੁਲਕਾਂ ਦਰਮਿਆਨ ਬਹੁਤ ਹੀ ਡੂੰਘੇ ਸਬੰਧ ਤੇ ਰਣਨੀਤਕ ਭਾਈਵਾਲੀ ਹੈ। ਅਸੌਊਮਨੀ ਨਾਲ ਆਪਣੀ ਮੁਲਾਕਾਤ ਬਾਰੇ ਮੋਦੀ ਨੇ ਕਿਹਾ ਕਿ ਇਹ ਬਹੁਤ ਸਾਰਥਕ ਚਰਚਾ ਰਹੀ। ਅਸੌਊਮਨੀ ਕੋਮੋਰੋਸ ਦੇ ਰਾਸ਼ਟਰਪਤੀ ਹਨ ਅਤੇ ਅਫਰੀਕੀ ਯੂਨੀਅਨ ਦੇ ਪ੍ਰਧਾਨ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਆਪਣੀ ਮੀਟਿੰਗ ਵਿੱਚ ਵੱਖ ਵੱਖ ਖੇਤਰਾਂ 'ਚ ਭਾਰਤ-ਕੈਨੇਡਾ ਸਬੰਧਾਂ ਬਾਰੇ ਚਰਚਾ ਕੀਤੀ। ਪ੍ਰਧਾਨ ਮੰਤਰੀ ਨੇ ਟਰੂਡੋ ਨੂੰ ਕੈਨੇਡਾ 'ਚ ਕੱਟੜਵਾਦੀ ਤੱਤਾਂ ਵੱਲੋਂ ਚਲਾਈਆਂ ਜਾ ਰਹੀਆਂ ਭਾਰਤ ਵਿਰੋਧੀ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ।

ਦੱਖਣੀ ਕੋਰੀਆ ਦੇ ਆਗੂ ਯਿਓਲ ਨਾਲ ਮੁਲਾਕਾਤ ਮਗਰੋਂ ਮੋਦੀ ਨੇ ਐਕਸ 'ਤੇ ਲਿਖਿਆ ਕਿ ਉਹ ਭਾਰਤ ਤੇ ਕੋਰੀਆ ਗਣਰਾਜ ਵਿਚਾਲੇ ਕਾਰੋਬਾਰੀ ਤੇ ਸਭਿਆਚਾਰਕ ਸਬੰਧਾਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਸਹਿਮਤ ਹੋਏ ਹਨ। ਉਨ੍ਹਾਂ ਇੱਕ ਹੋਰ ਪੋਸਟ ਵਿੱਚ ਕਿਹਾ ਕਿ ਉਨ੍ਹਾਂ ਤੇ ਰਾਸ਼ਟਰਪਤੀ ਅਰਦੌਗਾਂ ਨੇ ਭਾਰਤ ਤੇ ਤੁਰਕੀ ਵਿਚਾਲੇ ਵਪਾਰ ਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਢੰਗਾਂ ਬਾਰੇ ਗੱਲ ਕੀਤੀ। ਪ੍ਰਧਾਨ ਮੰਤਰੀ ਨੇ ਯੂਰੋਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਯੇਨ ਅਤੇ ਯੂਰੋਪੀ ਕੌਂਸਲ ਦੇ ਪ੍ਰਧਾਨ ਚਾਰਲਸ ਮਿਸ਼ੇਲ ਨਾਲ ਵੀ ਮੁਲਾਕਾਤ ਕੀਤੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਕੈਨੇਡੀਅਨ ਹਮਰੁਤਬਾ ਜਸਟਿਨ ਟਰੂਡੋ ਨੂੰ ਮਿਲਦੇ ਹੋਏ।

ਬਾਇਡਨ ਵੱਲੋਂ ਵਿਸ਼ਵ ਬੈਂਕ ਦੀ ਸਮਰੱਥਾ ਵਧਾਉਣ 'ਤੇ ਜ਼ੋਰ

ਵਸ਼ਿੰਗਟਨ/ਨਵੀਂ ਦਿੱਲੀ: ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਹੇਠਲੇ ਤੇ ਮੱਧ ਵਰਗ ਆਮਦਨ ਵਾਲੇ ਦੇਸ਼ਾਂ ਨੂੰ ਵਿੱਤੀ ਸਮਰਥਨ ਦੇਣ ਲਈ ਵਿਸ਼ਵ ਬੈਂਕ ਦੀ ਸਮਰਥਾ ਨੂੰ ਵਧਾਉਣ 'ਤੇ ਜ਼ੋਰ ਦਿੱਤਾ ਹੈ ਅਤੇ ਇਸ ਸਬੰਧ 'ਚ ਜੀ-20 ਦੇਸ਼ਾਂ ਨੂੰ ਇਕਮਤ ਹੋਣ ਲਈ ਕਿਹਾ ਹੈ। ਵ੍ਹਾਈਟ ਹਾਊਸ ਵੱਲੋਂ ਅੱਜ ਜਾਰੀ ਬਿਆਨ ਅਨੁਸਾਰ ਬਾਇਡਨ ਨੇ ਸਮੂਹਿਕ ਰੂਪ ਵਿੱਚ ਵੱਧ ਗੁੰਜਾਇਸ਼ ਅਤੇ ਰਿਆਇਤੀ ਵਿੱਤ ਜੁਟਾਉਣ ਲਈ ਜੀ-20 ਦੇਸ਼ਾਂ ਨੂੰ ਇਕਜੁੱਟ ਹੋਣ ਦਾ ਸੁਨੇਹਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਜੀ20 ਮੀਟਿੰਗ 'ਚ ਸ਼ਾਮਲ ਹੋਣ ਲਈ ਜੋਅ ਬਾਇਡਨ ਨਵੀਂ ਦਿੱਲੀ ਵਿੱਚ ਹਨ। ਵ੍ਹਾਈਟ ਹਾਊਸ ਵੱਲੋਂ ਜਾਰੀ ਬਿਆਨ ਅਨੁਸਾਰ, ''ਅਸੀਂ ਆਪਣੇ ਸਾਂਝੇ ਯੋਗਦਾਨ ਰਾਹੀਂ ਆਈਬੀਆਰਡੀ (ਇੰਟਰਨੈਸ਼ਨਲ ਬੈਂਕ ਫਾਰ ਰੀਕੰਸਟਰਕਸ਼ਨ ਐਂਡ ਡਿਵੈਲਪਮੈਂਟ) ਨੂੰ ਵਿਸ਼ਵ ਬੈਂਕ ਦੀ ਸਾਲਾਨਾ ਗੈਰ-ਰਿਆਇਤੀ ਕਰਜ਼ਾ ਰਾਸ਼ੀ ਦੇ ਤਿੰਨ ਗੁਣਾ ਬਰਾਬਰ ਇਕਮੁਸ਼ਤ ਸਮਰਥਨ ਦੇਣ ਅਤੇ ਆਈਡੀਏ ਦੀ ਕਰਜ਼ਾ ਸਮਰਥਾ ਨੂੰ ਦੁੱਗਣਾ ਕਰਨ ਦਾ ਟੀਚਾ ਰੱਖ ਰਹੇ ਹਾਂ।'' ਬਿਆਨ 'ਚ ਕਿਹਾ ਗਿਆ ਹੈ ਕਿ ਇ?ਹ ਪਹਿਲਕਦਮੀ ਵਿਸ਼ਵ ਬੈਂਕ ਨੂੰ ਮਜ਼ਬੂਤ ਸੰਸਥਾ ਬਣਾਏਗੀ ਤਾਂ ਕਿ ਵਿਸ਼ਵ ਪੱਧਰ ਦੀਆਂ ਚੁਣੌਤੀਆਂ ਨਾਲ ਨਿਪਟਣ ਅਤੇ ਗਰੀਬ ਦੇਸ਼ਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਾਧਨ ਮੁਹੱਈਆ ਕਰਵਾਏ ਜਾ ਸਕਣ।

ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਦੇਣ ਲਈ ਰਾਜਘਾਟ ਪਹੁੰਚਣ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਦਾ ਸਵਾਗਤ ਕੀਤਾ।

ਜੀ-20 ਐਲਾਨਨਾਮਾ ਮੋਦੀ ਲਈ ਬੇਮਿਸਾਲ ਸਫ਼ਲਤਾ: ਆਲਮੀ ਮੀਡੀਆ

ਵਾਸ਼ਿੰਗਟਨ/ਲੰਡਨ : ਆਲਮੀ ਮੀਡੀਆ ਨੇ ਕਿਹਾ ਹੈ ਕਿ ਜੀ-20 ਐਲਾਨਨਾਮਾ ਮੇਜ਼ਬਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਬੇਮਿਸਾਲ ਸਫ਼ਲਤਾ ਲੈ ਕੇ ਆਇਆ ਹੈ। ਉਂਜ ਜਿਹੜਾ ਬਿਆਨ ਨਸ਼ਰ ਹੋਇਆ ਹੈ ਉਸ 'ਚ ਅਮਰੀਕਾ ਅਤੇ ਪੱਛਮੀ ਭਾਈਵਾਲਾਂ ਵੱਲੋਂ ਰੂਸ ਖ਼ਿਲਾਫ਼ ਅਪਣਾਏ ਗਏ ਰੁਖ ਤੋਂ ਉਲਟ ਨਰਮ ਸਟੈਂਡ ਝਲਕਦਾ ਹੈ। ਭਾਰਤ ਨੇ ਬ੍ਰਾਜ਼ੀਲ, ਦੱਖਣੀ ਅਫ਼ਰੀਕਾ ਅਤੇ ਇੰਡੋਨੇਸ਼ੀਆ ਜਿਹੇ ਉਭਰਦੇ ਅਰਥਚਾਰਿਆਂ ਨਾਲ ਵਿਚਾਰ ਵਟਾਂਦਰਾ ਕੀਤਾ ਜਿਸ ਮਗਰੋਂ ਯੂਕਰੇਨ ਦੇ ਵਿਵਾਦਤ ਮੁੱਦੇ 'ਤੇ ਉਹ ਜੀ-20 ਮੁਲਕਾਂ 'ਚ ਅਣਕਿਆਸੀ ਸਹਿਮਤੀ ਬਣਾਉਣ 'ਚ ਕਾਮਯਾਬ ਰਿਹਾ ਅਤੇ ਸਿਖਰ ਸੰਮੇਲਨ ਦੇ ਪਹਿਲੇ ਹੀ ਦਿਨ ਵੱਡੀ ਉਪਲੱਬਧੀ ਹਾਸਲ ਕਰ ਲਈ। 'ਨਿਊਯਾਰਕ ਟਾਈਮਜ਼' ਨੇ ਕਿਹਾ ਕਿ ਬੜੇ ਧਿਆਨ ਨਾਲ ਬਣਾਏ ਗਏ ਐਲਾਨਨਾਮੇ 'ਚੋਂ ਰੂਸ ਦੇ ਯੂਕਰੇਨ 'ਤੇ ਹਮਲੇ ਦੀ ਨਿਖੇਧੀ ਨੂੰ ਹਟਾ ਦਿੱਤਾ ਅਤੇ ਇਸ ਦੀ ਬਜਾਏ ਯੂਕਰੇਨ ਦੇ ਲੋਕਾਂ ਦੇ ਦਰਦ 'ਤੇ ਜ਼ੋਰ ਦਿੱਤਾ ਗਿਆ ਹੈ। ਅਮਰੀਕੀ ਅਖ਼ਬਾਰ ਨੇ ਕਿਹਾ ਕਿ ਇਸ ਸਾਲ ਅੰਦਾਜ਼ੇ ਲਾਏ ਜਾ ਰਹੇ ਸਨ ਕਿ ਗਰੁੱਪ ਵੰਡਿਆ ਹੋਇਆ ਹੈ ਅਤੇ ਉਹ ਯੂਕਰੇਨ ਮੁੱਦੇ 'ਤੇ ਕਿਸੇ ਤਰ੍ਹਾਂ ਦੀ ਸਹਿਮਤੀ 'ਤੇ ਨਹੀਂ ਪਹੁੰਚ ਸਕੇਗਾ। ਅਖ਼ਬਾਰ ਨੇ ਭਾਰਤ ਨੂੰ ਮੱਧ ਪੂਰਬ ਅਤੇ ਯੂਰੋਪ ਤੱਕ ਰੇਲ ਤੇ ਜਹਾਜ਼ਰਾਨੀ ਰਾਹੀਂ ਜੋੜਨ ਵਾਲੇ ਲਾਂਘੇ ਦੇ ਪ੍ਰਾਜੈਕਟ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਸ 'ਚ ਸਮਾਂ ਸੀਮਾ, ਬਜਟ ਅਤੇ ਵੇਰਵਿਆਂ ਦੀ ਘਾਟ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਸਿਖਰ ਸੰਮੇਲਨ 'ਚ ਜ਼ਿਆਦਾਤਰ ਸਮਾਂ ਨਰਿੰਦਰ ਮੋਦੀ ਨਾਲ ਆਪਣੀ ਦੋਸਤੀ ਪੁਗਾਉਂਦੇ ਰਹੇ। ਅਖ਼ਬਾਰ ਨੇ ਵਿਦੇਸ਼ ਨੀਤੀ ਦੇ ਮਾਹਿਰ ਰਿਚਰਡ ਐਨ ਹਾਸ ਦੇ ਹਵਾਲੇ ਨਾਲ ਕਿਹਾ, ''ਬਾਇਡਨ ਪਿਛਲੇ ਰਾਸ਼ਟਰਪਤੀਆਂ ਵਾਂਗ ਭਾਰਤ ਨੂੰ ਅਮਰੀਕਾ ਦੇ ਹੋਰ ਨੇੜੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਨੂੰ ਥੋੜ੍ਹੀ ਸਫ਼ਲਤਾ ਮਿਲੀ ਹੈ ਪਰ ਇਹ ਰਿਸ਼ਤਿਆਂ ਦਾ ਸੁਭਾਅ ਹੈ।'' ਅਖ਼ਬਾਰ ਅੱਗੇ ਲਿਖਦਾ ਹੈ ਕਿ ਭਾਰਤ ਦੀ ਜੀ-20 ਪ੍ਰਧਾਨਗੀ ਦੇਸ਼ ਲਈ ਵਿਰੋਧ ਦੇ ਪਲਾਂ 'ਚ ਆਈ ਹੈ ਅਤੇ ਆਲਮੀ ਪੱਧਰ 'ਤੇ ਉਸ ਦੀ ਵੱਡੀ ਭੂਮਿਕਾ ਦਾ ਉਭਾਰ ਘਰੇਲੂ ਪੱਧਰ 'ਤੇ ਵੱਧ ਰਹੀ ਵੰਡ ਨਾਲ ਮੇਲ ਖਾਂਦਾ ਹੈ।

ਸੀਐੱਨਐੱਨ ਨੇ ਕਿਹਾ ਕਿ ਅੰਤਿਮ ਸਾਂਝਾ ਬਿਆਨ ਸਿਖਰ ਸੰਮੇਲਨ ਦੇ ਮੇਜ਼ਬਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਤਖ਼ਤਾ ਪਲਟ ਦੇ ਬਰਾਬਰ ਹੈ ਪਰ ਫਿਰ ਵੀ ਅਮਰੀਕਾ ਅਤੇ ਉਸ ਦੇ ਪੱਛਮੀ ਸਹਿਯੋਗੀਆਂ ਨੇ ਵਿਅਕਤੀਗਤ ਤੌਰ 'ਤੇ ਅਪਣਾਏ ਰਵੱਈਏ ਨਾਲੋਂ ਇਹ ਕਿਤੇ ਜ਼ਿਆਦਾ ਨਰਮ ਸਥਿਤੀ ਨੂੰ ਦਰਸਾਉਂਦਾ ਹੈ। ਰੂਸ ਦੇ ਜੀ-20 ਸ਼ੇਰਪਾ ਸਵੇਤਲਾਨਾ ਲੁਕਾਸ਼ ਨੇ ਕਿਹਾ ਕਿ ਨਵੀਂ ਦਿੱਲੀ ਸਿਖਰ ਸੰਮੇਲਨ ਗਰੁੱਪ ਦੇ ਇਤਿਹਾਸ ਦਾ ਸਭ ਤੋਂ ਗੁੰਝਲਦਾਰ ਮੌਕਾ ਰਿਹਾ ਹੈ। ਰੂਸੀ ਸਰਕਾਰੀ ਖ਼ਬਰ ਏਜੰਸੀ ਤਾਸ ਨੇ ਲੁਕਾਸ਼ ਦੇ ਹਵਾਲੇ ਨਾਲ ਕਿਹਾ ਕਿ ਸਿਖਰ ਸੰਮੇਲਨ ਤੋਂ ਕਰੀਬ 20 ਦਿਨ ਪਹਿਲਾਂ ਅਤੇ ਫਿਰ ਸਥਾਨਕ ਪੱਧਰ 'ਤੇ ਪੰਜ ਦਿਨ ਪਹਿਲਾਂ ਐਲਾਨਨਾਮੇ 'ਤੇ ਸਹਿਮਤੀ ਬਣੀ। ਬੀਬੀਸੀ ਨੇ ਕਿਹਾ ਕਿ ਦਿੱਲੀ ਐਲਾਨਨਾਮੇ ਦੀ ਭਾਸ਼ਾ ਪਿਛਲੇ ਸਾਲ ਬਾਲੀ 'ਚ ਹੋਏ ਸੰਮੇਲਨ ਨਾਲੋਂ ਤਿੱਖੀ ਨਹੀਂ ਸੀ ਜਦੋਂ ਮਾਸਕੋ ਦੀ ਨਿਖੇਧੀ ਕੀਤੀ ਗਈ ਸੀ। ਮੀਡੀਆ ਗਰੁੱਪ ਨੇ ਕਿਹਾ ਕਿ ਯੂਕਰੇਨ ਨੂੰ ਇਸ ਸਾਲ ਸੰਮੇਲਨ 'ਚ ਸੱਦਾ ਨਹੀਂ ਦਿੱਤਾ ਗਿਆ ਸੀ ਅਤੇ ਉਸ ਨੇ ਐਲਾਨਨਾਮੇ ਦਾ ਤਿੱਖਾ ਜਵਾਬ ਦਿੱਤਾ ਹੈ। 'ਦਿ ਗਾਰਡੀਅਨ' ਅਖ਼ਬਾਰ ਨੇ ਕਿਹਾ ਕਿ ਐਲਾਨਨਾਮਾ ਭਾਰਤ ਲਈ ਵੱਡੀ ਜਿੱਤ ਵੱਲ ਸੰਕੇਤ ਕਰਦਾ ਹੈ।

'ਸਕਾਈ ਨਿਊਜ਼' ਨੇ ਇਕ ਲੇਖ 'ਚ ਕਿਹਾ, ''ਮੋਦੀ ਇਹ ਦਿਖਾਉਣਾ ਚਾਹੁੰਦੇ ਸਨ ਕਿ ਉਹ ਦਿੱਲੀ 'ਚ ਜੀ-20 ਦੌਰਾਨ ਆਲਮੀ ਵੰਡੀਆਂ ਨੂੰ ਦੂਰ ਕਰ ਸਕਦੇ ਹਨ। ਇਸ ਦਾ ਸਬੂਤ ਸੰਮੇਲਨ ਦੇ ਪਹਿਲੇ ਦਿਨ ਹੀ ਐਲਾਨਨਾਮੇ 'ਤੇ ਸਰਬਸੰਮਤੀ ਬਣਨਾ ਹੈ।'' ਉਨ੍ਹਾਂ ਲਿਖਿਆ ਕਿ ਐਲਾਨਨਾਮੇ ਦੀ ਭਾਸ਼ਾ ਤੋਂ ਸ਼ਾਇਦ ਸਪੱਸ਼ਟ ਹੋ ਗਿਆ ਹੈ ਕਿ ਜੀ-20 ਭੂ-ਸਿਆਸੀ ਮੁੱਦਿਆਂ ਦੇ ਹੱਲ ਦਾ ਢੁੱਕਵਾਂ ਸਥਾਨ ਨਹੀਂ ਹੈ। 'ਯੂਐੱਸਏ ਟੂਡੇ' ਨੇ ਲਿਖਿਆ ਕਿ ਨਰਮ ਭਾਸ਼ਾ ਨੇ ਆਲਮੀ ਆਗੂਆਂ 'ਚ ਤਰੇੜਾਂ ਹੋਰ ਡੂੰਘੀਆਂ ਕਰ ਦਿੱਤੀਆਂ ਹਨ। 'ਦਿ ਸਿਡਨੀ ਮੌਰਨਿੰਗ ਹੈਰਾਲਡ' ਅਖ਼ਬਾਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੀ ਆਲਮੀ ਦਿਖ ਨੂੰ ਚਮਕਾਉਣ 'ਚ ਜ਼ਿਆਦਾ ਸਮਾਂ ਬਿਤਾਇਆ ਅਤੇ ਜੀ-20 ਦਾ ਸਾਰਾ ਧਿਆਨ ਯੂਕਰੇਨ ਤੋਂ ਹਟਾ ਕੇ ਵਪਾਰ, ਬੁਨਿਆਦੀ ਢਾਂਚੇ ਦੇ ਨਿਵੇਸ਼ ਅਤੇ ਜਲਵਾਯੂ ਪਰਿਵਰਤਨ ਵੱਲ ਤਬਦੀਲ ਕਰ ਦਿੱਤਾ।

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਜੀ-20 ਡਿਨਰ 'ਤੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨਾਲ ਕੀਤੀ ਗੱਲਬਾਤ

ਨਵੀਂ ਦਿੱਲੀ : ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨਾਲ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਚ ਰਾਸ਼ਟਰਪਤੀ ਦਰੌਪਦੀ ਮੁਰਮੂ ਦੁਆਰਾ ਆਯੋਜਿਤ ਜੀ-20 ਡਿਨਰ 'ਤੇ ਗੱਲਬਾਤ ਕੀਤੀ।

ਜੋ ਬਾਈਡੇਨ ਨੇ ਅਮਰੀਕੀ ਦੂਤਾਵਾਸ ਦੇ ਸਟਾਫ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ

ਨਵੀਂ ਦਿੱਲੀ: ਸੰਯੁਕਤ ਰਾਜ ਦੇ ਰਾਸ਼ਟਰਪਤੀ ਜੋ ਬਿਡੇਨ ਨੇ ਸ਼ਨੀਵਾਰ ਨੂੰ ਜੀ-20 ਨੇਤਾਵਾਂ ਦੇ ਸੰਮੇਲਨ ਤੋਂ ਪਹਿਲਾਂ ਨਵੀਂ ਦਿੱਲੀ ਪਹੁੰਚਣ ਤੋਂ ਬਾਅਦ ਅਮਰੀਕੀ ਦੂਤਘਰ ਦੇ ਸਟਾਫ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ।

ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੀ ਜੀ-20 ਲਈ ਇਟਲੀ ਦੇ ਸਮਰਥਨ ਦੀ ਕੀਤੀ ਸ਼ਲਾਘਾ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਨਾਲ ਮੁਲਾਕਾਤ ਕੀਤੀ ਅਤੇ ਭਾਰਤ ਦੇ ਜੀ-20 ਲਈ ਇਟਲੀ ਦੇ ਸਮਰਥਨ ਦੀ ਸ਼ਲਾਘਾ ਕੀਤੀ । ਪ੍ਰਧਾਨ ਮੰਤਰੀ ਦਫ਼ਤਰ ਦੁਆਰਾ ਜਾਰੀ ਇਕ ਅਧਿਕਾਰਤ ਬਿਆਨ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਨੇ ਭਾਰਤ ਦੀ ਜੀ-20 ਅਤੇ ਇਟਲੀ ਦੇ ਗਲੋਬਲ ਬਾਇਓਫਿਊਲ ਅਲਾਇੰਸ ਅਤੇ ਭਾਰਤ - ਮੱਧ ਪੂਰਬ - ਯੂਰਪ ਆਰਥਿਕ ਗਲਿਆਰੇ ਵਿਚ ਸ਼ਾਮਿਲ ਹੋਣ ਲਈ ਇਟਲੀ ਦੇ ਸਮਰਥਨ ਦੀ ਸ਼ਲਾਘਾ ਕੀਤੀ।

ਭਾਰਤ ਨਾਲ ਮਜ਼ਬੂਤ ਸਾਂਝੇਦਾਰੀ ਯੂਰਪ ਲਈ ਸਰਵਉੱਚ ਹੈ - ਯੂਰਪੀਅਨ ਕਮਿਸ਼ਨ ਦੇ ਪ੍ਰਧਾਨ

ਨਵੀਂ ਦਿੱਲੀ : ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਨੇ ਕਿਹਾ ਕਿ ਭਾਰਤ ਨਾਲ ਮਜ਼ਬੂਤ ਸਾਂਝੇਦਾਰੀ ਯੂਰਪ ਲਈ ਸਭ ਤੋਂ ਮਹੱਤਵਪੂਰਨ ਹੈ। ਉਨ੍ਹਾਂ ਨੇ ਭਾਰਤ-ਮੱਧ ਪੂਰਬ-ਯੂਰਪ ਆਰਥਿਕ ਗਲਿਆਰੇ ਦੀ ਸ਼ੁਰੂਆਤ 'ਤੇ ਆਪਣੀ ਖੁਸ਼ੀ ਵੀ ਸਾਂਝੀ ਕੀਤੀ। ਸਾਡੀ ਵਪਾਰ ਅਤੇ ਤਕਨੀਕੀ ਕੌਂਸਲ ਨੂੰ ਕਾਰਜਸ਼ੀਲ ਦੇਖ ਕੇ ਖੁਸ਼ੀ ਹੋਈ। ਤੁਹਾਡੇ ਨਾਲ ਇਕ ਇਤਿਹਾਸਕ ਪ੍ਰੋਜੈਕਟ, ਭਾਰਤ- ਮੱਧ ਪੂਰਬ-ਯੂਰਪ ਆਰਥਿਕ ਗਲਿਆਰਾ ਸ਼ੁਰੂ ਕੀਤਾ ਗਿਆ ਹੈ।

ਭਾਰਤ ਅਤੇ ਜਰਮਨੀ ਸਵੱਛ ਊਰਜਾ, ਨਵੀਨਤਾ ਅਤੇ ਖੋਜ ਲਈ ਮਿਲ ਕੇ ਕੰਮ ਕਰਨਗੇ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ ਕਿ ਦਿੱਲੀ ਵਿਚ ਜਰਮਨੀ ਦੇ ਚਾਂਸਲਰ ਓਲਾਫ ਸਕੋਲਜ਼ ਨਾਲ ਬਹੁਤ ਚੰਗੀ ਮੁਲਾਕਾਤ ਹੋਈ । ਜੀ-20 ਸੰਮੇਲਨ ਨੂੰ ਆਪਣੇ ਵਿਚਾਰਾਂ ਨਾਲ ਭਰਪੂਰ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ । ਇਹ ਵੀ ਚਰਚਾ ਕੀਤੀ ਕਿ ਕਿਵੇਂ ਭਾਰਤ ਅਤੇ ਜਰਮਨੀ ਸਵੱਛ ਊਰਜਾ, ਨਵੀਨਤਾ ਅਤੇ ਖੋਜ ਲਈ ਮਿਲ ਕੇ ਕੰਮ ਕਰਨਾ ਜਾਰੀ ਰੱਖ ਸਕਦੇ ਹਨ ।

ਭਾਰਤ ਤੇ ਸਾਊਦੀ ਅਰਬ ਵਿਚਾਲੇ ਕਈ ਮਾਮਲਿਆਂ 'ਤੇ ਦੁਵੱਲੀ ਚਰਚਾ, ਵਪਾਰ ਤੇ ਰੱਖਿਆ ਸਬੰਧਾਂ 'ਤੇ ਖਾਸ ਧਿਆਨ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਬਿਨ ਅਬਦੁੱਲਅਜ਼ੀਜ਼ ਅਲ-ਸਾਊਦ ਨਾਲ ਕਈ ਮੁੱਦਿਆਂ 'ਤੇ ਵਿਆਪਕ ਗੱਲਬਾਤ ਕੀਤੀ। ਗੱਲਬਾਤ ਦੌਰਾਨ ਦੁਵੱਲੇ ਵਪਾਰ ਅਤੇ ਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਧਿਆਨ ਦਿੱਤਾ ਗਿਆ। ਬਿਨ ਸਲਮਾਨ ਇਸ ਸਮੇਂ ਜੀ-20 ਸੰਮੇਲਨ ਦੀ ਸਮਾਪਤੀ ਤੋਂ ਬਾਅਦ ਭਾਰਤ ਦੇ ਸਰਕਾਰੀ ਦੌਰੇ 'ਤੇ ਹਨ। ਗੱਲਬਾਤ ਤੋਂ ਪਹਿਲਾਂ ਰਾਸ਼ਟਰਪਤੀ ਭਵਨ ਦੇ ਵਿਹੜੇ ਵਿੱਚ ਸਾਊਦੀ ਅਰਬ ਦੇ ਯੁਵਰਾਜ ਦਾ ਰਸਮੀ ਸਵਾਗਤ ਕੀਤਾ ਗਿਆ। ਇਸ ਮੌਕੇ ਰਾਸ਼ਟਰਪਤੀ ਦਰੌਪਦੀ ਮੁਰਮੂ ਵੀ ਹਾਜ਼ਰ ਸਨ।

ਪ੍ਰਧਾਨ ਮੰਤਰੀ ਮੋਦੀ ਨੇ ਅਫਰੀਕੀ ਸੰਘ ਦੇ ਜੀ-20 ਦਾ ਸਥਾਈ ਮੈਂਬਰ ਬਣਨ 'ਤੇ ਦਿੱਤੀ ਵਧਾਈ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਮੋਰੋਸ ਸੰਘ ਦੇ ਪ੍ਰਧਾਨ ਅਤੇ ਅਫਰੀਕਨ ਯੂਨੀਅਨ (ਏਯੂ) ਦੀ ਚੇਅਰਪਰਸਨ ਅਜ਼ਲੀ ਅਸੌਮਾਨੀ ਨਾਲ ਮੀਟਿੰਗ ਕੀਤੀ । ਉਨ੍ਹਾਂ ਦੀ ਗੱਲਬਾਤ ਵਪਾਰ, ਨਿਵੇਸ਼ ਅਤੇ ਸਮੁੰਦਰੀ ਸਹਿਯੋਗ ਵਰਗੇ ਖੇਤਰਾਂ ਵਿਚ ਭਾਰਤ-ਕੋਮੋਰੋਸ ਸੰਬੰਧਾਂ ਨੂੰ ਅੱਗੇ ਵਧਾਉਣ 'ਤੇ ਕੇਂਦਰਿਤ ਸੀ । ਪ੍ਰਧਾਨ ਮੰਤਰੀ ਨੇ ਅਫਰੀਕੀ ਸੰਘ ਦੇ ਜੀ-20 ਦਾ ਸਥਾਈ ਮੈਂਬਰ ਬਣਨ 'ਤੇ ਵੀ ਉਨ੍ਹਾਂ ਨੂੰ ਵਧਾਈ ਦਿੱਤੀ।

ਏਬੀਵੀਪੀ ਸਮਰਥਕਾਂ ਨੇ ਭਾਰਤ ਦੀ ਜੀ-20 ਪ੍ਰਧਾਨਗੀ ਦਾ ਜਸ਼ਨ ਮਨਾਇਆ

ਨਵੀਂ ਦਿੱਲੀ : ਏਬੀਵੀਪੀ ਸਮਰਥਕਾਂ ਨੇ ਐਤਵਾਰ ਨੂੰ ਨਵੀਂ ਦਿੱਲੀ ਦੇ ਜੇਐਨਯੂ ਵਿੱਚ ਭਾਰਤ ਦੀ ਜੀ-20 ਪ੍ਰਧਾਨਗੀ ਦਾ ਜਸ਼ਨ ਮਨਾਉਣ ਲਈ ਮਾਰਚ ਕੱਢਿਆ।

ਕੇਂਦਰੀ ਮੰਤਰੀ ਹਰਦੀਪ ਪੁਰੀ ਜੀ-20 ਸਿਖਰ ਸੰਮੇਲਨ ਦੌਰਾਨ ਸੀਓਪੀ28 ਦੇ ਨਾਮਜ਼ਦ ਪ੍ਰਧਾਨ ਸੁਲਤਾਨ ਅਲ ਜਾਬੇਰ ਨੂੰ ਮਿਲੇ

ਨਵੀਂ ਦਿੱਲੀ : ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਜੀ-20 ਇੰਡੀਆ ਦੌਰਾਨ ਭਾਰਤ ਮੰਡਪਮ ਵਿਖੇ ਸੀਓਪੀ 28 ਦੇ ਨਾਮਜ਼ਦ ਰਾਸ਼ਟਰਪਤੀ ਸੁਲਤਾਨ ਬਿਨ ਅਹਿਮਦ ਅਲ ਜਾਬਰ ਨਾਲ ਮੁਲਾਕਾਤ ਕੀਤੀ।

ਦੋਵਾਂ ਮੰਤਰੀਆਂ ਵਿਚਾਲੇ ਮੁਲਾਕਾਤ ਉਸੇ ਦਿਨ ਹੋਈ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰੀ ਰਾਜਧਾਨੀ 'ਚ 720 'ਚ ਗਲੋਬਲ ਬਾਇਓਫਿਊਲ ਅਲਾਇੰਸ ਦੀ ਸ਼ੁਰੂਆਤ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ਨੀਵਾਰ ਨੂੰ ਵਿਸ਼ਵ ਨੇਤਾਵਾਂ ਦੀ ਮੌਜੂਦਗੀ ਵਿੱਚ ਗਲੋਬਲ ਬਾਇਓਫਿਊਲ ਅਲਾਇੰਸ ਦੀ ਸ਼ੁਰੂਆਤ ਕਰਨ ਤੋਂ ਬਾਅਦ, ਭਾਰਤ ਦੇ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਹੈ ਕਿ ਇਹ ਜਸ਼ਨ ਅਤੇ ਖੁਸ਼ੀ ਦਾ ਪਲ ਹੈ, ਉਨ੍ਹਾਂ ਨੇ ਕਿਹਾ ਕਿ ਭਾਰਤ ਨੇ ਇੱਕ ਟੀਚਾ ਰੱਖਿਆ ਹੈ। 2025 ਤੱਕ 20 ਪ੍ਰਤੀਸ਼ਤ ਬਾਇਓਫਿਊਲ ਮਿਸ਼ਰਣ ਨੂੰ ਪ੍ਰਾਪਤ ਕਰਨਾ।

"ਮੈਂ ਤੁਹਾਨੂੰ ਅਜਿਹੇ ਵਿਅਕਤੀ ਵਜੋਂ ਦੱਸ ਸਕਦਾ ਹਾਂ ਜੋ ਡੇਢ ਦਹਾਕੇ ਤੋਂ ਈਥਾਨੌਲ ਅਤੇ ਬਾਇਓਫਿਊਲ ਦੀ ਕਹਾਣੀ ਨਾਲ ਜੁੜਿਆ ਹੋਇਆ ਹੈ, ਅੱਜ ਇੱਕ ਇਤਿਹਾਸਕ ਦਿਨ ਹੈ। ਜਸ਼ਨ ਅਤੇ ਖੁਸ਼ੀ ਦਾ ਪਲ, ਕਿਉਂਕਿ ਗਲੋਬਲ ਬਾਇਓਫਿਊਲ ਅਲਾਇੰਸ ਦਾ ਐਲਾਨ ਪ੍ਰਧਾਨ ਮੰਤਰੀ ਦੁਆਰਾ ਕੀਤਾ ਗਿਆ ਹੈ, ਜਿਸ ਨੇ ਦੁਨੀਆ ਦੇ ਦੋ ਪ੍ਰਮੁੱਖ ਬਾਇਓਫਿਊਲ ਉਤਪਾਦਕਾਂ-ਸੰਯੁਕਤ ਰਾਜ ਅਤੇ ਬ੍ਰਾਜ਼ੀਲ ਅਤੇ ਹੋਰ ਜੋ ਖਪਤ ਅਤੇ ਉਤਪਾਦਨ ਕਰ ਰਹੇ ਹਨ, ਸਮੇਤ ਹੋਰ ਵਿਸ਼ਵ ਨੇਤਾਵਾਂ ਦੇ ਨਾਲ। ਬਾਇਓਫਿਊਲ ਦੇ ਦੇਸ਼. ਕੁੱਲ ਮਿਲਾ ਕੇ 19 ਦੇਸ਼ ਅਤੇ 12 ਅੰਤਰਰਾਸ਼ਟਰੀ ਸੰਸਥਾਵਾਂ ਅੰਤਰਰਾਸ਼ਟਰੀ ਬਾਇਓਫਿਊਲ ਅਲਾਇੰਸ ਬਣਾਉਣ ਲਈ ਇਕੱਠੇ ਹੋਏ ਹਨ, ਉਸਨੇ ਕਿਹਾ।

ਗਲੋਬਲ ਬਾਇਓਫਿਊਲ ਅਲਾਇੰਸ ਭਾਰਤ ਦੀ ਜੀ-20 ਪ੍ਰੈਜ਼ੀਡੈਂਸੀ ਅਧੀਨ ਤਰਜੀਹਾਂ ਵਿੱਚੋਂ ਇੱਕ ਹੈ। ਹਰਦੀਪ ਸਿੰਘ ਪੁਰੀ ਨੇ ਬਾਇਓਫਿਊਲ ਲਈ ਭਾਰਤ ਦੇ ਟੀਚਿਆਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਕਿਹਾ ਕਿ 2014 ਤੱਕ, ਸਾਡੇ ਈਂਧਨ ਵਿੱਚ ਸਿਰਫ 1.5 ਪ੍ਰਤੀਸ਼ਤ ਬਾਇਓਫਿਊਲ ਮਿਲਾਇਆ ਗਿਆ ਸੀ।

ਭਾਰਤ ਲਈ ਸਾਊਦੀ ਅਰਬ ਸਭ ਤੋਂ ਮਹੱਤਵਪੂਰਨ ਰਣਨੀਤਕ ਭਾਈਵਾਲਾਂ 'ਚੋਂ ਇਕ : ਮੋਦੀ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਬਿਨ ਅਬਦੁਲ ਅਜ਼ੀਜ਼ ਅਲ ਸਾਊਦ ਨੇ ਹੈਦਰਾਬਾਦ ਹਾਊਸ ਵਿਖੇ ਹੋਈ ਭਾਰਤ-ਸਾਊਦੀ ਰਣਨੀਤਕ ਭਾਈਵਾਲੀ ਪ੍ਰੀਸ਼ਦ ਦੀ ਪਹਿਲੀ ਬੈਠਕ ਦੇ ਮਿੰਟਾਂ 'ਤੇ ਹਸਤਾਖ਼ਰ ਕੀਤੇ। ਮੀਟਿੰਗ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਲਈ ਸਾਊਦੀ ਅਰਬ ਸਾਡੇ ਸਭ ਤੋਂ ਮਹੱਤਵਪੂਰਨ ਰਣਨੀਤਕ ਭਾਈਵਾਲਾਂ ਵਿਚੋਂ ਇਕ ਹੈ। ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਅਤੇ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਹੋਣ ਦੇ ਨਾਤੇ ਸਾਡਾ ਆਪਸੀ ਸਹਿਯੋਗ ਪੂਰੇ ਖ਼ੇਤਰ ਦੀ ਸ਼ਾਂਤੀ ਅਤੇ ਸਥਿਰਤਾ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਡੀ ਗੱਲਬਾਤ ਵਿਚ ਅਸੀਂ ਆਪਣੀ ਭਾਈਵਾਲੀ ਨੂੰ ਅਗਲੇ ਪੱਧਰ ਤੱਕ ਲਿਜਾਣ ਲਈ ਕਈ ਪਹਿਲਕਦਮੀਆਂ ਦੀ ਪਛਾਣ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਮੀਟਿੰਗ ਸਾਡੇ ਰਿਸ਼ਤਿਆਂ ਨੂੰ ਇਕ ਨਵੀਂ ਦਿਸ਼ਾ ਦੇਵੇਗੀ ਅਤੇ ਸਾਨੂੰ ਮਨੁੱਖਤਾ ਦੀ ਬਿਹਤਰੀ ਲਈ ਮਿਲ ਕੇ ਕੰਮ ਕਰਦੇ ਰਹਿਣ ਲਈ ਪ੍ਰੇਰਿਤ ਕਰੇਗੀ। ਕੱਲ੍ਹ ਅਸੀਂ ਭਾਰਤ, ਪੱਛਮੀ ਏਸ਼ੀਆ ਅਤੇ ਯੂਰਪ ਵਿਚਕਾਰ ਇਕ ਗਲਿਆਰਾ ਸਥਾਪਤ ਕਰਨ ਲਈ ਇਕ ਇਤਿਹਾਸਕ ਸ਼ੁਰੂਆਤ ਕੀਤੀ ਹੈ। ਇਹ ਨਾ ਸਿਰਫ਼ ਦੋਵਾਂ ਦੇਸ਼ਾਂ ਨੂੰ ਜੋੜੇਗਾ ਬਲਕਿ ਏਸ਼ੀਆ, ਪੱਛਮੀ ਏਸ਼ੀਆ ਅਤੇ ਯੂਰਪ ਵਿਚਕਾਰ ਆਰਥਿਕ ਸਹਿਯੋਗ, ਊਰਜਾ ਵਿਕਾਸ ਅਤੇ ਡਿਜੀਟਲ ਸੰਪਰਕ ਨੂੰ ਵੀ ਮਜ਼ਬੂਤ ਕਰੇਗਾ।

ਸਾਊਦੀ ਅਰਬ ਭਾਰਤ ਦਾ ਅਹਿਮ ਭਾਈਵਾਲ: ਮੋਦੀ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਬਿਨ ਅਬਦੁੱਲਅਜ਼ੀਜ਼ ਅਲ-ਸਊਦ ਨਾਲ ਗੱਲਬਾਤ ਦੌਰਾਨ ਕਿਹਾ ਕਿ ਭਾਰਤ ਅਤੇ ਸਾਊਦੀ ਅਰਬ ਦੀ ਰਣਨੀਤਕ ਭਾਈਵਾਲੀ ਖੇਤਰੀ ਅਤੇ ਆਲਮੀ ਸਥਿਰਤਾ ਤੇ ਭਲਾਈ ਲਈ ਅਹਿਮ ਹੈ। ਸਾਊਦੀ ਅਰਬ ਨੂੰ ਭਾਰਤ ਦੇ ਸਭ ਤੋਂ ਅਹਿਮ ਰਣਨੀਤਕ ਭਾਈਵਾਲਾਂ 'ਚੋਂ ਇਕ ਕਰਾਰ ਦਿੰਦਿਆਂ ਮੋਦੀ ਨੇ ਕਿਹਾ ਕਿ ਬਦਲਦੇ ਸਮੇਂ ਦੇ ਨਾਲ ਦੋਵੇਂ ਮੁਲਕ ਆਪਣੇ ਸਬੰਧਾਂ 'ਚ ਨਵੇਂ ਦਿਸਹੱਦੇ ਜੋੜ ਰਹੇ ਹਨ। ਮੋਦੀ ਅਤੇ ਬਿਨ ਸਲਮਾਨ ਨੇ ਭਾਰਤ-ਸਾਊਦੀ ਅਰਬ ਰਣਨੀਤਕ ਭਾਈਵਾਲੀ ਪਰਿਸ਼ਦ ਦੀ ਪਹਿਲੀ ਮੀਟਿੰਗ 'ਚ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ। ਮੀਟਿੰਗ 'ਚ ਆਪਣੇ ਸ਼ੁਰੂਆਤੀ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ,"ਸਾਡੀ ਕਰੀਬੀ ਭਾਈਵਾਲੀ ਨੂੰ ਅਗਲੇ ਪੱਧਰ ਤੱਕ ਲਿਜਾਣ ਲਈ ਕਈ ਪਹਿਲਕਦਮੀਆਂ ਦੀ ਪਛਾਣ ਕੀਤੀ ਗਈ ਹੈ। ਅੱਜ ਦੀ ਮੀਟਿੰਗ 'ਚ ਸਾਡੇ ਸਬੰਧਾਂ ਨੂੰ ਇਕ ਨਵੀਂ ਸੇਧ ਅਤੇ ਊਰਜਾ ਮਿਲੇਗੀ।" ਅਹਿਮ ਖੇਤਰਾਂ 'ਚ ਸਹਿਯੋਗ ਵਧਾਉਣ ਦੇ ਉਦੇਸ਼ ਨਾਲ ਭਾਰਤ-ਸਾਊਦੀ ਅਰਬ ਰਣਨੀਤਕ ਭਾਈਵਾਲੀ ਪਰਿਸ਼ਦ ਦਾ ਐਲਾਨ 2019 'ਚ ਕੀਤਾ ਗਿਆ ਸੀ। ਜੀ-20 ਸਿਖਰ ਸੰਮੇਲਨ ਦੀ ਸਮਾਪਤੀ ਮਗਰੋਂ

ਬਿਨ ਸਲਮਾਨ ਇਸ ਸਮੇਂ ਭਾਰਤ ਦੇ ਸਰਕਾਰੀ ਦੌਰੇ 'ਤੇ ਹਨ। ਵਾਰਤਾ ਤੋਂ ਪਹਿਲਾਂ ਸਾਊਦੀ ਅਰਬ ਦੇ ਪ੍ਰਿੰਸ ਦਾ ਰਾਸ਼ਟਰਪਤੀ ਭਵਨ 'ਚ ਸਰਕਾਰੀ ਤੌਰ 'ਤੇ ਸਵਾਗਤ ਕੀਤਾ ਗਿਆ। ਸਵਾਗਤ ਤੋਂ ਬਾਅਦ ਬਿਨ ਸਲਮਾਨ ਨੇ ਪੱਤਰਕਾਰਾਂ ਨੂੰ ਕਿਹਾ,"ਮੈਂ ਭਾਰਤ ਆ ਕੇ ਬਹੁਤ ਖੁਸ਼ ਹਾਂ। ਮੈਂ ਜੀ-20 ਸਿਖਰ ਸੰਮੇਲਨ ਲਈ ਭਾਰਤ ਨੂੰ ਵਧਾਈ ਦੇਣਾ ਚਾਹੁੰਦਾ ਹਾਂ।" ਸਾਊਦੀ ਆਗੂ ਨੇ ਕਿਹਾ ਕਿ ਸਿਖਰ ਸੰਮੇਲਨ 'ਚ ਕੀਤੇ ਗਏ ਐਲਾਨਾਂ ਨਾਲ ਦੁਨੀਆ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ,"ਅਸੀਂ ਦੋਵੇਂ ਮੁਲਕਾਂ ਦੇ ਵਧੀਆ ਭਵਿੱਖ ਦੇ ਨਿਰਮਾਣ ਲਈ ਮਿਲ ਕੇ ਕੰਮ ਕਰਾਂਗੇ।" ਸਾਊਦੀ ਅਰਬ ਪੱਛਮੀ ਏਸ਼ੀਆ 'ਚ ਭਾਰਤ ਦੇ ਪ੍ਰਮੁੱਖ ਰਣਨੀਤਕ ਭਾਈਵਾਲਾਂ 'ਚੋਂ ਇਕ ਹੈ। ਪਿਛਲੇ ਕੁਝ ਵਰ੍ਹਿਆਂ ਦੌਰਾਨ ਦੋਵੇਂ ਮੁਲਕ ਆਪਣੀ ਸੁਰੱਖਿਆ ਭਾਈਵਾਲੀ ਨੂੰ ਮਜ਼ਬੂਤ ਕਰਨ 'ਤੇ ਵੀ ਧਿਆਨ ਕੇਂਦਰਿਤ ਕਰ ਰਹੇ ਹਨ। ਤਤਕਾਲੀ ਫ਼ੌਜ ਮੁਖੀ ਜਨਰਲ ਐੱਮ ਐੱਮ ਨਰਵਾਣੇ ਨੇ ਦਸੰਬਰ 2020 'ਚ ਸਾਊਦੀ ਅਰਬ ਦਾ ਦੌਰਾ ਕੀਤਾ ਸੀ ਜੋ 13 ਲੱਖ ਤੋਂ ਵੱਧ ਸੈਨਿਕਾਂ ਦੀ ਸਮਰੱਥਾ ਵਾਲੀ ਮਜ਼ਬੂਤ ਫ਼ੌਜ ਮੁਖੀ ਵੱਲੋਂ ਮਹੱਤਵਪੂਰਨ ਖਾੜੀ ਮੁਲਕ ਦੀ ਪਹਿਲੀ ਯਾਤਰਾ ਸੀ।

ਭਾਰਤ ਅਤੇ ਸਾਊਦੀ ਅਰਬ ਨੇ 50 ਅਰਬ ਡਾਲਰ ਦੇ ਵੈਸਟ ਕੋਸਟ ਰਿਫਾਇਨਰੀ ਪ੍ਰਾਜੈਕਟ ਨੂੰ ਤੇਜ਼ੀ ਨਾਲ ਲਾਗੂ ਕਰਨ ਦਾ ਫ਼ੈਸਲਾ ਲਿਆ ਹੈ। ਇਸ ਦੇ ਨਾਲ ਦੋਵੇਂ ਮੁਲਕਾਂ ਨੇ ਊਰਜਾ, ਰੱਖਿਆ, ਸੈਮੀਕੰਡਕਟਰ ਅਤੇ ਪੁਲਾੜ ਦੇ ਖੇਤਰ 'ਚ ਸਹਿਯੋਗ ਦਾ ਅਹਿਦ ਲਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਊਦੀ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਬਿਨ ਅਬਦੁੱਲਅਜ਼ੀਜ਼ ਅਲ-ਸਊਦ ਵਿਚਕਾਰ ਹੋਈ ਦੁਵੱਲੀ ਮੀਟਿੰਗ ਦੌਰਾਨ ਹਾਈਡਰੋਕਾਰਬਨ ਸਬੰਧਾਂ ਨੂੰ ਵਿਸਥਾਰ ਦੇਣ ਦਾ ਫ਼ੈਸਲਾ ਵੀ ਲਿਆ ਗਿਆ।

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਮੁਹੰਮਦ ਬਿਨ ਸਲਮਾਨ ਬਿਨ ਅਬਦੁੱਲਅਜ਼ੀਜ਼ ਅਲ ਸੌਦ ਦੇ ਸਨਮਾਨ ਵਿੱਚ ਦਾਅਵਤ ਦਾ ਕੀਤਾ ਆਯੋਜਨ

ਨਵੀਂ ਦਿੱਲੀ : ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕ੍ਰਾਊਨ ਪ੍ਰਿੰਸ ਅਤੇ ਸਾਊਦੀ ਅਰਬ ਦੇ ਪ੍ਰਧਾਨ ਮੰਤਰੀ ਮੁਹੰਮਦ ਬਿਨ ਸਲਮਾਨ ਬਿਨ ਅਬਦੁਲ ਅਜ਼ੀਜ਼ ਅਲ ਸਾਊਦ ਦੇ ਸਨਮਾਨ ਵਿਚ ਆਯੋਜਿਤ ਦਾਅਵਤ ਦੌਰਾਨ ਸਾਊਦੀ ਅਰਬ ਦੇ ਵਫ਼ਦ ਨਾਲ ਮੁਲਾਕਾਤ ਕੀਤੀ, ਉਪ ਰਾਸ਼ਟਰਪਤੀ ਜੈਦੀਪ ਧਨਖੜ ਦੇ ਰੂਪ ਵਿਚ ਦਿਖਾਈ ਦੇ ਰਹੇ ਹਨ, ਸੋਮਵਾਰ ਨੂੰ ਨਵੀਂ ਦਿੱਲੀ ਵਿੱਚ ਰਾਸ਼ਟਰਪਤੀ ਭਵਨ ਵਿੱਚ।

ਜੱਗੀ ਜੌਹਲ ਦਾ ਮਾਮਲਾ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਸੁਨਕ ਨੇ ਨਰਿੰਦਰ ਮੋਦੀ ਕੋਲ ਚੁੱਕਿਆ

ਨਵੀਂ ਦਿੱਲੀ : ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੇ ਜਗਤਾਰ ਸਿੰਘ ਜੌਹਲ ਦੀ ਰਿਹਾਈ ਦਾ ਮੁੱਦਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਚੁੱਕਿਆ ਹੈ।

ਸਕਾਟਲੈਂਡ ਦੇ ਰਹਿਣ ਵਾਲੇ ਜਗਤਾਰ ਸਿੰਘ ਨੂੰ 2017 ਵਿੱਚ ਭਾਰਤੀ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਦੋਂ ਤੋਂ ਲੈ ਕੇ ਉਹ ਹੁਣ ਤੱਕ ਭਾਰਤੀ ਜੇਲ੍ਹ ਵਿੱਚ ਬੰਦ ਹਨ। 36 ਸਾਲਾ ਜਗਤਾਰ ਸਿੰਘ ਜੌਹਲ ਸਿੱਖਾਂ ਦੇ ਮਨੁੱਖੀ ਹੱਕਾਂ ਦੇ ਕਾਰਕੁਨ ਸਨ, ਉਹ ਅਕਤੂਬਰ 2017 ਨੂੰ ਭਾਰਤ ਵਿੱਚ ਵਿਆਹ ਕਰਵਾਉਣ ਲਈ ਆਏ ਸਨ।

ਉਹ ਆਪਣੀ ਪਤਨੀ ਨਾਲ ਬਾਜ਼ਾਰ ਵਿੱਚ ਖ਼ਰੀਦਦਾਰੀ ਕਰ ਰਹੇ ਸਨ ਜਦੋਂ ਉਨ੍ਹਾਂ ਨੂੰ ਆਮ ਕੱਪੜਿਆਂ ਵਿੱਚ ਆਈ ਪੰਜਾਬ ਪੁਲਿਸ ਵੱਲੋਂ ਆਪਣੀ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਦਰਅਸਲ, ਰਿਸ਼ੀ ਸੁਨਕ ਉੱਤੇ ਇਹ ਦਬਾਅ ਪਾਇਆ ਜਾ ਰਿਹਾ ਸੀ ਕਿ ਉਹ ਡੰਬਰਟਨ ਦੇ ਰਹਿਣ ਵਾਲੇ ਜਗਤਾਰ ਸਿੰਘ ਜੌਹਲ ਦੀ ਰਿਹਾਈ ਦਾ ਮੁੱਦਾ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਸਾਹਮਣੇ ਚੁੱਕਣ। ਜਗਤਾਰ ਸਿੰਘ ਦੇ ਪਰਿਵਾਰ ਵੱਲੋਂ ਇਹ ਇਲਜ਼ਾਮ ਲਗਾਏ ਜਾ ਰਹੇ ਹਨ ਉਨ੍ਹਾਂ ਉੱਤੇ ਹਿਰਾਸਤ ਵਿੱਚ ਤਸ਼ਦੱਦ ਕੀਤਾ ਜਾ ਰਿਹਾ ਹੈ। ਇਸ ਸਿਲਸਿਲੇ 'ਚ ਕੁੱਲ 70 ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਸੁਨਕ ਨੂੰ ਇੱਕ ਪੱਤਰ ਲਿਖ ਕੇ ਵੀ ਇਸ ਮਾਮਲੇ ਵਿੱਚ ਦਖ਼ਲ ਦੇਣ ਲਈ ਕਿਹਾ ਸੀ। ਪਿਛਲੇ ਹਫ਼ਤੇ ਦੀ ਸ਼ੁਰੂਆਤ ਵਿੱਚ ਬ੍ਰਿਟੇਨ ਦੇ ਪ੍ਰਵਾਸੀ ਮਾਮਲਿਆਂ ਬਾਰੇ ਅਧਿਕਾਰੀਆਂ ਨੇ ਇਸ ਮਾਮਲੇ ਵਿੱਚ ਦਖ਼ਲ ਦੇਣ ਬਾਰੇ ਇਨਕਾਰ ਕਰ ਦਿੱਤਾ ਸੀ।

ਹਾਲਾਂਕਿ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਤੋਂ ਬਾਅਦ ਸੁਨਕ ਨੇ ਕਿਹਾ ਕਿ ਉਨ੍ਹਾਂ ਨੇ ਹੋਰ 'ਕੌਂਸੂਲਰ' ਮਸਲਿਆਂ ਦੇ ਨਾਲ ਇਸ ਕੇਸ ਬਾਰੇ ਵੀ ਗੱਲ ਕੀਤੀ ਹੈ।

ਉਨ੍ਹਾਂ ਨੇ ਹੋਰ ਜਾਣਕਾਰੀ ਨਹੀਂ ਦਿੱਤੀ, ਪਰ ਕਿਹਾ, "ਵਿਦੇਸ਼ੀ ਮੰਤਰਾਲੇ ਵੱਲੋਂ ਜੌਹਲ ਦੇ ਪਰਿਵਾਰ ਨੂੰ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਇਹ ਜਾਰੀ ਰਹੇਗੀ।

ਮਨਮੋਹਨ ਸਿੰਘ ਨੇ ਰੂਸ-ਯੂਕ੍ਰੇਨ ਜੰਗ 'ਚ ਮੋਦੀ ਦੇ ਕਿਰਦਾਰ ਦੀ ਕੀਤੀ ਸ਼ਲਾਘਾ

ਨਵੀਂ ਦਿੱਲੀ : ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਰੂਸ-ਯੂਕ੍ਰੇਨ ਦੇ ਮਾਹੌਲ ਵਿਚ ਭਾਰਤ ਦੇ ਕਿਰਦਾਰ ਨੂੰ ਉਚਿਤ ਦੱਸਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋਹਾਂ ਮੁਲਕਾਂ ਨੂੰ ਸ਼ਾਂਤੀ ਦੀ ਅਪੀਲ ਕਰਦੇ ਹੋਏ ਆਪਣੇ ਹਿੱਤਾਂ ਨੂੰ ਪਹਿਲੇ ਸਥਾਨ 'ਤੇ ਰੱਖ ਕੇ ਸਹੀ ਕੰਮ ਕੀਤਾ ਹੈ। ਡਾ. ਸਿੰਘ ਨੇ ਇਕ ਅੰਗਰੇਜ਼ੀ ਅਖਬਾਰ ਨੂੰ ਦਿੱਤੀ ਇੰਟਰਵਿਊ 'ਚ ਕਿਹਾ ਕਿ ਜਦੋਂ ਦੋ ਜਾਂ ਉਸ ਤੋਂ ਵੱਧ ਦੇਸ਼ਾਂ ਵਿਚਾਲੇ ਤਣਾਅ ਹੁੰਦਾ ਹੈ ਤਾਂ ਹੋਰਨਾਂ ਦੇਸ਼ਾਂ 'ਤੇ ਕਿਸੇ ਇਕ ਦੇਸ਼ ਦੀ ਚੋਣ ਕਰਨ ਦਾ ਜ਼ਿਆਦਾਤਰ ਦਬਾਅ ਬਣ ਜਾਂਦਾ ਹੈ। ਇਹ ਸਥਿਤੀ ਬਹੁਤ ਮੁਸ਼ਕਲ ਹੁੰਦੀ ਹੈ ਪਰ ਮੋਦੀ ਨੇ ਇਸ ਮੁਸ਼ਕਲ ਸਥਿਤੀ ਵਿਚ ਆਪਣੇ ਦੇਸ਼ ਨੂੰ ਜ਼ਿਆਦਾ ਮਹੱਤਵ ਦੇਣ ਦਾ ਬਦਲ ਚੁਣਕੇ ਆਪਣੀ ਪ੍ਰਭੂਸੱਤਾ ਦੀ ਰੱਖਿਆ ਕੀਤੀ ਹੈ ਅਤੇ ਪ੍ਰਧਾਨ ਮੰਤਰੀ ਦੇ ਰੂਪ ਵਿਚ ਉਨ੍ਹਾਂ ਦਾ ਇਹ ਕਿਰਦਾਰ ਸਹੀ ਸੀ। ਮਨਮੋਹਨ ਸਿੰਘ ਨੇ ਅੱਗੇ ਕਿਹਾ ਕਿ ਮੈਨੂੰ ਲਗਦਾ ਹੈ ਕਿ ਸ਼ਾਂਤੀ ਦੀ ਅਪੀਲ ਕਰ ਕੇ ਭਾਰਤ ਨੇ ਬਿਹਤਰ ਤਰੀਕੇ ਨਾਲ ਆਪਣੀ ਪ੍ਰਭੂਸੱਤਾ ਅਤੇ ਆਰਥਿਕ ਹਿੱਤਾਂ ਨੂੰ ਪਹਿਲਾ ਸਥਾਨ ਦੇ ਕੇ ਸਹੀ ਕੰਮ ਕੀਤਾ ਹੈ। ਰੂਸ-ਯੂਕ੍ਰੇਨ ਸੰਘਰਸ਼ ਅਤੇ ਚੀਨ ਅਤੇ ਪੱਛਮੀ ਦੇਸ਼ਾਂ ਵਿਚਾਲੇ ਤਣਾਅ ਕਾਰਨ ਵਿਸ਼ਵ ਵਿਵਸਥਾ ਵਿਚ ਬਹੁਤ ਬਦਲਾਅ ਆ ਚੁੱਕਾ ਹੈ ਅਤੇ ਇਸ ਮਾਹੌਲ ਵਿਚ ਭਾਰਤ ਨੇ ਅਹਿਮ ਕਿਰਦਾਰ ਨਿਭਾਇਆ ਹੈ। ਮੋਦੀ ਦੀ ਦੇਸ਼ਹਿੱਤ 'ਚ ਮੁਸ਼ਕਲ ਮਾਹੌਲ ਦਰਮਿਆਨ ਜੋ ਕਦਮ ਚੁੱਕਿਆ ਹੈ ਉਸ ਕਾਰਨ ਗਲੋਬਲ ਪੱਧਰ 'ਤੇ ਭਾਰਤ ਦੀ ਸਾਖ ਵਧੀ ਹੈ।

ਮਨਮੋਹਨ ਨੇ ਹਦਾਇਤ ਦਿੰਦੇ ਹੋਏ ਕਿਹਾ ਕਿ ਅਜੇ ਨਵੇਂ ਤਰ੍ਹਾਂ ਦੀਆਂ ਵਪਾਰਕ ਪਾਬੰਦੀਆਂ ਦੀ ਗੱਲ ਹੋ ਰਹੀ ਹੈ। ਇਸ ਨਾਲ ਮੌਜੂਦਾ ਪ੍ਰਬੰਧ ਬਦਲਣਗੇ ਅਤੇ ਦੁਨੀਆ ਦੀ ਸਪਲਾਈ ਚੇਨ 'ਚ ਭਾਰਤ ਲਈ ਨਵੇਂ ਰਸਤੇ ਖੁੱਲ੍ਹ ਸਕਦੇ ਹਨ। ਇਨ੍ਹਾਂ ਸਾਰੇ ਹਾਲਾਤਾਂ ਦੇ ਦੌਰ 'ਚ ਭਾਰਤ ਦਾ ਆਰਥਿਕ ਹਿੱਤ ਇਸੇ ਗੱਲ ਵਿਚ ਹੈ ਕਿ ਉਹ ਕਿਸੇ ਦੇ ਸੰਘਰਸ਼ਾਂ ਵਿਚ ਨਾ ਉਲਝੇ ਅਤੇ ਦੂਸਰੇ ਦੇਸ਼ਾਂ ਨਾਲ ਵਪਾਰਕ ਸਬੰਧਾਂ ਦਾ ਸੰਤੁਲਨ ਬਣਾਏ ਰੱਖਦੇ ਹੋਏ ਅੱਗੇ ਵਧੇ। ਭਾਰਤ ਵਿਚ ਜੀ-20 ਦੇ ਆਯੋਜਨ ਨਾਲ ਸਬੰਧਤ ਸਵਾਲ 'ਤੇ ਉਨ੍ਹਾਂ ਨੇ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਰੋਟੇਸ਼ਨ ਦੇ ਤਹਿਤ ਜੀ-20 ਵਿਚ ਭਾਰਤ ਨੂੰ ਪ੍ਰਧਾਨਗੀ ਕਰਨ ਦਾ ਮੌਕਾ ਮਿਲਿਆ ਅਤੇ ਮੇਰੇ ਲਈ ਜ਼ਿਆਦਾ ਖੁਸ਼ੀ ਇਸ ਗੱਲ ਦੀ ਹੈ ਕਿ ਮੈਂ ਭਾਰਤ ਨੂੰ ਜੀ-20 ਦੀ ਪ੍ਰਧਾਨਗੀ ਕਰਦੇ ਹੋਏ ਦੇਖ ਰਿਹਾ ਹਾਂ।

ਜੀ-20 ਵਿਚ ਬਾਹਰਲੇ ਮੁਲਕਾਂ ਵਿਚ ਵੱਸਣ ਵਾਲੇ ਸਿਰਕੱਢ ਸਿੱਖਾਂ ਨੂੰ ਇੰਡੀਅਨ ਏਜੰਸੀਆ ਵੱਲੋਂ ਮਾਰ ਦੇਣ ਦੀਆਂ ਸਾਜ਼ਿਸ਼ਾਂ ਸੰਬੰਧੀ ਕੋਈ ਗੱਲ ਨਾ ਕਰਨਾ ਅਤਿ ਅਫ਼ਸੋਸਨਾਕ: ਮਾਨ

ਨਵੀਂ ਦਿੱਲੀ : "ਜੀ-20 ਮੁਲਕਾਂ ਦੀ ਬੀਤੇ ਕੁਝ ਦਿਨ ਪਹਿਲੇ ਦਿੱਲੀ ਵਿਖੇ ਹੋਈ ਇਕੱਤਰਤਾ ਵਿਚ ਹਰ ਸਟੇਟ ਦੇ ਨਿਵਾਸੀਆ ਦੀ ਧਾਰਮਿਕ ਆਜ਼ਾਦੀ ਨੂੰ ਸੁਰੱਖਿਅਤ ਰੱਖਣ ਲਈ ਇਕ ਪਾਸ ਕੀਤਾ ਗਿਆ ਮਤਾ ਬਹੁਤ ਹੀ ਪ੍ਰਸ਼ੰਸਾਯੋਗ ਉਦਮ ਹੈ ਅਤੇ ਹੋਰ ਵੀ ਕਈ ਚੰਗੀਆਂ ਗੱਲਾਂ ਹੋਈਆ ਹਨ। ਪਰ ਜੋ ਜ਼ਮਹੂਰੀਅਤ ਕਦਰਾਂ-ਕੀਮਤਾਂ ਨੂੰ ਇੰਡੀਆ ਵਿਚ ਬਹਾਲ ਰੱਖਣ ਕਰਨ ਲਈ ਜਾਂ ਵੱਖ-ਵੱਖ ਮੁਲਕਾਂ ਵਿਚ ਵੱਸਦੇ ਸਿਰਕੱਢ ਸਿੱਖਾਂ ਨੂੰ ਇੰਡੀਅਨ ਏਜੰਸੀਆਂ ਵੱਲੋਂ ਮਾਰ ਦੇਣ ਦੀਆਂ ਸਾਜਿਸਾਂ ਅਤੇ ਹੋ ਰਹੇ ਕਤਲਾਂ ਸੰਬੰਧੀ ਜੀ-20 ਮੁਲਕਾਂ ਵੱਲੋਂ ਕੋਈ ਵੀ ਇਨਸਾਨੀਅਤ ਪੱਖੀ ਉਦਮ ਨਾ ਕਰਨਾ ਅਤਿ ਅਫ਼ਸੋਸਨਾਕ ਹੈ । ਜਦੋਕਿ ਇਹ ਦੋਵੇ ਜ਼ਮਹੂਰੀਅਤ ਬਹਾਲੀ ਅਤੇ ਮਨੁੱਖੀ ਜਿੰਦਗਾਨੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਸ ਮੁਲਕਾਂ ਦੀ ਮੀਟਿੰਗ ਵਿਚ ਸੰਜ਼ੀਦਗੀ ਨਾਲ ਵਿਚਾਰ ਵੀ ਹੋਣਾ ਚਾਹੀਦਾ ਸੀ ਅਤੇ ਕੌਮਾਂਤਰੀ ਪੱਧਰ ਤੇ ਮਤਾ ਵੀ ਪਾਸ ਹੋਣਾ ਚਾਹੀਦਾ ਸੀ ।

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਜੀ-20 ਮੁਲਕਾਂ ਦੀ ਦਿੱਲੀ ਵਿਖੇ ਹੋਈ ਇਕੱਤਰਤਾ ਵਿਚ ਧਾਰਮਿਕ ਆਜ਼ਾਦੀ ਦੇ ਵਿਸ਼ੇ ਉਤੇ ਸਰਬਸੰਮਤੀ ਨਾਲ ਇਸਨੂੰ ਕਾਇਮ ਰੱਖਣ ਲਈ ਪਾਸ ਕੀਤੇ ਗਏ ਮਤੇ ਦਾ ਸਵਾਗਤ ਕਰਦੇ ਹੋਏ ਅਤੇ ਨਾਲ ਹੀ ਇੰਡੀਆ ਵਿਚ ਹੁਕਮਰਾਨਾਂ ਵੱਲੋਂ ਜ਼ਮਹੂਰੀਅਤ ਕਦਰਾਂ-ਕੀਮਤਾਂ ਦਾ ਨਿਰੰਤਰ ਕੀਤਾ ਜਾਂਦਾ ਆ ਰਿਹਾ ਘਾਣ ਅਤੇ ਬਾਹਰਲੇ ਮੁਲਕਾਂ ਵਿਚ ਵੱਸਣ ਵਾਲੇ ਸਿਰਕੱਢ ਸਿੱਖਾਂ ਨੂੰ ਇੰਡੀਅਨ ਏਜੰਸੀਆ ਵੱਲੋ ਮਾਰ ਦੇਣ ਦੀਆਂ ਸਾਜਿਸਾਂ ਸੰਬੰਧੀ ਕੋਈ ਗੱਲ ਨਾ ਕਰਨਾ ਅਤਿ ਅਫ਼ਸੋਸਨਾਕ ਅਤੇ ਮਨੁੱਖੀ ਹੱਕਾਂ ਦੀ ਰਾਖੀ ਨਾ ਕਰਨਾ ਕਰਾਰ ਦਿੰਦੇ ਹੋਏ ਜੋਰਦਾਰ ਰੋਸ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਦੋ ਅਮਰੀਕਾ ਨੇ ਪ੍ਰਤੱਖ ਤੌਰ ਤੇ ਕਹਿ ਦਿੱਤਾ ਹੈ ਕਿ ਉਨ੍ਹਾਂ ਦੇ ਮੁਲਕ ਵਿਚ ਕਿਸੇ ਵੀ ਸਿੱਖ ਜਾਂ ਹੋਰ ਘੱਟ ਗਿਣਤੀ ਕੌਮ ਨਾਲ ਸੰਬੰਧਤ ਇਨਸਾਨ ਨੂੰ ਸਾਜਸੀ ਢੰਗਾਂ ਰਾਹੀ ਕਤਲ ਕਰਨ ਦੀ ਕਿਸੇ ਨੂੰ ਇਜਾਜਤ ਨਹੀ ਦਿੱਤੀ ਜਾਵੇਗੀ, ਫਿਰ ਉਪਰੋਕਤ ਜੀ-20 ਮੁਲਕਾਂ ਦੀ ਮੀਟਿੰਗ ਵਿਚ ਅਜਿਹੀਆ ਹਕੂਮਤੀ ਸਾਜਿਸਾਂ ਦਾ ਅੰਤ ਕਰਨ ਲਈ ਮਤਾ ਕਿਉਂ ਨਾ ਪਾਸ ਕੀਤਾ ਗਿਆ? ਜਦੋਂਕਿ ਇਸ ਗੰਭੀਰ ਮੁੱਦੇ ਉਤੇ ਸੰਜ਼ੀਦਗੀ ਨਾਲ ਗੱਲ ਕਰਦੇ ਹੋਏ ਇਨਸਾਨੀ ਜਿੰਦਗਾਨੀਆਂ ਦੀ ਹਰ ਪੱਖੋ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਮੁਲਕਾਂ ਵੱਲੋ ਸਮੂਹਿਕ ਤੌਰ ਤੇ ਅਮਲ ਹੋਣਾ ਅਤਿ ਜ਼ਰੂਰੀ ਸੀ ।



ਦੂਸਰਾ ਜੋ ਜਮਹੂਰੀਅਤ ਕਦਰਾਂ-ਕੀਮਤਾਂ ਨੂੰ ਇਨ੍ਹਾਂ ਸਭ ਮੁਲਕਾਂ ਵੱਲੋ ਕਾਇਮ ਰੱਖਣ ਦੀ ਗੱਲ ਹੋਣੀ ਚਾਹੀਦੀ ਸੀ ਉਹ ਵੀ ਨਹੀ ਕੀਤੀ ਗਈ । ਇੰਡੀਆਂ ਇਕ ਜ਼ਮਹੂਰੀਅਤ ਪਸ਼ੰਦ ਮੁਲਕ ਹੈ, ਇਸਦੇ ਵਿਧਾਨ ਦੀ ਧਾਰਾ 21 ਇਥੋ ਦੇ ਹਰ ਨਾਗਰਿਕ ਨੂੰ ਜਿੰਦਗੀ ਜਿਊਂਣ ਅਤੇ ਉਸਦੀ ਹਰ ਖੇਤਰ ਵਿਚ ਆਜਾਦੀ ਨੂੰ ਬਰਕਰਾਰ ਰੱਖਣ ਦੀ ਜੋਰਦਾਰ ਗੱਲ ਕਰਦੀ ਹੈ । ਪਰ ਬੀਤੇ ਸਮੇ ਵਿਚ ਇਥੇ ਅਫਸਪਾ ਵਰਗੇ ਜ਼ਾਬਰ ਕਾਲੇ ਕਾਨੂੰਨ ਲਾਗੂ ਕਰਕੇ ਕਸ਼ਮੀਰੀ ਨੌਜਵਾਨਾਂ ਨੂੰ ਅਗਵਾਹ ਕਰਨ, ਉਨ੍ਹਾਂ ਉਤੇ ਤਸੱਦਦ ਕਰਕੇ ਲੱਤ ਬਾਂਹ ਤੋੜਨ, ਉਨ੍ਹਾਂ ਨਾਲ ਜ਼ਬਰ ਜ਼ਨਾਹ ਕਰਨ ਜਾਂ ਉਨ੍ਹਾਂ ਨੂੰ ਮਾਰ ਦੇਣ ਦੀ ਫੋਰਸਾਂ ਨੂੰ ਖੁੱਲ੍ਹ ਦਿੱਤੀ ਗਈ । ਜੋ ਕਿ ਕੌਮਾਂਤਰੀ ਕਾਨੂੰਨਾਂ, ਨਿਯਮਾਂ ਦਾ ਘੋਰ ਉਲੰਘਣ ਕਰਨ ਅਤੇ ਯੂ.ਐਨ. ਵਰਗੀ ਕੌਮਾਂਤਰੀ ਸੰਸਥਾਂ, ਅਮਨੈਸਟੀ ਇੰਟਰਨੈਸਨਲ, ਏਸੀਆ ਵਾਚ ਹਿਊਮਰਨਾਈਟਸ ਅਤੇ ਹੋਰ ਕੌਮਾਂਤਰੀ ਪੱਧਰ ਦੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਸਿਧਾਤਾਂ ਤੇ ਨਿਯਮਾਂ ਦਾ ਕਤਲ ਕਰਨ ਦੇ ਤੁੱਲ ਕਾਰਵਾਈਆ ਕੀਤੀਆ ਗਈਆ ਹਨ ਅਤੇ ਅੱਜ ਵੀ ਜਾਰੀ ਹਨ । ਇਸ ਉਤੇ ਇਸ ਮੀਟਿੰਗ ਵਿਚ ਕੋਈ ਅਮਲ ਨਾ ਹੋਣਾ ਵੀ ਜੀ-20 ਮੁਲਕਾਂ ਦੀ ਇਕੱਤਰਤਾ ਦੀ ਇਕ ਵਿਸੇਸ ਅਸਫਲਤਾ ਜਾਹਰ ਕਰਦੀ ਹੈ।

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ

ਪਟਨਾ ਦੇ ਇੱਕ ਹਸਪਤਾਲ ਵਿੱਚ (ਭਗਵਾਨ ਕ੍ਰਿਸ਼ਨ) ਦੇ ਰੂਪ ਵਿੱਚ ਪਹਿਨੇ ਜਨਮ ਅਸ਼ਟਮੀ ਦੇ ਤਿਉਹਾਰ 'ਤੇ ਜਨਮੇ ਬੱਚੇ। ਜਿਨ੍ਹਾਂ ਦੇ ਦਰਸ਼ਨਾ ਲਈ ਸਾਰਾ ਦਿਨ ਭਗਤਾ ਸ਼ਰਧਾਲੂਆਂ ਦਾ ਮੇਲਾ ਲੱਗਾ ਰਿਹਾ

ਭਗਤੀ ਮੰਦਰ, ਕ੍ਰਿਪਾਲੂ ਧਾਮ (ਮਾਨਗੜ੍ਹ) ਵਿਖੇ ਜਨਮ ਅਸ਼ਟਮੀ ਦੇ ਜਸ਼ਨਾਂ ਦੌਰਾਨ ਅਰਦਾਸ ਕਰਨ ਲਈ ਸ਼ਰਧਾਲੂਆਂ ਦੀ ਭੀੜ

ਪ੍ਰਤਾਪਗੜ੍ਹ : ਪ੍ਰਤਾਪਗੜ੍ਹ ਵਿੱਚ ਹਾਲ ਹੀ ਵਿੱਚ ਜਨਮਾਸ਼ਟਮੀ ਦੇ ਜਸ਼ਨਾਂ ਦੌਰਾਨ ਭਗਤੀ ਮੰਦਰ, ਕ੍ਰਿਪਾਲੂ ਧਾਮ (ਮਾਨਗੜ੍ਹ) ਵਿੱਚ ਸ਼ਰਧਾਲੂਆਂ ਨੇ ਬੜੀ ਸ਼ਰਧਾ ਨਾਲ ਜਨਮ ਅਸ਼ਟਮੀ ਦਾ ਦਿਹਾੜਾ ਮਨਾਇਆ।

ਜ਼ੁਬਾਨ 'ਤੇ ਕਾਨ੍ਹਾ ਸੀ, ਦਿਲ 'ਚ ਘਨਸ਼ਿਆਮ। ਕੋਈ ਮੱਖਣ ਚੋਰ ਕੋਈ ਲੱਡੂ ਗੋਪਾਲ ਦੱਸ ਰਿਹਾ ਸੀ। ਰਾਧੇ-ਰਾਧੇ ਦੇ ਨਾਲ-ਨਾਲ ਹਾਥੀ, ਘੋੜਾ ਅਤੇ ਪਾਲਕੀ ਜੈ ਕਨ੍ਹਈਆਲਾਲ ਵੀ ਗੂੰਜ ਰਹੀ ਸੀ। ਬਿਜਲੀ ਦੀਆਂ ਰੰਗ-ਬਿਰੰਗੀਆਂ ਛਾਂ ਵਿੱਚ ਇਸ਼ਨਾਨ ਕੀਤੇ ਮਾਨਗੜ੍ਹ ਦੇ ਭਗਤੀ ਧਾਮ ਵਿੱਚ ਬੰਸਰੀ ਵਾਦਕ ਨੂੰ ਦੇਖਣ ਲਈ ਹਜ਼ਾਰਾਂ ਲੋਕਾਂ ਦੀ ਭੀੜ ਲੱਗੀ ਹੋਈ ਸੀ। ਰਾਤ ਦੇ 12 ਵਜੇ ਜਿਵੇਂ ਹੀ ਪੂਰਾ ਭਗਤੀ ਧਾਮ ਕੰਪਲੈਕਸ ਕ੍ਰਿਸ਼ਨ-ਕ੍ਰਿਸ਼ਨ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਜਨਮ ਤੋਂ ਬਾਅਦ ਦਵਾਰਕਾਧੀਸ਼ ਦੀ ਰਸਮ ਅਨੁਸਾਰ ਆਰਤੀ ਕੀਤੀ ਗਈ।

ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਮੌਕੇ 'ਤੇ ਭਗਤੀਧਾਮ ਮਾਨਗੜ੍ਹ 'ਚ ਸ਼ਰਧਾ ਦਾ ਨਜ਼ਾਰਾ ਦੇਖਣ ਨੂੰ ਮਿਲਿਆ। ਇੰਝ ਲੱਗਾ ਜਿਵੇਂ ਸਾਰਾ ਮਥੁਰਾ-ਵ੍ਰਿੰਦਾਵਨ ਉਤਰ ਗਿਆ ਹੋਵੇ। ਰਾਤ ਦੇ ਬਾਰਾਂ ਵਜੇ ਜਨਮ ਲੈਣ ਉਪਰੰਤ ਵੈਦਿਕ ਮੰਤਰਾਂ ਦੀ ਉਚਾਰਨ ਕਰਦਿਆਂ ਭਗਵਾਨ ਕ੍ਰਿਸ਼ਨ ਨੂੰ ਚੜ੍ਹਾਵਾ ਚੜ੍ਹਾਇਆ ਗਿਆ। ਲੋਕ ਸ਼੍ਰੀ ਕ੍ਰਿਸ਼ਨ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ ਵਿੱਚ ਡੁੱਬੇ ਰਹੇ।

ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਤਿਉਹਾਰ ਨੂੰ ਲੈ ਕੇ ਸ਼ੁੱਕਰਵਾਰ ਸਵੇਰ ਤੋਂ ਹੀ ਭਗਤੀ ਧਾਮ ਮਾਨਗੜ੍ਹ ਵਿਖੇ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ। ਕਈ ਜ਼ਿਲ੍ਹਿਆਂ ਤੋਂ ਲੋਕ ਟਰੈਕਟਰਾਂ ਅਤੇ ਬੱਸਾਂ ਵਿੱਚ ਮੰਦਰ ਪੁੱਜੇ। ਹਾਲਾਂਕਿ ਉਹ ਮੰਦਰ ਨਹੀਂ ਪਹੁੰਚ ਸਕੇ। ਉਸ ਨੂੰ ਰਸਤੇ ਵਿਚ ਰੋਕ ਲਿਆ ਗਿਆ। ਜਿਸ ਤੋਂ ਬਾਅਦ ਮੈਨੂੰ ਪੈਦਲ ਹੀ ਜਾਣਾ ਪਿਆ। ਭਗਤੀ ਧਾਮ ਨੂੰ ਰੰਗ-ਬਿਰੰਗੀਆਂ ਲਾਈਟਾਂ ਨਾਲ ਸਜਾਇਆ ਗਿਆ।

ਸਿਖਲਾਈ ਪੂਰੀ ਕਰਨ ਵਾਲੇ ਕੈਡਿਟ ਫੌਜ ਵਿੱਚ ਸ਼ਾਮਲ



ਚੇਨੱਈ (ਤਾਮਿਲ ਨਾਡੂ) : ਇਥੋਂ ਦੀ ਆਫਿਸਰਜ਼ ਟਰੇਨਿੰਗ ਅਕੈਡਮੀ (ਓਟੀਏ) ਵਿੱਚ ਸਥਿਤ ਪਰਮੇਸ਼ਵਰਨ ਡਰਿੱਲ ਸਕੁਏਅਰ 'ਤੇ ਕਰਵਾਈ ਗਈ ਮਿਲਟਰੀ ਪਰੇਡ ਦੌਰਾਨ ਕੈਡਿਟਾਂ ਨੂੰ ਭਾਰਤੀ ਫੌਜ ਵਿੱਚ ਸ਼ਾਮਲ ਕੀਤਾ ਗਿਆ। ਇਸ ਪਰੇਡ ਦਾ ਨਿਰੀਖਣ ਥਲ ਸੈਨਾ ਮੁਖੀ ਜਨਰਲ ਮਨੋਜ ਪਾਂਡੇ ਨੇ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਫੌਜ ਦੀ ਨੌਕਰੀ ਸਿਰਫ ਇਕ ਕਰੀਅਰ ਹੀ ਨਹੀਂ ਹੈ, ਸਗੋਂ ਇਹ ਦੇਸ਼ ਸੇਵਾ ਲਈ ਇਕ ਸਮਰਪਣ ਦੀ ਭਾਵਨਾ ਹੈ। ਇਨ੍ਹਾਂ ਕੈਡਿਟਾਂ ਨੇ ਸਬੰਧਤ ਕੋਰਸ ਪੂਰੇ ਕਰਨ ਮਗਰੋਂ ਓਟੀਏ ਵਿੱਚ 11 ਮਹੀਨਿਆਂ ਲਈ ਸਖ਼ਤ ਸਿਖਲਾਈ ਪੂਰੀ ਕੀਤੀ ਜਿਸ ਮਗਰੋਂ ਉਨ੍ਹਾਂ ਨੂੰ ਫੌਜ 'ਚ ਸ਼ਾਮਲ ਹੋਣ ਦਾ ਸੁਨਹਿਰੀ ਮੌਕਾ ਮਿਲਿਆ। ਇਸ ਮੌਕੇ ਆਫੀਸਰ ਕੈਡਿਟਾਂ ਵੱਲੋਂ ਕੀਤੇ ਗਏ ਮਾਰਚ ਪਾਸਟ ਨੇ ਸਰੋਤਿਆਂ ਦਾ ਮਨ ਮੋਹ ਲਿਆ। ਅਧਿਕਾਰਤ ਤੌਰ 'ਤੇ ਜਾਰੀ ਕੀਤੇ ਗਏ ਬਿਆਨ ਅਨੁਸਾਰ ਐੱਸਐੱਸਸੀ-116 ਨਾਲ ਸਬੰਧਤ 161 ਪੁਰਸ਼ ਕੈਡਿਟਾਂ ਤੇ ਐੱਸਐੱਸਸੀ (ਡਬਲਿਊ)-30 ਕੋਰਸ ਨਾਲ ਸਬੰਧਤ 36 ਮਹਿਲਾ ਕੈਡਿਟਾਂ ਨੂੰ ਭਾਰਤੀ ਫੌਜ ਦੀਆਂ ਵੱਖ ਵੱਖ ਸਰਵਿਸਿਜ਼ 'ਚ ਸ਼ਾਮਲ ਕੀਤਾ ਗਿਆ। ਇਸੇ ਦੌਰਾਨ ਭਾਰਤ ਦੇ ਮਿੱਤਰ ਦੇਸ਼ਾਂ ਨਾਲ ਸਬੰਧਤ ਚਾਰ ਪੁਰਸ਼ ਕੈਡਿਟਾਂ ਤੇ ਅੱਠ ਮਹਿਲਾ ਕੈਡਿਟਾਂ ਨੇ ਵੀ ਓਟੀਏ ਵਿੱਚ ਸਿਖਲਾਈ ਪੂਰੀ ਕੀਤੀ ਜਿਨ੍ਹਾਂ ਵਿੱਚ ਭੂਟਾਨ (6 ਮਹਿਲਾ ਕੈਡਿਟ), ਮਾਲਦੀਵਜ਼ (ਦੋ ਪੁਰਸ਼ ਕੈਡਿਟ) ਤੇ ਤਨਜ਼ਾਨੀਆ (ਦੋ ਮਹਿਲਾ ਤੇ ਦੋ ਪੁਰਸ਼ ਕੈਡਿਟ) ਸ਼ਾਮਲ ਹਨ। ਸਮਾਗਮ ਦੌਰਾਨ ਆਰਮੀ ਵਾਈਵਜ਼ ਵੈੱਲਫੇਅਰ ਐਸੋਸੀਏਸ਼ਨ ਦੀ ਪ੍ਰਧਾਨ ਅਰਚਨਾ ਪਾਂਡੇ ਨੇ ਓਟੀਏ ਵਿੱਚ ਵੀਰ ਨਾਰੀ ਗੈਲਰੀ ਦਾ ਉਦਘਾਟਨ ਕੀਤਾ।

ਜਨਮ ਅਸ਼ਟਮੀ ਦੇ ਤਿਉਹਾਰ ਦੀ ਸਮਾਪਤੀ ਵਾਲੇ ਨੰਦ ਉਤਸਵ ਦੌਰਾਨ ਸ਼ਰਧਾਲੂ ਸ਼੍ਰੀ ਦਵਾਰਿਕਾਧੀਸ਼ ਮੰਦਿਰ ਵਿੱਚ ਹੋਏ ਇਕੱਠੇ

ਮਥੁਰਾ ਵਿੱਚ ਜਨਮ ਅਸ਼ਟਮੀ ਤਿਉਹਾਰ ਦੀ ਸਮਾਪਤੀ ਵਾਲੇ ਨੰਦ ਉਤਸਵ ਦੌਰਾਨ ਸ੍ਰੀ ਦਵਾਰਿਕਾਧੀਸ਼ ਮੰਦਿਰ ਵਿੱਚ ਸ਼ਰਧਾਲੂਆਂ ਦੀ ਭੀੜ ਹੈ।

ਤਿੱਬਤੀ ਵਿਦਿਆਰਥੀਆਂ ਵੱਲੋਂ ਚੀਨ ਖ਼ਿਲਾਫ਼ ਪ੍ਰਦਰਸ਼ਨ

ਧਰਮਸ਼ਾਲਾ : ਤਿੱਬਤੀ ਕਾਰਕੁਨਾਂ ਨੇ ਅੱਜ ਇੱਥੇ ਮੈਕਲੌਡਗੰਜ 'ਚ ਪ੍ਰਦਰਸ਼ਨ ਕਰਦਿਆਂ ਦਿੱਲੀ 'ਚ ਇਕੱਠੇ ਹੋਏ ਜੀ-20 ਦੇਸ਼ਾਂ ਦੇ

ਨੇਤਾਵਾਂ ਨੂੰ ਤਿੱਬਤੀ ਸੱਭਿਆਚਾਰ ਨੂੰ ਮਿਟਾਉਣ ਦੀਆਂ ਚੀਨ ਦੀਆਂ ਕਥਿਤ ਕੋਸ਼ਿਸ਼ਾਂ 'ਤੇ ਚਰਚਾ ਕਰਨ ਦੀ ਅਪੀਲ ਕੀਤੀ। ਵਿਦਿਆਰਥੀ ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਚੀਨੀ ਸਰਕਾਰ ਉਨ੍ਹਾਂ ਦੀ ਸਿੱਖਿਆ ਪ੍ਰਣਾਲੀ 'ਤੇ ਲਗਾਤਾਰ ਹਮਲੇ ਕਰ ਕੇ ਤਿੱਬਤੀ ਸੱਭਿਆਚਾਰ ਤੇ ਪਛਾਣ ਨੂੰ ਮਿਟਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰਦਰਸ਼ਨਕਾਰੀਆਂ ਨੇ ਵਿਸ਼ਵ ਨੇਤਾਵਾਂ ਨੂੰ ਚੀਨ ਦੀਆਂ ਇਨ੍ਹਾਂ ਗਤੀਵਿਧੀਆਂ ਖ਼ਿਲਾਫ਼ ਠੋਸ ਕਦਮ ਚੁੱਕਣ ਦੀ ਅਪੀਲ ਕੀਤੀ। 'ਸਟੂਡੈਂਟਸ ਫਾਰ ਏ ਫਰੀ ਤਿੱਬਤ' (ਭਾਰਤ) ਦੇ ਕੌਮੀ ਨਿਰਦੇਸ਼ਕ ਤੇਨਜ਼ਿਨ ਪਸਾਂਗ ਨੇ ਕਿਹਾ ਕਿ ਚੀਨ ਨੇ ਤਿੱਬਤ ਵਿੱਚ ਬਸਤੀਵਾਦੀ ਸ਼ੈਲੀ ਦੇ ਬੋਰਡਿੰਗ ਸਕੂਲ ਸਥਾਪਤ ਕੀਤੇ ਹਨ, ਜਿੱਥੇ ਚਾਰ ਸਾਲ ਤੱਕ ਦੇ ਤਿੱਬਤੀ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਵੱਖ ਕਰ ਕੇ ਇਨ੍ਹਾਂ ਸਕੂਲਾਂ ਵਿੱਚ ਭੇਜਿਆ ਜਾਂਦਾ ਹੈ। ਇਸ ਨਾਲ ਉਹ ਨਾ ਸਿਰਫ਼ ਪਰਿਵਾਰਾਂ ਤੋਂ ਸਗੋਂ ਭਾਸ਼ਾ ਤੇ ਸੱਭਿਆਚਾਰ ਤੋਂ ਵੀ ਵੱਖ ਹੋ ਜਾਂਦੇ ਹਨ। ਉਨ੍ਹਾਂ ਜੀ-20 ਨੇਤਾਵਾਂ ਨੂੰ ਤਿੱਬਤ ਵਿੱਚ ਮੌਜੂਦਾ ਸਮੇਂ ਵਾਪਰ ਰਹੀਆਂ ਇਨ੍ਹਾਂ ਘਟਨਾਵਾਂ ਬਾਰੇ ਵਿਚਾਰ-ਚਰਚਾ ਕਰਨ ਦੀ ਅਪੀਲ ਕੀਤੀ ਹੈ।

ਮਸਤਾਨੇ ਫਿਲਮ ਅਤੇ ਸਿੱਖ ਮਾਨਸਿਕਤਾ



ਸ. ਬਲਬੀਰ ਸਿੰਘ ਰਾਗੀ

ਅੱਜ ਮੈਂ ਥੀਏਟਰ 'ਚ ਗਿਆ ਅਤੇ ਇਹ ਯਕੀਨੀ ਬਣਾਇਆ ਕਿ ਮੈਂ ਆਪਣੀ ਉਮੀਦ ਨੂੰ ਇਸ ਬਿੰਦੂ ਤੱਕ ਨਹੀਂ ਵਧਾਇਆ ਕਿ ਮੈਂ ਨਿਰਾਸ਼ ਹੋ ਜਾਵਾਂਗਾ। ਮੈਨੂੰ ਇਹ ਕਹਿਣਾ ਚਾਹੀਦਾ ਹੈ ਜਿਵੇਂ ਮੈਂ ਫਿਲਮ ਦੇਖੀ, ਇਹ ਹਰ ਸੀਨ ਦੇ ਨਾਲ ਬਿਹਤਰ ਹੁੰਦੀ ਗਈ। ਜਦੋਂ ਇਹ ਅੰਤਮ ਸਿਖਰ 'ਤੇ ਪਹੁੰਚਿਆ, ਤਾਂ ਜਿਵੇਂ ਅਮਰੀਕੀ ਕਹਾਵਤ ਹੈ ਖਿਲਾੜੀ ਨੇ ਬੱਲਾ ਮਾਰ ਕੇ ਮੈਦਾਨ 'ਚੋਂ ਬਾਹਰ ਕੱਢ ਦਿੱਤਾ ਅਤੇ ਮੇਰੇ ਕੋਲ ਜੋ ਵੀ ਸ਼ਿਕਵੇ ਸੀ, ਉਸ ਨੂੰ ਦੂਰ ਕਰ ਦਿੱਤਾ। ਮੈਂ ਫਿਲਮ ਵਿੱਚ ਇੰਨਾ ਖਿੱਚਿਆ ਗਿਆ ਕਿ ਜਿਵੇਂ ਇੱਕ ਵਿਅਕਤੀ ਫਿਲਮ ਨਹੀਂ ਦੇਖ ਰਿਹਾ ਸੀ, ਸਗੋਂ ਉਸ ਯੁੱਗ ਦੇ ਇਤਿਹਾਸ ਦਾ ਹਿੱਸਾ ਮਹਿਸੂਸ ਕਰ ਰਿਹਾ ਸੀ। ਇਹ ਮਹਾਨ ਸਿਨੇਮਾ ਦਾ ਇੱਕ ਸੰਪੂਰਨ ਦ੍ਰਿਸ਼ ਸੀ। ਮੈਂ ਸਰਦਾਰ ਗੁਰਪ੍ਰੀਤ ਸਿੰਘ ਘੁੱਗੀ ਅਤੇ ਉਹਨਾਂ ਦੀ ਟੀਮ ਨੂੰ ਇਹ ਕਦਮ ਦੇਖ ਕੇ ਆਪਣੀ ਖੁਸ਼ੀ ਦੱਸੀ ਅਤੇ ਉਨ੍ਹਾਂ ਨੂੰ ਇਸ ਇਤਿਹਾਸ ਫ਼ਿਲਮ ਦੀਆਂ ਮੁਬਾਰਕਾਂ ਦਿੱਤੀਆਂ : ਸ. ਬਲਬੀਰ ਸਿੰਘ ਰਾਗੀ

ਮੈਂ ਨਿੱਜੀ ਤੌਰ 'ਤੇ ਬਹੁਤ ਸਾਰੀਆਂ ਫਿਲਮਾਂ ਨਹੀਂ ਦੇਖਦਾ, ਪਰ ਮੈਂ ਮਸਤਾਨੇ ਪੰਜਾਬੀ ਫਿਲਮ ਦੇਖਣ ਲਈ ਉਤਸੁਕ ਸੀ ਜੋ ਹਾਲ ਹੀ ਵਿੱਚ ਪਰਦੇ 'ਤੇ ਆਈ। ਮੈਂ ਪੰਜਾਬੀ ਸਿਨੇਮਾ ਤੋਂ ਹਮੇਸ਼ਾ ਨਿਰਾਸ਼ ਰਿਹਾ ਕਿਉਂਕਿ ਪਿਛਲੇ ਕਾਫੀ ਸਮੇਂ ਤੋਂ ਇਹ ਬਹੁਤ ਹੀ ਬਿਨਾ ਅਧਾਰ ਸਸਤੀਆਂ ਘੱਟ ਬਜਟ ਦੀਆਂ ਫਿਲਮਾਂ ਬਣਾਉਣ ਵਿਚ ਲੱਗਾ ਹੋਇਆ ਹੈ ਇਨ੍ਹਾਂ ਨੇ ਕਦੇ ਵੀ ਪੰਜਾਬੀ ਸੱਭਿਆਚਾਰ ਨਾਲ ਇਨਸਾਫ ਨਹੀਂ ਕੀਤਾ ਜਾਂ ਇਸ ਨੂੰ ਅਜਿਹਾ ਮਾੜਾ ਦਿਖਾਇਆ ਕਿ ਕੋਈ ਪੈਸਾ ਦੇ ਕੇ ਦੇਖਣ ਤੋਂ ਬਾਅਦ ਸ਼ਰਮਿੰਦਾ ਹੀ ਹੁੰਦਾ ਸੀ।

ਇੱਕ ਸਵਾਲ ਜੋ ਹਮੇਸ਼ਾ ਉੱਠਦਾ ਰਹਿੰਦਾ ਹੈ ਕਿ ਅਜਿਹਾ ਕਿਉਂ ਹੈ ਕਿ ਸਾਡੇ ਕੋਲ ਪੰਜਾਬੀ ਸਿਨੇਮਾ ਨਹੀਂ ਹੈ ਜੋ ਪੰਜਾਬ ਦੇ ਡੂੰਘੇ ਸੱਭਿਆਚਾਰ ਅਤੇ ਵਿਰਸੇ ਨੂੰ ਸੱਚੀ ਰੋਸ਼ਨੀ ਵਿੱਚ ਪੇਸ਼ ਕਰਦਾ ਹੋਵੇ। ਹਰ ਸਮੇਂ ਜਵਾਬ ਸੀ ਕਿ ਲੋਕ ਇਸ ਨੂੰ ਨਹੀਂ ਦੇਖਣਗੇ। ਇਹ ਵਪਾਰਕ 'ਤੇ ਵਿਵਹਾਰਕ ਨਹੀਂ ਹੋਵੇਗਾ।

ਫਿਰ ਅਸੀਂ ਬਾਲੀਵੁੱਡ ਵੱਲ ਇਹ ਸੋਚ ਕੇ ਦੇਖਿਆ ਕਿ ਉਹ ਪੰਜਾਬ ਦਾ ਅਸਲੀ ਰੂਪ ਪੈਦਾ ਕਰਨਗੇ ਕਿਉਂਕਿ ਜ਼ਿਆਦਾਤਰ ਇੰਡਸਟਰੀ ਪੰਜਾਬੀਆਂ ਦੁਆਰਾ ਚਲਾਈ ਜਾਂਦੀ ਹੈ। ਉਥੋਂ ਜੋ ਨਿਕਲਿਆ, ਉਹ ਇੱਕ ਕਲੰਕ ਪੰਜਾਬੀ ਸੱਭਿਆਚਾਰ ਅਤੇ ਸਿੱਖਾਂ ਪ੍ਰਤੀ ਵਿਗੜਿਆ ਨਜ਼ਰੀਆ ਸੀ ਇਸ ਤੋਂ ਵੱਧ ਕੁਝ ਨਹੀਂ।

ਇੱਕ ਸਿੱਖ ਨੂੰ ਜਾਂ ਤਾਂ ਇੱਕ ਟੈਕਸੀ ਡਰਾਈਵਰ ਵਜੋਂ ਦਰਸਾਇਆ ਗਿਆ ਸੀ ਜੋ ਕਿਸੇ ਹਿੰਦੂ ਨਾਇਕ ਨੂੰ ਕਿਸੇ ਥਾਂ 'ਤੇ ਲੈ ਜਾ ਰਿਹਾ ਸੀ ਜਾਂ ਉਹ ਸਾਧਾਰਨ ਵਿਅਕਤੀ ਸੀ ਜੋ ਇੱਕ ਤਾਕਤਵਰ ਆਦਮੀ ਲਈ ਸਾਈਡ ਕਿੱਕ ਸੀ। ਗੱਲ ਇਹ ਹੈ ਕਿ ਜਿਸ ਤਰ੍ਹਾਂ ਦੇਸ਼ ਦੀਆਂ ਸ਼ਕਤੀਆਂ ਚਾਹੁੰਦੀਆਂ ਸਨ ਕਿ ਸਿੱਖਾਂ ਨੂੰ ਇਸ ਤਰ੍ਹਾਂ ਦੇਖੋ ਅਤੇ ਸਿੱਖ ਨੂੰ ਇਸ ਤਰ੍ਹਾਂ ਹੀ ਦਰਸਾਇਆ ਜਾਵੇ।

ਅੱਜ ਮੈਂ ਕੁਝ ਰਿਜ਼ਰਵੇਸ਼ਨ ਦੇ ਨਾਲ ਥੀਏਟਰ ਵਿੱਚ ਗਿਆ ਅਤੇ ਇਹ ਯਕੀਨੀ ਬਣਾਇਆ ਕਿ ਮੈਂ ਆਪਣੀ ਉਮੀਦ ਨੂੰ ਇਸ ਬਿੰਦੂ ਤੱਕ ਨਹੀਂ ਵਧਾਇਆ ਕਿ ਮੈਂ ਨਿਰਾਸ਼ ਹੋ ਜਾਵਾਂਗਾ। ਮੈਨੂੰ ਇਹ ਕਹਿਣਾ ਚਾਹੀਦਾ ਹੈ ਜਿਵੇਂ ਮੈਂ ਫਿਲਮ ਦੇਖੀ, ਇਹ ਹਰ ਸੀਨ ਦੇ ਨਾਲ ਬਿਹਤਰ ਹੁੰਦੀ ਗਈ। ਜਦੋਂ ਇਹ ਅੰਤਮ ਸਿਖਰ 'ਤੇ ਪਹੁੰਚਿਆ, ਤਾਂ ਜਿਵੇਂ ਅਮਰੀਕੀ ਕਹਾਵਤ ਹੈ ਖਿਲਾੜੀ ਨੇ ਬੱਲਾ ਮਾਰ ਗੇਂਦ ਨੂੰ ਮੈਦਾਨ ਖੇਲ ਵਿਚੋਂ ਬਾਹਰ ਮਾਰਿਆ, ਅਤੇ ਮੇਰੇ ਕੋਲ ਜੋ ਵੀ ਰਿਜ਼ਰਵੇਸ਼ਨ ਸੀ, ਉਸ ਨੂੰ ਦੂਰ ਕਰ ਦਿੱਤਾ। ਇਹ ਮਹਾਨ ਸਿਨੇਮਾ ਦਾ ਇੱਕ ਸੰਪੂਰਨ ਟੁਕੜਾ ਸੀ। ਮੈਂ ਸਰਦਾਰ ਗੁਰਪ੍ਰੀਤ ਸਿੰਘ ਘੁੱਗੀ ਅਤੇ ਉਹਨਾਂ ਦੀ ਟੀਮ ਨੂੰ ਇਹ ਕਦਮ ਦੇਖ ਕੇ ਆਪਣੀ ਖੁਸ਼ੀ ਦੱਸੀ।

ਇਹ ਫਿਲਮ ਸਿਨੇਮਾ ਦਾ ਸ਼ਾਨਦਾਰ ਹਿੱਸਾ ਸੀ। ਸਭ ਤੋਂ ਪਹਿਲਾ ਨੁਕਤਾ ਜਿਸ 'ਤੇ ਹੈਰਾਨੀ ਹੁੰਦੀ ਹੈ ਉਹ ਇਹ ਹੈ ਕਿ ਉਨ੍ਹਾਂ ਨੇ ਇਹ ਕਦਮ ਪੁੱਟਣ ਅਤੇ ਅਜਿਹੀ ਫਿਲਮ ਬਣਾਉਣੀ ਆਪਣੇ ਆਪ ਵਿਚ ਉਨ੍ਹਾਂ ਨੂੰ ਸੱਚੇ ਨੇਤਾ ਬਣਾਉਂਦੀ ਹੈ।

ਮੈਨੂੰ ਲਗਦਾ ਹੈ ਕਿ ਦੂਜਾ ਨੁਕਤਾ ਇਹ ਵੀ ਉਠਾਉਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਇਸ ਨੂੰ ਛੋਟੀ Budget 'ਤੇ ਅਜਿਹਾ ਕੀਤਾ ਸੀ। ਇਸ ਤੋਂ ਇਲਾਵਾ ਸਾਰੇ ਕਲਾਕਾਰਾਂ ਦੀ ਅਦਾਕਾਰੀ ਸ਼ਾਨਦਾਰ ਸੀ। ਹਰ ਇੱਕ ਅਭਿਨੇਤਾ ਆਪਣੀਆਂ ਲਾਈਨਾਂ ਨੂੰ ਜਿਸ ਤਰੀਕੇ ਨਾਲ ਪੇਸ਼ ਕੀਤਾ ਉਹ ਬੜਾ ਸ਼ਾਨਦਾਰ ਸੀ।

ਜੇਕਰ ਫਿਲਮਾਕਣ ਦੀ ਗੱਲ ਕਰੀਏ ਤਾਂ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਬਾਲੀਵੁੱਡ ਨੂੰ ਪਛਾੜ ਕੇ ਉਨ੍ਹਾਂ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਹੈ। ਪ੍ਰਿੰਟ 'ਤੇ ਰੰਗ ਦੀ ਵਰਤੋਂ ਇਸ ਤਰ੍ਹਾਂ ਸੀ ਕਿ ਇਸ ਨੇ ਉਸ ਯੁੱਗ ਨੂੰ ਵਧਾ ਦਿੱਤਾ ਜਿਸ ਨੂੰ ਫਿਲਮ ਪੇਸ਼ ਕਰ ਰਹੀ ਸੀ। ਰੋਸ਼ਨੀ ਅਤੇ ਕੈਮਰਾ ਐਂਗਲ ਸਾਰੇ ਇਕੱਠੇ ਇੰਨੇ ਵਧੀਆ ਤਰੀਕੇ ਨਾਲ ਮਿਲਦੇ ਜਾਪਦੇ ਹਨ ਕਿ ਮੈ ਫਿਲਮ ਵਿੱਚ ਇੰਨਾ ਖਿੱਚਿਆ ਗਿਆ ਸੀ ਕਿ ਇੱਕ ਵਿਅਕਤੀ ਫਿਲਮ ਨੂੰ ਨਹੀਂ ਦੇਖ ਰਿਹਾ ਸੀ, ਸਗੋਂ ਫਿਲਮ ਅਤੇ ਯੁੱਗ ਦਾ ਹਿੱਸਾ ਮਹਿਸੂਸ ਕਰ ਰਿਹਾ ਸੀ।

ਹੁਣ ਮੈਂ ਸੋਚਦਾ ਹਾਂ ਕਿ ਮੈਂ ਫਿਲਮ ਦੇ ਡਾਇਲਾਗ 'ਤੇ ਚਰਚਾ ਕਰਨਾ ਚਾਹਾਂਗਾ ਅਤੇ ਉਨ੍ਹਾਂ ਨੇ ਕਿਵੇਂ ਕਿਹਾ ਕਿ ਉਨ੍ਹਾਂ ਨੂੰ ਕੀ ਕਹਿਣ ਦੀ ਜ਼ਰੂਰਤ ਹੈ ਅਤੇ ਉਨ੍ਹਾਂ ਨੇ ਸੰਦੇਸ਼ ਨੂੰ ਕਿਵੇਂ ਜੋੜਿਆ, ਇਹ ਬਹੁਤ ਵਧੀਆ ਸੀ। ਸਾਰੇ ਸ਼ਬਦ ਚੜ੍ਹਦੀ ਕਲਾ ਦੀ ਅਤੇ ਰੌਣਕ ਦੀ ਹਾਮੀ ਭਰਦੇ ਸਨ। ਸਿੱਖ ਕੀ ਹੈ ਅਤੇ ਸਿੱਖ ਆਪਣੀ ਕਹੀ ਗੱਲ 'ਤੇ ਕਿਵੇਂ ਖੜਾ ਹੁੰਦਾ ਹੈ ਅਤੇ ਜੋ ਵੀ ਸਮੇਂ ਦੀ ਲੋੜ ਹੈ ਉਸ ਲਈ ਉਹ ਕਿਵੇਂ ਲੜਦਾ ਹੈ।

ਨਿਰਦੇਸ਼ਕ ਸ਼ਰਨ ਨੇ ਆਪਣੇ ਉੱਤੇ ਸਪੀਲਬਰਗ ਲਿਖਿਆ ਹੈ। ਮੇਰੀ ਇੱਕੋ ਇੱਕ ਉਮੀਦ ਹੈ ਕਿ ਉਹ ਕੋਈ ਵੀ ਪ੍ਰੋਜੈਕਟ ਨਾ ਲਵੇ ਜੋ ਉਸਦੇ ਹੁਨਰ ਦੇ ਨਾਕਾਬਲ ਹੋਣ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਉਹ ਸਿੱਖ ਅਤੇ ਪੰਜਾਬੀ ਸੰਦੇਸ਼ ਨੂੰ ਨਾਲ ਲੈ ਕੇ ਚੱਲਣ ਵਾਲੇ ਮਹਾਨ ਪ੍ਰੋਜੈਕਟਾਂ ਨਾਲ ਜੁੜੇ ਰਹਿਣ। ਮੈਂ ਸੋਚਦਾ ਹਾਂ ਕਿ ਜੇਕਰ ਉਹ ਆਪਣੇ ਆਪ ਨੂੰ ਤਰਸੇਮ ਸਿੰਘ ਜੱਸੜ ਵਰਗੇ ਚੰਗੇ ਲੇਖਕਾਂ ਅਤੇ ਨਿਰਮਾਤਾਵਾਂ ਨਾਲ ਜੋੜ ਰੱਖੇ ਜੋ ਇਸ ਪ੍ਰੋਜੈਕਟ ਨੂੰ ਅੱਗੇ ਵਧਾਉਣ ਅਤੇ ਸਭ ਕੁਝ ਜੋਖਮ ਵਿੱਚ ਆਪਣੀ ਸਾਰੀ ਪੂੰਜੀ ਪਾਉਣ ਲਈ ਤਿਆਰ ਸੀ। ਇਹ ਉਹ ਕਿਸਮ ਦੇ ਲੋਕ ਹਨ ਜੋ ਅਸਲ ਫਿਲਮਾਂ ਬਣਾਉਂਦੇ ਹਨ ਜੋ ਆਉਣ ਵਾਲੇ ਕਈ ਸਾਲਾਂ ਤੱਕ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ ਵਿੱਚ ਰਹਿੰਦੇ ਹਨ ਅਤੇ ਆਪਣੇ ਹੁਨਰ ਅਤੇ ਕਲਾ ਦੀ ਹਮੇਸ਼ਾ ਲਈ ਛਾਪ ਛੱਡ ਜਾਂਦੇ ਹਨ।

ਇਹ ਬਿਹਤਰ ਹੈ ਕਿ ਅਸੀਂ ਆਪ ਅਖਾੜੇ ਵਿੱਚ ਹਾਂ, ਨਾ ਕਿ ਦੂਜਿਆਂ ਵੱਲ ਦੇਖੀਏ ਅਤੇ ਉਹ ਸਾਨੂੰ ਉਸ ਰੋਸ਼ਨੀ ਵਿੱਚ ਦਿਖਣ ਜਿਸ ਵਿੱਚ ਅਸੀਂ ਦਿਖਾਈ ਦੇਣਾ ਚਾਹੁੰਦੇ ਹਾਂ। ਕਿਸੇ ਹੋਰ ਦੇ ਦਿਲ ਵਿੱਚ ਸਾਡੀ ਸਭ ਤੋਂ ਚੰਗੀ ਦਿਲਚਸਪੀ ਨਹੀਂ ਹੈ ਜਿਵੇਂ ਅਸੀਂ ਆਪਣੇ ਆਪ ਕਰਦੇ ਹਾਂ। ਮੈਂ ਸਮਝਦਾ ਹਾਂ ਕਿ ਇਹ ਟੀਮ ਸਿੱਖ ਮਾਨਸਿਕਤਾ ਨੂੰ ਅੱਗੇ ਵਧਾਉਣ ਲਈ ਕੀਤੇ ਗਏ ਕੰਮ ਲਈ ਸਾਡੀ ਤਾਰੀਫ਼ ਅਤੇ ਸਨਮਾਨ ਦੀ ਪਾਤਰ ਹੈ।

ਇਹ ਕਹਾਣੀ ਰੰਗੀਨ ਸਿੱਖ ਇਤਿਹਾਸ ਵਿੱਚੋਂ ਇੱਕ ਸੱਚੀ ਗਾਥਾ ਨੂੰ ਦਰਸਾਉਂਦੀ ਹੈ। ਹਾਲਾਂਕਿ, ਇਹ ਮਨੁੱਖੀ ਆਤਮਾ ਵਿੱਚ ਇੱਕ ਹੋਰ ਨੁਕਤਾ ਵੀ ਅੱਗੇ ਰੱਖਦਾ ਹੈ ਕਿ ਇੱਕ ਵਾਰ ਜਦੋਂ ਮਨੁੱਖ ਆਪਣੀ ਆਤਮਾ ਨਾਲ ਜੁੜ ਜਾਂਦਾ ਹੈ, ਤਾਂ ਉਹ ਪੂਰੀ ਤਰ੍ਹਾਂ ਆਜ਼ਾਦ ਹੋ ਜਾਂਦਾ ਹੈ ਅਤੇ ਆਪਣੇ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ। ਉਸ ਸਮੇਂ ਮਨੁੱਖ ਨੂੰ ਜੀਣ ਜਾਂ ਮਰਨ ਵਿੱਚ ਕੋਈ ਫਰਕ ਨਜ਼ਰ ਨਹੀਂ ਆਉਂਦਾ। ਕੇਵਲ ਸੱਚ ਕੀ ਹੈ ਅਤੇ ਜਦੋਂ ਉਹ ਆਪਣੀ ਅਰਦਾਸ ਸੱਚੇ ਅਰਥਾਂ ਵਿੱਚ ਕਰਦਾ ਹੈ ਤਾਂ ਉਸ ਨੂੰ ਕਿਸੇ ਵੀ ਚੀਜ਼ ਅਤੇ ਕਿਸੇ ਵੀ ਤਰ੍ਹਾਂ ਦੀ ਬੇਇਨਸਾਫ਼ੀ ਦੇ ਵਿਰੁੱਧ ਲੜਨ ਲਈ ਸਰਵ ਸ਼ਕਤੀਮਾਨ ਦੀ ਸ਼ਕਤੀ ਦਿੱਤੀ ਜਾਂਦੀ ਹੈ। ਉਹ ਖਾਲਸੇ ਦਾ ਅਸਲੀ ਰੂਪ ਧਾਰਨ ਕਰਦਾ ਹੈ।

ਮੈਨੂੰ ਇੱਥੇ ਇੰਗਲੈਂਡ ਦੇ ਦੂਜੇ ਰਾਜੇ ਹੈਨਰੀ ਦੀ ਯਾਦ ਆ ਰਹੀ ਹੈ ਜਿਸ ਨੇ ਥਾਮਸ ਬੇਕੇਟ ਨੂੰ ਆਪਣੇ ਸ਼ਰਾਬ ਪੀਣ ਵਾਲੇ ਮਿੱਤਰ ਨੂੰ ਕੈਂਟਰਬਰੀ ਦਾ ਬਿਸ਼ਪ ਨਿਯੁਕਤ ਕੀਤਾ ਸੀ। ਬੇਕੇਟ ਨੇ ਹੈਨਰੀ ਨੂੰ ਅਜਿਹਾ ਨਾ ਕਰਨ ਦੀ ਬੇਨਤੀ ਕੀਤੀ, ਪਰ ਹੈਨਰੀ ਨੇ ਫਿਰ ਵੀ ਅਜਿਹਾ ਕੀਤਾ। ਜਦੋਂ ਬੇਕੇਟ ਉਸਨੂੰ ਕੰਮ ਲਈ ਲੈ ਗਿਆ ਹੈਨਰੀ ਨੇ ਉਸਨੂੰ ਪੁੱਛਿਆ। ਥਾਮਸ ਤੂੰ ਬਦਲ ਗਿਆ ਹੈ ਕੀ ਤੈਨੂੰ ਪਤਾ ਨਹੀ ਕੀ ਅਸੀਂ ਦੋਸਤ ਸੀ? ਥਾਮਸ ਬੇਕੇਟ ਨੇ ਉਸਨੂੰ ਯਾਦ ਕਰਾਇਆ, ਹੈਨਰੀ, ਮੈਂ ਤੁਹਾਨੂੰ ਬੇਨਤੀ ਕੀਤੀ ਸੀ ਕਿ ਮੈਨੂੰ ਇਹ ਚੋਗਾ ਨਾ ਪਾਉ ਮੈਂ ਇਸਦੇ ਕਾਬਿਲ ਨਹੀਂ ਹਾਂ।

ਹਾਂ ਹੈਨਰੀ ਮੈਂ ਹੁਣ ਸੱਚਮੁਚ ਬਦਲ ਗਿਆ ਹੈ ਮੈਂ ਹੁਣ ਜੋ ਪਹਿਨਦਾ ਹਾਂ ਅਤੇ ਜੋ ਦਿਸਦਾ ਹਾਂ ਮੈਨੂੰ ਹੁਣ ਉਹੀ ਕਰਨਾ ਚਾਹੀਦਾ ਹੈ ਅਤੇ ਮੈਂ ਹੁਣ ਉਹੀ ਕਰਦਾ ਹਾਂ। Thomas Becket ਨੂੰ ਮਰਵਾ ਦਿੱਤਾ ਗਿਆ। ਇੰਗਲੈਂਡ ਵਿਚ ਉਹ ਇਸਾਈ ਧਰਮ ਦਾ ਮਹਾਨ ਸ਼ਹੀਦ ਮੰਨਿਆ ਜਾਂਦਾ। ਚੋਲੇ ਦੀ ਲਾਜ ਰਖ ਅਖਵੌਂਦਾ ਹੈ ।

ਅਤੇ ਇਸ ਲਈ, ਇਥੇ ਵੀ ਗੱਲ ਢੁਕਦੀ ਹੈ ਹੁਣ ਇੱਥੇ ਵੀ ਅਰਦਾਸ ਕੀਤੀ ਗਈ ਅਤੇ ਬਾਣਾ ਪਾਇਆ ਗਿਆ ਅਰਦਾਸ ਕਬੂਲ ਹੋ ਗਈ ਅਤੇ ਨਕਲੀ ਅਸਲੀ ਹੋ ਗਏ। ਜਦੋਂ ਕੋਈ ਅਰਦਾਸ ਦੀ ਸ਼ਕਤੀ ਵਿੱਚ ਵਿਸ਼ਵਾਸ ਰੱਖਦਾ ਹੈ ਤਾਂ ਮਨੁੱਖ ਸੰਸਾਰ ਦੀ ਕਿਸੇ ਵੀ ਰੁਕਾਵਟ ਨੂੰ ਪਾਰ ਕਰ ਸਕਦਾ ਹੈ। ਸਾਰੀਆਂ ਹੱਦਾਂ ਹਟ ਜਾਂਦੀਆ ਹਨ ਅਤੇ ਬੰਦਾ ਹਰ ਮੁਸ਼ਕਲ ਨੂੰ ਪਾਰ ਕਰ ਜਾਂਦਾ ਹੈ ਅਤੇ ਮਨੁੱਖ ਉਸ ਸਰਵ ਸ਼ਕਤੀਮਾਨ ਦੀ ਸ਼ਕਤੀ ਅਤੇ ਪੂਰੀ ਆਜ਼ਾਦੀ ਨਾਲ ਚਲਦਾ ਹੈ।

ਇੱਕ ਕੌਮ ਦੇ ਤੌਰ 'ਤੇ ਇਹ ਫਿਲਮ ਸਾਡੇ ਲਈ ਬਹੁਤ ਸਾਰੇ ਸਵਾਲ ਖੜ੍ਹੇ ਕਰਦੀ ਹੈ ਜਿਨ੍ਹਾਂ ਨੂੰ ਸਾਨੂੰ ਬੈਠ ਕੇ ਸੋਚਣ ਦੀ ਲੋੜ ਹੈ। ਅਸੀਂ ਗੁਰੂ, ਕੌਮ, ਖਾਲਸੇ ਦੇ ਕਿੰਨੇ ਅਸਲ ਵਾਰਿਸ ਹਾਂ?

ਫਿਲਮ 'ਮਸਤਾਨੇ' ਨੂੰ ਮਿਲ ਰਿਹਾ ਦਰਸ਼ਕਾਂ ਦਾ ਪਿਆਰ, 'ਜੋ ਬੋਲੇ ਸੋ ਨਹਿਾਲ' ਨਾਲ ਗੂੰਜੇ ਥੀਏਟਰ ਹਾਲ

ਪੰਜਾਬੀ ਫ਼ਿਲਮ 'ਮਸਤਾਨੇ' ਦੁਨੀਆ ਭਰ 'ਚ ਰਿਲੀਜ਼ ਹੋਈ ਹੈ। ਇਸ ਫ਼ਿਲਮ ਨੂੰ ਲੋਕਾਂ ਵਲੋਂ ਖ਼ੂਬ ਪਿਆਰ ਮਿਲ ਰਿਹਾ ਹੈ। ਇਹ ਵੀ ਦੱਸਿਆ ਗਿਆ ਕੀ ਜਦੋਂ ਫ਼ਿਲਮ 'ਚ ਅਰਦਾਸ ਹੁੰਦੀ ਹੈ ਤਾਂ ਥਿਏਟਰ 'ਚ ਮੌਜੂਦ ਸਾਰੇ ਲੋਕ ਖੜ੍ਹੇ ਹੋ ਜਾਂਦੇ ਹਨ, ਜੋ ਕਿ ਪਹਿਲੀ ਵਾਰ ਹੋਇਆ ਹੈ।

ਫ਼ਿਲਮ 'ਚ ਤਰਸੇਮ ਜੱਸੜ, ਸਿੰਮੀ ਚਾਹਲ, ਗੁਰਪ੍ਰੀਤ ਘੁੱਗੀ, ਰਾਹੁਤ ਦੇਵ, ਕਰਮਜੀਤ ਅਨਮੋਲ, ਹੰਨੀ ਮੱਟੂ, ਬਨਿੰਦਰ ਬੰਨੀ, ਅਵਤਾਰ ਗਿੱਲ ਤੇ ਆਰਿਫ ਜ਼ਕਾਰੀਆ ਮੁੱਖ ਭੂਮਿਕਾ ਨਿਭਾਅ ਰਹੇ ਹਨ। ਫ਼ਿਲਮ ਨੂੰ ਸ਼ਰਨ ਆਰਟ ਵਲੋਂ ਲਿਖਿਆ ਤੇ ਡਾਇਰੈਕਟ ਕੀਤਾ ਗਿਆ ਹੈ। ਫ਼ ?ਲਮ ਦੇ ਪ੍ਰੋਡਿਊਸਰ ਮਨਪ੍ਰੀਤ ਜੌਹਲ, ਆਸ਼ੂ ਮੁਨੀਸ਼ ਸਾਹਨੀ, ਕਰਮਜੀਤ ਸਿੰਘ ਜੌਹਲ ਤੇ ਰਾਜਵਿੰਦਰ ਸਿੰਘ ਢਿੱਲੋਂ ਹਨ। 'ਮਸਤਾਨੇ' ਸਿੱਖ ਕੌਮ ਦੀ ਅਣਗਿਣਤ ਵਿਰਾਸਤ ਨੂੰ ਉਜਾਗਰ ਕਰਦੀ ਹੈ, ਨਿਆਂ ਤੇ ਆਜ਼ਾਦੀ ਦੇ ਰਾਖਿਆਂ ਵਜੋਂ ਉਨ੍ਹਾਂ ਦੇ ਇਤਿਹਾਸ 'ਚ ਡੂੰਘਾਈ ਨਾਲ ਖੋਜ ਕਰਦੀ ਹੈ। 18ਵੀਂ ਸਦੀ 'ਚ ਸੈੱਟ ਕੀਤੀ ਗਈ ਇਹ ਫ਼ਿਲਮ ਦਰਸਾਉਂਦੀ ਹੈ ਕਿ ਸਿੱਖ ਕੀ ਹਨ ਤੇ ਉਹ ਸਾਰੀਆਂ ਮੁਸ਼ਕਿਲਾਂ ਦੇ ਵਿਰੁੱਧ ਕਿਸ ਲਈ ਖੜ੍ਹੇ ਸਨ। ਇਤਿਹਾਸ ਦੌਰਾਨ ਸਿੱਖਾਂ ਨੇ ਬੇਮਿਸਾਲ ਬਹਾਦਰੀ ਦਾ ਪ੍ਰਦਰਸ਼ਨ ਕੀਤਾ ਹੈ। ਆਪਣੇ ਵਿਸ਼ਵਾਸ ਦੀ ਰੱਖਿਆ ਕਰਨ ਤੇ ਦੂਜਿਆਂ ਦੇ ਹੱਕਾਂ ਦੀ ਰਾਖੀ ਈ ਡੂੰਘੀਆਂ ਕੁਰਬਾਨੀਆਂ ਕੀਤੀਆਂ ਹਨ।

ਸਿੱਖ ਇਤਿਹਾਸ ਦੀ ਭਰਪੂਰ ਕਹਾਣੀ ਮੁਸੀਬਤਾਂ ਦੇ ਸਾਹਮਣੇ ਨਿਆਂ, ਹਮਦਰਦੀ ਤੇ ਨਿਰਸਵਾਰਥਤਾ ਪ੍ਰਤੀ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਦਾ ਪ੍ਰਮਾਣ ਹੈ। ਫਿਰ ਵੀ ਇਹ ਬਦਕਿਸਮਤੀ ਦੀ ਗੱਲ ਹੈ ਕਿ ਉਨ੍ਹਾਂ ਦੀਆਂ ਕਮਾਲ ਦੀਆਂ ਪ੍ਰਾਪਤੀਆਂ ਨੂੰ ਅਣਗੌਲਿਆ ਯੋਗਦਾਨਾਂ ਦੀ ਅਫਸੋਸਨਾਕ ਹਕੀਕਤ ਨੂੰ ਦਰਸਾਉਂਦੇ ਆਮ ਵਾਕੰਸ਼ ਸਿੱਖਾਂ ਦੇ 12 ਵਜ ਗਏ 'ਚ ਗੂੰਜਿਆ ਗਿਆ ਹੈ।



‘ਸਾਰਾਗੜ੍ਹੀ ਯੁੱਧ’ ਦੀ ਦਾਸਤਾਨ, ਜਦੋਂ 10,000 ਅਫ਼ਗਾਨਾ ਵਿਰੁੱਧ ਲੜੇ 21 ਸਿੱਖ ਯੋਧੇ

ਇਤਿਹਾਸ ਵਿੱਚ 12 ਸਤੰਬਰ ਦੀ ਤਾਰੀਖ 21 ਸਿੱਖਾਂ ਦੇ ਨਾਂ ਦਰਜ ਹੈ, ਜਿਨ੍ਹਾਂ ਨੇ ਸਾਰਾਗੜ੍ਹੀ ਦੀ ਲੜਾਈ ਵਿੱਚ 10,000 ਅਫ਼ਗਾਨ ਫ਼ੌਜਾਂ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਸੀ। ਅੱਜ ਉਸ ਲੜਾਈ ਦੀ 125ਵੀਂ ਵਰ੍ਹੇਗੰਢ ਅਤੇ ਉਨ੍ਹਾਂ ਸਿੱਖਾਂ ਦੀ ਬਹਾਦਰੀ ਦਾ ਯਾਦਗਾਰੀ ਦਿਨ ਹੈ। ਸਾਰਾਗੜ੍ਹੀ ਦੀ ਲੜਾਈ ਇਤਿਹਾਸ ਦੀਆਂ ਸਭ ਤੋਂ ਦਲੇਰ ਲੜਾਈਆਂ ਵਿੱਚੋਂ ਹੈ ਜੋ 12 ਸਤੰਬਰ 1897 ਦੇ ਦਿਨ ਬ੍ਰਿਟਿਸ਼ ਇੰਡੀਆ ਆਰਮੀ ਦੇ 21 ਸਿੱਖ ਸਿਪਾਹੀਆਂ ਅਤੇ 10,000 ਅਫਗਾਨਾਂ ਵਿਚਕਾਰ ਲੜੀ ਗਈ ਸੀ। ਇਹ ਲੜਾਈ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਦੇ ਸਮਾਣਾ ਪਿੰਡ ਵਿੱਚ ਲੜੀ ਗਈ ਸੀ ਜੋ ਉਸ ਸਮੇਂ ਭਾਰਤ ਦਾ ਹਿੱਸਾ ਸੀ। ਇਸ ਲੜਾਈ ਵਿੱਚ 36 ਸਿੱਖ ਰੈਜੀਮੈਂਟ ਦੇ 21 ਸਿਪਾਹੀ ਅਫਗਾਨਾਂ ਵਿਰੁੱਧ ਆਪਣੇ ਆਖਰੀ ਸਾਹ ਤੱਕ ਬਹਾਦਰੀ ਨਾਲ ਲੜਦੇ ਸ਼ਹੀਦ ਹੋ ਗਏ ਸਨ।

ਇਤਿਹਾਸ ਦੀ ਦਾਸਤਾਂ : ਸਾਰਾਗੜ੍ਹੀ ਕੋਹਾਟ ਜ਼ਿਲ੍ਹੇ ਦਾ ਇੱਕ ਛੋਟਾ ਜਿਹਾ ਪਿੰਡ ਸੀ। ਇਹ ਇਲਾਕਾ ਉਦੋਂ ਭਾਰਤ ਦਾ ਹਿੱਸਾ ਸੀ ਜੋ ਹੁਣ ਪਾਕਿਸਤਾਨ ਵਿੱਚ ਆਉਂਦਾ ਹੈ। ਅੰਗਰੇਜ਼ਾਂ ਨੇ ਖੈਬਰ ਪਖਤੂਨਖਵਾ ਖੇਤਰ ’ਤੇ ਕਬਜ਼ਾ ਕਰ ਲਿਆ ਸੀ ਪਰ ਉਹ ਬਾਗੀ ਪਸ਼ਤੂਨਾਂ ਦੇ ਹਮਲੇ ਤੋਂ ਡਰਦੇ ਸਨ। ਸਾਰਾਗੜ੍ਹੀ ਦੋ ਕਿਲ੍ਹਿਆਂ, ਲੋਕਹਾਰਟ ਅਤੇ ਗੁਲਿਸਤਾਨ ਵਿਚਕਾਰ ਸੰਚਾਰ ਚੌਕੀ ਵਜੋਂ ਕੰਮ ਕਰਦਾ ਸੀ। ਇਹ ਦੋਵੇਂ ਕਿਲੇ ਉੱਤਰ-ਪੱਛਮੀ ਖੇਤਰ ਵਿੱਚ ਬ੍ਰਿਟਿਸ਼ ਭਾਰਤੀ ਫੌਜ ਦੇ ਦੋ ਹੈੱਡਕੁਆਰਟਰ ਵਜੋਂ ਕੰਮ ਕਰਦੇ ਸਨ। ਉਨ੍ਹਾਂ ਵਿਚਕਾਰ ਸਿਰਫ਼ ਕੁਝ ਕਿਲੋਮੀਟਰ ਦੀ ਦੂਰੀ ਸੀ ਪਰ ਇੱਕ ਕਿਲ੍ਹੇ ਤੋਂ ਦੂਜੇ ਕਿਲ੍ਹੇ ਨੂੰ ਵੇਖਣਾ ਮੁਸ਼ਕਲ ਸੀ।

ਇਸ ਲਈ ਸਾਰਾਗੜ੍ਹੀ ਸੁਨੇਹਿਆਂ ਦੇ ਆਦਾਨ-ਪ੍ਰਦਾਨ ਦਾ ਕੰਮ ਕਰਦਾ ਸੀ। 27 ਅਗਸਤ ਅਤੇ 11 ਸਤੰਬਰ 1897 ਦੇ ਵਿਚਕਾਰ ਪਸ਼ਤੂਨਾਂ ਨੇ ਬ੍ਰਿਟਿਸ਼ ਹੈੱਡਕੁਆਰਟਰ ’ਤੇ ਕਬਜ਼ਾ ਕਰਨ ਲਈ ਕਈ ਹਮਲੇ ਸ਼ੁਰੂ ਕੀਤੇ ਪਰ ਕਰਨਲ ਹਾਟਨ ਦੀ ਕਮਾਂਡ ਹੇਠ 36 ਸਿੱਖ ਰੈਜੀਮੈਂਟ ਨੇ ਉਨ੍ਹਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ। ਸਾਰਾਗੜ੍ਹੀ ਅਤੇ ਬ੍ਰਿਟਿਸ਼ ਹੈੱਡਕੁਆਰਟਰ ਦੇ ਵਿਚਕਾਰ ਸੰਚਾਰ ਅਤੇ ਜਾਣਕਾਰੀ ਹੈਲੀਓਗ੍ਰਾਫ ਦੁਆਰਾ ਕੀਤੀ ਜਾਂਦੀ ਸੀ, ਜੋ ਸੰਦੇਸ਼ਾਂ ਨੂੰ ਪ੍ਰਸਾਰਿਤ ਕਰਨ ਲਈ ਸੂਰਜ ਦੀਆਂ ਕਿਰਨਾਂ ਦੀ ਵਰਤੋਂ ਕਰਦੀ ਹੈ। 12 ਸਤੰਬਰ 1897 ਨੂੰ 10,000 ਪਸ਼ਤੂਨਾਂ ਨੇ ਦੋਵਾਂ ਕਿਲ੍ਹਿਆਂ ਦੇ ਵਿਚਕਾਰਲੀ ਇਸ ਪ੍ਰਣਾਲੀ ਨੂੰ ਤੋੜਨ ਦੇ ਉਦੇਸ਼ ਨਾਲ ਸਾਰਾਗੜ੍ਹੀ ’ਤੇ ਹਮਲਾ ਕੀਤਾ।

ਉਦੋਂ ਇਨ੍ਹਾਂ 21 ਸਿੱਖਾਂ ਨੇ 10,000 ਅਫਗਾਨੀਆਂ ਦਾ ਮੁਕਾਬਲਾ ਕੀਤਾ ਅਤੇ 600 ਪਸ਼ਤੂਨਾਂ ਨੂੰ ਮਾਰ ਮੁਕਾਇਆ। ਇੱਕਲੇ ਰੈਜੀਮੈਂਟ ਦੇ ਆਗੂ ਈਸ਼ਰ ਸਿੰਘ ਨੇ 20 ਤੋਂ ਵੱਧ ਦੁਸ਼ਮਣਾਂ ਨੂੰ ਮਾਰ ਮੁਕਾਇਆ ਸੀ। ਆਪਣੇ ਦੇਸ਼ ਲਈ ਲੜਦੇ ਹੋਏ ਇਨ੍ਹਾਂ 21 ਸਿੱਖ ਸਿਪਾਹੀਆਂ ਨੇ 10,000 ਪਸ਼ਤੂਨਾਂ ਨੂੰ ਪੂਰੇ ਇੱਕ ਦਿਨ ਲਈ ਅੱਗੇ ਨਹੀਂ ਵਧਣ ਦਿੱਤਾ ਤਾਂ ਜੋ ਵਾਧੂ ਫੌਜ ਪਹੁੰਚ ਸਕੇ ਅਤੇ ਸਾਰਾਗੜ੍ਹੀ ਦਾ ਕਿਲ੍ਹਾ ਪਸ਼ਤੂਨਾਂ ਦੇ ਹੱਥਾਂ ’ਚ ਨਾ ਪੈ ਜਾਵੇ, ਇਸ ਜੰਗ ਦਰਮਿਆਨ ਸਾਰੇ ਹੀ ਸਿੱਖ ਫੌਜੀ ਇਸ ਲੜਾਈ ਵਿਚ ਸ਼ਹੀਦੀ ਜਾਮ ਪੀ ਗਏ।

ਜਦੋਂ ਇਸ ਜੰਗ ਦੀ ਖ਼ਬਰ ਬਰਤਾਨੀਆ ਪੁੱਜੀ ਤਾਂ ਬ੍ਰਿਟਿਸ਼ ਪਾਰਲੀਮੈਂਟ ਨੇ ਵੀ ਸਿੱਖ ਸੈਨਿਕਾਂ ਦੇ ਸਨਮਾਨ ਵਿੱਚ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਬਰਤਾਨਵੀ ਭਾਰਤ ਸਰਕਾਰ ਨੇ 36 ਸਿੱਖ ਰੈਜੀਮੈਂਟ ਦੇ ਇਨ੍ਹਾਂ 21 ਜਵਾਨਾਂ ਦੇ ਸਨਮਾਨ ਵਿੱਚ ਗੁਰਦੁਆਰਾ ਬਣਵਾਇਆ ਜੋ ਫਿਰੋਜ਼ਪੁਰ ਵਿਖੇ ਸਥਿਤ ਹੈ ਅਤੇ ਉਸ ਵੇਲੇ ਦੇ ਵੱਕਾਰੀ ਸਨਮਾਨ ‘ਵਿਕਟੋਰੀਆ ਕਰਾਸ’ ਨਾਲ ਸਨਮਾਨਿਤ ਕੀਤਾ।

ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੀ ਯਾਦ ’ਚ ਸਮਾਗਮ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਵੱਲੋਂ ਸਾਰਾਗੜ੍ਹੀ ਜੰਗ ਦੀ 126ਵੀਂ ਵਰ੍ਹੇਗੰਢ ਮੌਕੇ ਇਥੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿੱਚ ਸ਼ਹੀਦਾਂ ਨੂੰ ਯਾਦ ਕਰਦਿਆ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਸਬੰਧ ਵਿਚ ਕੀਤੇ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਮਗਰੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਨੇ ਕਥਾ ਵਿਚਾਰ ਰਾਹੀ ਸਾਰਾਗੜ੍ਹੀ ਜੰਗ ਦੇ ਇਤਿਹਾਸ ਨੂੰ ਸੰਗਤ ਨਾਲ ਸਾਂਝਾ ਕੀਤੀ। ਉਨ੍ਹਾਂ ਸਾਰਾਗੜ੍ਹੀ ਜੰਗ ਦੇ ਸ਼ਹੀਦ ਸਿੱਖ ਫ਼ੌਜੀਆਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਸਾਰਾਗੜ੍ਹੀ ਜੰਗ ਦੇ ਸ਼ਹੀਦ ਸਿੱਖ ਫ਼ੌਜੀ ਦ੍ਰਿੜ੍ਹਤਾ ਤੇ ਸਮਰਪਣ ਦੀ ਸਿਖਰਲੀ ਮਿਸਾਲ ਸਨ। ਇਨ੍ਹਾਂ ਸੂਰਮਿਆਂ ਦੀ ਲਾਸਾਨੀ ਕੁਰਬਾਨੀ ਨੂੰ ਵਿਸ਼ਵ ਭਰ ਵਿਚ ਯਾਦ ਕੀਤਾ ਜਾਂਦਾ ਹੈ। ਇਸ ਮੌਕੇ ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਮੌਕੇ ਸਾਰਾਗੜ੍ਹੀ ਦੇ ਸ਼ਹੀਦਾਂ ਦੇ ਪਰਿਵਾਰਾਂ ਵਿੱਚੋਂ ਰਣਜੀਤ ਸਿੰਘ, ਬਾਬਾ ਗੁਰਮੁੱਖ ਸਿੰਘ, ਮਹਿੰਦਰ ਸਿੰਘ, ਬੀਬੀ ਸੰਤੋਸ਼ ਕੌਰ, ਬੀਬੀ ਅਵਨੀਤ ਕੌਰ, ਬੀਬੀ ਸਿਮਰਜੀਤ ਕੌਰ ਸਮੇਤ ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਮੀਤ ਮੈਨੇਜਰ ਲਾਲ ਸਿੰਘ, ਗੁਰਦੁਆਰਾ ਸਾਰਾਗੜ੍ਹੀ ਸਾਹਿਬ ਦੇ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਹਾਜ਼ਰ ਸਨ।

ਸਾਰਾਗੜ੍ਹੀ ਦੇ ਸ਼ਹੀਦ ਸਦਾ ਯਾਦ ਰਹਿਣਗੇ: ਭਗਵੰਤ ਮਾਨ

ਮੁੱਖ ਮੰਤਰੀ ਨੇ ‘ਸਾਰਾਗੜ੍ਹੀ ਵਾਰ ਮੈਮੋਰੀਅਲ’ ਦਾ ਨੀਂਹ ਪੱਥਰ ਰੱਖਿਆ

ਫ਼ਿਰੋਜ਼ਪੁਰ : ਦੁਨੀਆ ਦੀਆਂ ਦਸ ਵੱਡੀਆਂ ਜੰਗਾਂ ਵਿੱਚ ਸ਼ੁਮਾਰ ਸਾਰਾਗੜ੍ਹੀ ਕਿਲ੍ਹੇ ਦੀ ਇਤਿਹਾਸਕ ਜੰਗ ਵੇਲੇ 36 ਸਿੱਖ ਰੈਜੀਮੈਂਟ ਦੇ 21 ਸੂਰਬੀਰ ਸਿੱਖ ਸੈਨਿਕਾਂ ਦੀਆਂ ਹੋਈਆਂ ਲਾਸਾਨੀ ਕੁਰਬਾਨੀਆਂ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ। ਇਹ ਵਿਚਾਰ ਅੱਜ ਇੱਥੇ ਸਾਰਾਗੜ੍ਹੀ ਗੁਰਦੁਆਰੇ ’ਚ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਗਟ ਕੀਤੇ। ਇਸ ਮੌਕੇ ਉਨ੍ਹਾਂ ‘ਸਾਰਾਗੜ੍ਹੀ ਵਾਰ ਮੈਮੋਰੀਅਲ’ ਦਾ ਨੀਂਹ ਪੱਥਰ ਰੱਖਿਆ ਤੇ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ। ਇਹ ਯਾਦਗਾਰ ਛੇ ਮਹੀਨਿਆਂ ਵਿਚ ਮੁਕੰਮਲ ਕੀਤੀ ਜਾਵੇਗੀ ਤੇ ਭਗਵੰਤ ਮਾਨ ਖ਼ੁਦ ਇਸ ਦੀ ਨਿਗਰਾਨੀ ਕਰਨਗੇ। ਉਨ੍ਹਾਂ ਸਾਫ਼ ਸ਼ਬਦਾਂ ਵਿਚ ਕਿਹਾ ਕਿ ਇਸ ਦੇ ਨਿਰਮਾਣ ਵਿਚ ਅਣਉਚਿਤ ਦੇਰੀ ਜਾਂ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਪੰਜਾਬ ਨੂੰ ਟੂਰਿਸਟ ਹੱਬ ਵਜੋਂ ਵਿਕਸਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਅੱਜ ਦਾ ਇਹ ਸਮਾਗਮ ਉਨ੍ਹਾਂ ਮਹਾਨ ਯੋਧਿਆਂ ਨੂੰ ਸਮਰਪਿਤ ਕੀਤਾ ਗਿਆ ਹੈ, ਜਿਨ੍ਹਾਂ 12 ਸਤੰਬਰ 1897 ਨੂੰ ਸਾਰਾਗੜ੍ਹੀ ਕਿਲ੍ਹੇ ਦੀ ਰਾਖੀ ਕਰਦਿਆਂ ਦਸ ਹਜ਼ਾਰ ਪਠਾਣਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਸੀ। ਇਨ੍ਹਾਂ 21 ਯੋਧਿਆਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਪੰਜਾਬ ਸਰਕਾਰ ਵੱਲੋਂ ‘ਸਾਰਾਗੜ੍ਹੀ ਵਾਰ ਮੈਮੋਰੀਅਲ’ ਲਈ ਖੁੱਲ੍ਹੇ ਦਿਲ ਨਾਲ ਰਕਮ ਖਰਚ ਕੀਤੀ ਜਾਵੇਗੀ ਤੇ ਇਸ ਸਰਹੱਦੀ ਜ਼ਿਲ੍ਹੇ ਨੂੰ ਟੂਰਿਸਟ ਪਲੇਸ ਵਜੋਂ ਵਿਕਸਿਤ ਕਰਨ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ-ਪੀਰਾਂ ਅਤੇ ਸੂਰਬੀਰਾਂ ਦੀ ਧਰਤੀ ਹੈ, ਜਿਸ ਦੀ ਮਿਸਾਲ ਹੋਰ ਕਿਧਰੇ ਵੀ ਨਹੀਂ ਮਿਲਦੀ। ਉਨ੍ਹਾਂ ਛੋਟੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਵੀ ਕੀਤਾ ਤੇ ਪਹਿਲੀ ਵਾਰ ਸੰਸਦ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦੇਣ ਦਾ ਕਿੱਸਾ ਸਾਂਝਾ ਕੀਤਾ। ਉਨ੍ਹਾਂ ਆਖਿਆ ਕਿ ਦਸੰਬਰ ਮਹੀਨੇ ਵਿੱਚ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦੀ ਸ਼ਹਾਦਤ ਕਰਕੇ ਪੰਜਾਬ ਸਰਕਾਰ ਨੇ ਫ਼ੈਸਲਾ ਲਿਆ ਹੈ ਕਿ ਇਸ ਮਹੀਨੇ ’ਚ ਸਰਕਾਰੀ ਪੱਧਰ ਉਤੇ ਕੋਈ ਵੀ ਖ਼ੁਸ਼ੀ ਦਾ ਸਮਾਗਮ ਨਹੀਂ ਮਨਾਇਆ ਜਾਵੇਗਾ। ਸੂਬੇ ਦੇ ਵੱਖ ਵੱਖ ਵਿਭਾਗਾਂ ’ਚ ਨਵੇਂ ਭਰਤੀ ਕੀਤੇ ਮੁਲਾਜ਼ਮਾਂ ਨੂੰ ਚੰਡੀਗੜ੍ਹ ਵਿੱਚ ਨਿਯੁਕਤੀ ਪੱਤਰ ਵੰਡਣ ਤੋਂ ਬਾਅਦ ਹੈਲੀਕਾਪਟਰ ਰਾਹੀਂ ਫ਼ਿਰੋਜ਼ਪੁਰ ਪਹੁੰਚੇ ਮੁੱਖ ਮੰਤਰੀ ਮਾਨ ਨੇ ਆਪਣੇ ਸੰਬੋਧਨ ਦੌਰਾਨ ਮੰਚ ਤੋਂ ਕੋਈ ਵੀ ਸਿਆਸੀ ਬਿਆਨਬਾਜ਼ੀ ਕਰਨ ਤੋਂ ਗੁਰੇਜ਼ ਕੀਤਾ। ਹਾਲਾਂਕਿ ਪੰਜਾਬ ਦੇ ਇਤਿਹਾਸ ’ਚ ਬੇਹੱਦ ਮਹੱਤਵ ਰੱਖਦੇ ਇਸ ਸਥਾਨ ਨੂੰ ਅਣਗੌਲਿਆਂ ਕਰਨ ਲਈ ਉਨ੍ਹਾਂ ਪਿਛਲੀਆਂ ਸਰਕਾਰਾਂ ਦੀ ਨਿਖੇਧੀ ਕੀਤੀ।

ਸਿੱਖ ਸਟੂਡੈਂਟ ਫੈਡਰੇਸ਼ਨ ਨੇ ਸਿੱਖ ਜਗਤ ਅੰਦਰ ਆਪਣੀ ਵੱਖਰੀ ਪਹਿਚਾਣ ਬਣਾਈ : ਗਿਆਨੀ ਹਰਪ੍ਰੀਤ ਸਿੰਘ

ਅਟਾਰੀ : 13 ਸਤੰਬਰ 1944 ਨੂੰ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਸਥਾਪਨਾ ਕੀਤੀ ਗਈ ਤੇ ਕਾਡਰ ਅਧਾਰਿਤ ਇਸ ਜਥੇਬੰਦੀ ਨੇ ਪੰਥਕ ਸਫਾਂ ਅੰਦਰ ਬਾ-ਕਮਾਲ ਸੇਵਾਵਾਂ ਕਰ ਕੇ ਸਿੱਖ ਜਗਤ ਅੰਦਰ ਵੱਡੀ ਪਹਿਚਾਣ ਬਣਾਈ ਇਹ ਸ਼ਬਦ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖਤ ਸ਼੍ਰੀ ਦਮਦਮਾ ਸਾਹਿਬ ਨੇ ਕਹੇ ਉਨ੍ਹਾਂ ਕਿਹਾ ਕਿ ਸਿੱਖ ਸਟੂਡੈਂਟ ਫੈਡਰੇਸ਼ਨ ਵੱਲੋਂ ਸਿੱਖ ਧਰਮ ਲਈ ਅਸਲੀ ਕਾਰਜ ਕਰਦਿਆਂ ਟਰੇਨਿੰਗ ਕੈਂਪ ਲਾਉਣੇ ਤੇ ਪੰਥਕ ਜਜਬੇ ਵਾਲੇ ਤੇ ਵਧੀਆ ਬੁਲਾਰੇ ਪੈਦਾ ਕਰਨੇ ਇਸ ਦਾ ਦਸਤੂਰ ਸੀ। ਸਿੱਖ ਸਿਆਸਤ ਵਿਚ ਸਿੱਖੀ ਸੋਚ ਵਾਲੇ ਵਧੀਆਂ ਲੀਡਰ ਭੇਜਣ ਲਈ ਇਹ ਜਥੇਬੰਦੀ ਕਾਰਜ ਕਰਦੀ ਰਹੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਅਗਵਾਈ ਵਿਚ ਪੰਥ ਵਲੋਂ 1984 ਦੇ ਸਰਕਾਰ ਵਿਰੁੱਧ ਲੜੇ ਘੋਲ ਵਿਚ ਵੱਡਾ ਯੋਗਦਾਨ ਪਾਉਣ ਸਦਕਾ ਇਹ ਸਰਕਾਰਾਂ ਦੀਆਂ ਅੱਖਾਂ ਵਿਚ ਵੱਡਾ ਕਣ ਸੀ, ਰੜਕਦਾ ਇਹ ਕਣ ਹੀ ਇਸ ਨੂੰ ਖ਼ਤਮ ਕਰਨ ਲਈ ਵੱਡਾ ਅਧਾਰ ਬਣਿਆ ਅਤੇ ਖ਼ੁਦਗਰਜ਼ ਸਿਆਸਤਦਾਨ ਇਸ ਜਥੇਬੰਦੀ ਨੂੰ ਖੋਰਾ ਲਾਉਣ ਲਈ ਇਨ੍ਹਾਂ ਦੇ ਸੰਦ ਬਣੇ। ਇਸ ਜਥੇਬੰਦੀ ਵਿਚ ਪਾਟੋਧਾੜ ਕਰਾਉਣ ਤੇ ਇਸ ਦੇ ਸਿਆਣੇ ਆਗੂਆਂ ਨੂੰ ਘਰਾਂ ਵਿਚ ਬੈਠਣ ਲਈ ਮਜਬੂਰ ਕਰਨ ਜਾਂ ਘਸਿਆਰੇ ਬਨਾਉਣ ਲਈ ਗੋਂਦਾਂ ਗੁੰਦੀਆਂ ਗਈਆਂ ਤੇ ਕੈਂਪ ਲਾ ਕੇ ਸਿੱਖ ਨੌਜਵਾਨਾਂ ਨੂੰ ਪੰਥਕ ਪਰੰਪਰਾ ਦੀ ਜਾਣਕਾਰੀ ਮੁਹੱਈਆ ਕਰਾਉਣ ਵਾਲੀ ਸ਼ਾਨਦਾਰ ਪਰੰਪਰਾ ਦਾ ਅੰਤ ਹੋ ਗਿਆ। ਉਨ੍ਹਾਂ ਨੇ ਅੱਜ ਇਸ ਦੇ ਸਥਾਪਨਾ ਦਿਵਸ 'ਤੇ ਅਕਾਲਪੁਰਖ ਅੱਗੇ ਅਰਦਾਸ ਕਰਦਿਆਂ ਕਿਹਾ ਕਿ ਵਾਹਿਗੁਰੂ ਇਸ ਵਿਚੋਂ ਮੁੜ ਕਰੂੰਬਲਾਂ ਪੈਦਾ ਕਰੇ ਅਤੇ ਇਹ ਕਦੇ ਨਾ ਸੁੱਕਣ ਵਾਲਾ ਬੋਹੜ ਬਣੇ।

'ਇੰਡੀਆ' ਵੱਲੋਂ ਭੂਪਾਲ ਤੋਂ ਹੋਵੇਗਾ ਰੈਲੀਆਂ ਦਾ ਆਗਾਜ਼

ਨਵੀਂ ਦਿੱਲੀ : ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਨੇ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਤੋਂ ਸਾਂਝੀਆਂ ਰੈਲੀਆਂ ਸ਼ੁਰੂ ਕਰਨ ਦਾ ਫ਼ੈਸਲਾ ਲੈਂਦਿਆਂ ਕਿਹਾ ਹੈ ਕਿ ਸੀਟਾਂ ਦੀ ਵੰਡ ਬਾਰੇ ਗੱਲਬਾਤ ਛੇਤੀ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਜਾਤੀ ਜਨਗਣਨਾ ਨਾਲ ਸਬੰਧਤ ਮੁੱਦਿਆਂ ਨੂੰ ਚੁੱਕਣਗੇ। 'ਇੰਡੀਆ' ਦੀ ਤਾਲਮੇਲ ਕਮੇਟੀ ਦੀ ਇਥੇ ਐੱਨਸੀਪੀ ਸੁਪਰੀਮੋ ਸ਼ਰਦ ਪਵਾਰ ਦੀ ਰਿਹਾਇਸ਼ 'ਤੇ ਹੋਈ ਪਲੇਠੀ ਮੀਟਿੰਗ ਦੌਰਾਨ ਇਹ ਫ਼ੈਸਲਾ ਲਿਆ ਗਿਆ। ਮੀਟਿੰਗ ਦੌਰਾਨ ਕਮੇਟੀ ਦੇ 14 'ਚੋਂ 12 ਮੈਂਬਰ ਹਾਜ਼ਰ ਸਨ।

ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਸਰਕਾਰ ਵਚਨਬੱਧ : ਮਹਿੰਦਰ ਸਿੰਘ

ਟਾਂਡਾ ਉੜਮੁੜ, (ਰਵਿੰਦਰ ਸਿੰਘ) : ਸਰਕਾਰ ਵਲੋਂ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਆਯੂਸ਼ਮਾਨ ਭਵ ਕੰਮਪੇਨ ਸ਼ੁਰੂ ਕੀਤੀ ਜਾ ਰਹੀ ਹੈ ਇਸ ਸਬੰਧੀ ਸਿਵਲ ਸਰਜਨ ਡਾ: ਬਲਵਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ: ਕਰਨ ਕੁਮਾਰ ਸੈਣੀ ਦੀ ਯੋਗ ਅਗਵਾਈ ਹੇਠ ਇੱਕ ਸਮਾਗਮ ਕਰਵਾਇਆ ਗਿਆ । ਇਸ ਦੌਰਾਨ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਦੇ ਪਿਤਾ ਮਾਸਟਰ ਮਹਿੰਦਰ ਸਿੰਘ ਗਿੱਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਇਸ ਮੌਕੇ ਉਹਨਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦਾ ਪੰਜਾਬ ਨੂੰ ਰੰਗਲਾ ਪੰਜਾਬ ਬਨਾਉਣ ਦਾ ਸਪਨਾ ਤਾਂ ਹੀ ਪੂਰਾ ਹੋ ਸਕਦਾ ਹੈ, ਜੇਕਰ ਅਸੀਂ ਸਾਰੇ ਰਲ ਕੇ ਨਸ਼ਿਆਂ ਦੇ ਖਾਤਮੇ ਲਈ ਹਮਲਾ ਮਾਰਿਏ ਤਾਂ ਕਿ ਸਾਡੀ ਭਵਿੱਖ ਦੀ ਪੀੜੀ ਨਿਰੋਗ ਅਤੇ ਰਿਸ਼ਟ ਪੁਸ਼ਟ ਬਣ ਸਕੇ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਵੱਖ-ਵੱਖ ਸਿਹਤ ਸਹੂਲਤਾਂ ਸਬੰਧੀ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ । ਇਸ ਮੌਕੇ ਬੋਲਦਿਆਂ ਡਾ: ਕਰਨ ਕੁਮਾਰ ਸੈਣੀ ਨੇ ਦੱਸਿਆ ਕਿ ਅੱਜ 12:00 ਵਜੇ ਦੇਸ਼ ਦੇ ਰਾਸ਼ਟਰਪਤੀ ਸ਼੍ਰੀਮਤੀ ਦਰੋਪਤੀ ਮੁਰਮੂ ਵਲੋਂ ਵਰਚੁਅਲੀ ਇਸ ਮੁਹਿੰਮ ਦਾ ਅਗਾਜ ਕੀਤਾ ਗਿਆ। ਉਹਨਾਂ ਦੱਸਿਆ ਕਿ 17-09-2023 ਤੋਂ 02-10-2023 ਤੱਕ ਸੇਵਾ ਪਖਵਾੜੇ ਦੌਰਾਨ ਵੱਖ-ਵੱਖ ਹੈਲਥ ਐਂਡ ਵੈੱਲਨੈੱਸ ਸੈਂਟਰਾਂ ਵਿੱਚ ਹਰ ਹਫਤੇ ਸਿਹਤ ਮੇਲੇ ਲਗਾਏ ਜਾਣਗੇ, ਜਿਨ੍ਹਾਂ ਵਿੱਚ ਟੀ.ਬੀ ਸਕਰੀਨਿੰਗ, ਐਨ.ਸੀ.ਡੀ ਸਕਰੀਨਿੰਗ, ਨਿਊਟ੍ਰਿਸ਼ਨ, ਸਾਫ਼ ਸਫਾਈ , ਬਲੱਡ ਡੋਨੇਸ਼ਨ ਕੈਂਪ , ਆਈ ਡੋਨੇਸ਼ਨ ਕੈਂਪ ਲਗਾਏ ਜਾਣਗੇ ਅਤੇ ਹੋਰ ਵੱਖ-ਵੱਖ ਸਿਹਤ ਸਹੂਲਤਾਂ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਹਨਾਂ ਦੱਸਿਆ ਕਿ ਇਸ ਪ੍ਰੋਗਰਾਮ ਦਾ ਹੋਰ ਮਕਸਦ ਆਯੂਸ਼ਮਾਨ ਆਪਕੇ ਦਵਾਰ, ਜਿਸ ਵਿੱਚ ਯੋਗ ਲਾਭਪਾਤਰੀਆਂ ਨੂੰ ਆਯੂਸ਼ਮਾਨ ਕਾਰਡ ਵੰਡੇ ਜਾਣਗੇ ਅਤੇ ਵੱਖ-ਵੱਖ ਸਿਹਤ ਸਕੀਮਾਂ ਤਹਿਤ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਜਤਿੰਦਰ ਸਿੰਘ ਮ.ਪ.ਹ.ਸ ਅਤੇ ਬਲਰਾਜ ਸਿੰਘ ਸੀਨੀਅਰ ਫਾਰਮੇਸੀ ਅਫਸਰ ਨੇ ਆਯੂਸ਼ਮਾਨ ਕਾਰਡ ਬਨਾਉਣ ਸਬੰਧੀ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ। ਡਾ: ਕਰਨ ਕੁਮਾਰ ਸੈਣੀ ਨੇ ਦੱਸਿਆ ਕਿ ਸਰਕਾਰ ਦਾ ਇਸ ਸਕੀਮ ਨੂੰ ਸ਼ੁਰੂ ਕਰਨ ਦਾ ਮੁੱਖ ਮਕਸਦ ਲੋਕਾਂ ਨੂੰ ਸਿਹਤ ਸਮੱਸਿਆ ਹੋਣ ਤੇ ਆਰਥਿਕ ਸਹਾਇਤਾ ਮੁਹੱਈਆ ਕਰਵਾਉਣਾ ਹੈ। ਉਹਨਾਂ ਨੇ ਸਮੂਹ ਸਟਾਫ ਨੂੰ ਹਦਾਇਤ ਕੀਤੀ ਕਿ ਉਹ ਅਜਿਹੀਆਂ ਸਿਹਤ ਸਹੂਲਤਾਂ ਦਾ ਲੋਕਾਂ ਵਿੱਚ ਵੱਧ ਤੋਂ ਵੱਧ ਪ੍ਰਚਾਰ ਕਰਨ। ਇਸ ਮੌਕੇ ਸੁਖਵਿੰਦਰ ਸਿੰਘ ਅਰੋੜਾ ਕੌਰ ਕਮੇਟੀ ਮੈਂਬਰ ਆਪ, ਰਵੇਲ ਸਿੰਘ ਨਿੱਜੀ ਸਹਾਇਕ, ਇਸ ਮੌਕੇ ਪਰਮਜੀਤ ਸਿੰਘ ਮੋਮੀ ਅਤੇ ਸਾਹਿਬ ਸਿੰਘ ਪੱਤਰਕਾਰਾਂ ਦੇ ਆਯੂਸ਼ਮਾਨ ਕਾਰਡ ਕੈਂਪ ਦੌਰਾਨ ਬਣਾ ਕੇ ਦਿੱਤੇ ਗਏ। ਇਸ ਮੌਕੇ ਨੇਤਰਦਾਨ ਕੈਂਪ ਦੌਰਾਨ ਬਲਜੀਤ ਸਿੰਘ, ਲਖਨਪਾਲ ਸਿੰਘ, ਰਵਿੰਦਰ ਸਿੰਘ, ਹਰਜਿੰਦਰ ਸਿੰਘ ਵਲੋਂ ਅੱਖਾਂ ਦਾਨ ਕਰਨ ਦੇ ਫਾਰਮ ਵੀ ਭਰੇਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਦਵਿੰਦਰ ਸਿੰਘ ਮਸੀਤੀ ਆਈ ਡੋਨਰ ਇੰਚਾਰਜ ਟਾਂਡਾ, ਡਾ: ਬਲਜੀਤ ਕੌਰ, ਡਾ: ਪ੍ਰੀਤ ਕਮਲ ਕੌਰ, ਡਾ: ਸ਼ਗੁਨ, ਡਾ: ਹਰਪ੍ਰੀਤ ਸਿੰਘ, ਡਾ: ਇੰਦਰਜੀਤ ਸੋਨੀਆ, ਡਾ: ਵਿਕਰਮਜੀਤ ਸਿੰਘ, ਅਵਤਾਰ ਸਿੰਘ ਬੀ.ਈ.ਈ, ਕੁਲਵੀਰ ਸਿੰਘ , ਗੁਰਜੀਤ ਸਿੰਘ, ਰੰਜੀਵਪਾਲ ਸਿੰਘ ਅਤੇ ਹੋਰ ਸਟਾਫ ਹਾਜਰ ਸੀ।

ਹਿਮਾਚਲ: ਆਫ਼ਤ ਦੌਰਾਨ ਰਾਜਨੀਤੀ ਕਰਨਾ ਸਹੀ ਨਹੀਂ : ਪ੍ਰਿਅੰਕਾ ਗਾਂਧੀ ਵਾਡਰਾ

ਸ਼ਿਮਲਾ : ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੇ ਨਾਲ ਮੰਡੀ ਵਿਚ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਡਿਉੜੀ ਪਿੰਡ ਵਿਚ ਰਾਹਤ, ਮੁੜ ਵਸੇਬੇ ਅਤੇ ਬਹਾਲੀ ਦੇ ਯਤਨਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਕਿਹਾ ਕਿ ਜਦੋਂ ਹਿਮਾਚਲ ਵਿਚ ਇਹ ਆਫ਼ਤ ਆਈ ਤਾਂ ਹਿਮਾਚਲ ਦੇ ਹਰ ਵਸਨੀਕ ਦੇ ਦਿਲ ਵਿਚ ਇਹ ਭਾਵਨਾ ਪੈਦਾ ਹੋਈ ਕਿ ਅਸੀਂ ਮਿਲ ਕੇ ਇਸ ਆਫ਼ਤ ਦਾ ਸਾਹਮਣਾ ਕਰਾਂਗੇ, ਸਾਡੀ ਸਰਕਾਰ ਦਿਨ-ਰਾਤ ਕੰਮ ਕਰ ਰਹੀ ਹੈ ਅਤੇ ਜੋ ਵੀ ਨੁਕਸਾਨ ਹੋਇਆ ਹੈ, ਉਸ ਦੀ ਪੂਰਤੀ ਲਈ ਤੁਹਾਨੂੰ ਪੂਰੀ ਮਦਦ ਮਿਲੇਗੀ। ਉਨ੍ਹਾਂ ਅੱਗੇ ਕਿਹਾ ਕਿ ਜਿਨ੍ਹਾਂ ਦੇ ਘਰ ਨੁਕਸਾਨੇ ਗਏ ਹਨ ਉਨ੍ਹਾਂ ਨੂੰ ਵੀ ਸਰਕਾਰ ਮੁਆਵਜ਼ਾ ਦੇਵੇਗੀ। ਇਹ ਪੂਰਾ ਦੇਸ਼ ਤੁਹਾਡੇ ਨਾਲ ਖੜ੍ਹਾ ਹੈ। ਮੈਂ ਭਾਜਪਾ ਦੇ ਮੰਤਰੀਆਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਇਸ ਤਬਾਹੀ 'ਤੇ ਰਾਜਨੀਤੀ ਨਾ ਕਰੋ। ਉਨ੍ਹਾਂ ਅੱਗੇ ਕਿਹਾ ਕਿ ਇੱਥੇ ਬਹੁਤ ਦਰਦਨਾਕ ਸਥਿਤੀ ਹੈ ਅਤੇ ਅਸੀਂ ਕੇਂਦਰ ਸਰਕਾਰ ਨੂੰ ਵਾਰ-ਵਾਰ ਕਹਿ ਰਹੇ ਹਾਂ ਕਿ ਇਸ ਨੂੰ ਰਾਸ਼ਟਰੀ ਆਫ਼ਤ ਘੋਸ਼ਿਤ ਕੀਤਾ ਜਾਵੇ, ਇਸ ਨਾਲ ਬਹੁਤ ਰਾਹਤ ਮਿਲੇਗੀ। ਮੁੱਖ ਮੰਤਰੀ ਆਪ ਇਸ ਆਫ਼ਤ ਦੌਰਾਨ ਮਦਦ ਕਰਨ ਵਿਚ ਲੱਗੇ ਹੋਏ ਹਨ। ਕੁਝ ਕੰਮ ਤਾਂ ਕੇਂਦਰ ਸਰਕਾਰ ਹੀ ਕਰ ਸਕਦੀ ਹੈ ਅਤੇ ਮੈਨੂੰ ਉਮੀਦ ਹੈ ਕਿ ਉਹ ਕਰੇਗੀ। ਉਨ੍ਹਾਂ ਕਿਹਾ ਕਿ ਜਦੋਂ ਇੰਨਾ ਵੱਡਾ ਸੰਕਟ ਆਇਆ ਹੈ ਤਾਂ ਪੂਰੇ ਦੇਸ਼ ਨੂੰ ਇਕੱਠੇ ਹੋ ਕੇ ਮਦਦ ਕਰਨੀ ਚਾਹੀਦੀ ਹੈ।

ਵੱਖ ਵੱਖ ਕਲਾਵਾਂ ਦਾ ਸੁਮੇਲ ਹੈ ਨੌਜਵਾਨ ਕਲਾਕਾਰ ਸੁਖਮਨ ਸਿੰਘ

ਸਮੇਂ ਸਮੇਂ 'ਤੇ ਵੱਖ-ਵੱਖ ਖੇਤਰਾਂ ਵਿਚ ਪ੍ਰਾਪਤ ਕਰ ਰਿਹਾ ਹੈ ਵੱਡੀਆਂ ਉਪਲੱਬਧੀਆਂ

ਜਿਵੇਂ ਹਿਰਨ ਕਸਤੂਰੀ ਦੀ ਭਾਲ਼ ਵਿਚ ਇਧਰ ਉਧਰ ਦੌੜਾ ਫਿਰਦਾ ਹੈ ਉਸੇ ਤਰ੍ਹਾਂ ਸਾਡਾ ਸਾਹਿਤਕਾਰ ਸੁਖਮਨ ਸਿੰਘ ਆਪਣੀ ਮੰਜ਼ਿਲ ਦੀ ਤਲਾਸ਼ ਵਿਚ ਦਿਨ ਰਾਤ ਇਕ ਕਰ ਰਿਹਾ ਹੈ। ਜਦੋਂ ਉਸਦਾ ਜਨਮ ਹੋਇਆ ਤਾਂ ਉਸਦੀ ਮਾਤਾ ਰਣਬੀਰ ਕੌਰ ਨੇ ਉਸ ਤੋਂ ਸਭ ਉਮੀਦਾਂ ਦੀ ਪੂਰਤੀ ਵਾਸਤੇ ਉਸਦਾ ਨਾਮ ਸੁਖਮਨ ਸਿੰਘ ਰੱਖਿਆ। ਆਪਣੀ ਮਾਤਾ ਦੀਆਂ ਉਮੀਦਾਂ ਤੇ ਖਰਾ ਉਤਰਨ ਵਾਸਤੇ ਉਹ ਭਰ ਜੁਆਨੀ ਵਿਚ ਹੀ ਸਿਆਣਾ ਹੋ ਗਿਆ ਜਾਪਦੈ। ਜਲੰਧਰ ਦੇ ਏ.ਪੀ.ਜੀ ਕਾਲਜ ਤੋਂ ਮਲਟੀ ਮੀਡੀਆ ਦੀ ਡਿਗਰੀ ਪ੍ਰਾਪਤ ਕਰਕੇ ਕਲਾਤਮਿਕ ਸਰਗਰਮੀਆਂ ਵਿਚ ਜੁੜਿਆ ਹੋਇਆ ਹੈ। ਉਸਦੀਆਂ ਬਹੁ-ਪੱਖੀ ਗਤੀਵਿਧੀਆਂ ਨੇ ਉਸਨੂੰ ਦੂਰਦਰਸ਼ਨ ਅਤੇ ਰੇਡੀਓ ਸਮੇਤ ਕਈ ਹੋਰ ਚੈਨਲਾਂ ਤਕ ਵੀ ਪਹੁੰਚਾ ਦਿੱਤਾ ਹੈ।ਉਹ ਇਕੋ ਵੇਲੇ ਕਈ ਕਲਾਵਾਂ ਸੰਗਮ ਹੈ।

ਸੁਖਮਨ ਸਿੰਘ ਦੇ ਸਿਰ ਤੇ ਬਾਪ ਦਾ ਸਾਇਆ ਨਾ ਹੋਣ ਕਰਕੇ ਉਹ ਹਿੰਮਤੀ ਅਤੇ ਲਗਨ ਵਾਲਾ ਕਲਾਕਾਰ ਹੈ ਜੋ ਹਰ ਵਿਸ਼ੇ ਤੇ ਗੰਭੀਰਤਾ ਨਾਲ ਕਾਰਜਸ਼ੀਲ ਹੈ। ਉਹ ਕਦੀ ਕਵਿਤਾ, ਕਦੀ ਕਹਾਣੀ ਤੇ ਕਦੀ ਲੇਖ ਲਿਖਦਾ ਸੰਪਾਦਕ ਬਣ ਜਾਂਦਾ ਹੈ। ਆਪਣੇ ਹਾਣੀਆਂ ਦੀਆਂ ਰਚਨਾਵਾਂ ਦੀ ਕਾਂਟ ਛਾਂਟ ਕਰਕੇ ਪ੍ਰਕਾਸ਼ਨ ਖੇਤਰ ਵਿਚ ਸਰਗਰਮ ਹੋ ਜਾਂਦਾ ਹੈ। ਇੰਡੀਆ ਬੁਕ ਆਫ਼ ਰਿਕਾਰਡਜ਼ ਵਿਚ ਦਰਜ ਇਕੋ ਇਕ ਪੰਜਾਬੀ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਨੇ ਉਸਨੂੰ ਉਚੀਆਂ ਉਡਾਰੀਆਂ ਭਰਨ ਲਈ ਨਰੋਏ ਖੰਭ ਦਿੱਤੇ ਹਨ। ਇਹਨਾਂ ਲੰਮੀਆਂ ਉਡਾਰੀਆਂ ਸਦਕਾ ਉਹ 18 ਸਾਲ ਦੀ ਘੱਟ ਉਮਰ ਵਿਚ ਹੀ ਤਾਰੇ ਭਲ਼ਕ ਦੇ ਅਤੇ ਮਾਤਾ ਭਜਨ ਕੌਰ ਨਿੱਕੀਆਂ ਕਰੂੰਬਲਾਂ ਸਮੇਤ ਕਈ ਹੋਰ ਨਾਮੀ ਪੁਰਸਕਾਰ ਪ੍ਰਾਪਤ ਕਰ ਚੁੱਕਾ ਹੈ। ਅਜੇ ਉਸਦਾ ਸਫ਼ਰ ਬੜਾ ਲੰਮੇਰਾ ਹੈ। ਉਸਦੀਆਂ ਲੰਮੀਆਂ ਪੁਲਾਂਗਾਂ ਇਹ ਸਾਬਤ ਕਰਦੀਆਂ ਹਨ ਕਿ ਉਹ ਇਕ ਨਾ ਇਕ ਦਿਨ ਟੀਸੀ ਵਾਲੇ ਬੇਰ ਨੂੰ ਹੱਥ ਜ਼ਰੂਰ ਪਾ ਲਵੇਗਾ। ਉਸਦਾ ਛੋਟਾ ਭਰਾ ਹਰਜੋਤ ਸਿੰਘ ਵੀ ਉਸ ਵਾਂਗ ਫੁੱਟਬਾਲ ਦੇ ਮੈਦਾਨ ਅੰਦਰ ਆਪਣੀ ਥਾਂ ਨਿਸ਼ਚਤ ਕਰਨ ਵਿਚ ਜੁਟਿਆ ਹੋਇਆ ਹੈ।

ਸੁਖਮਨ ਸਿੰਘ ਅੱਜ ਤੱਕ 3 ਮੌਲਿਕ ਪੁਸਤਕਾਂ ਸਮੇਤ ਦੋ ਦਾ ਸੰਪਾਦਨ ਵੀ ਕਰ ਚੁੱਕਾ ਹੈ। ਪੰਜਾਬ ਆਰਟ ਕੌਂਸਲ ਚੰਡੀਗੜ੍ਹ ਦੀ ਅਗਵਾਈ

ਦਲਜੀਤ ਸਿੰਘ ਅਜਨੋਹਾ
98721-83601

ਹੇਠ ਲਗਦੀਆਂ ਬਾਲ ਲੇਖਕ ਵਰਕਸ਼ਾਪਸ ਵਿਚ ਵੀ ਆਪਣੀ ਹਾਜ਼ਰੀ ਲਗਵਾ ਚੁੱਕਾ ਹੈ। ਉਸ ਅੰਦਰ ਕਲਾਵਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ। ਉਸਦੀ ਇੱਛਾ ਹੈ ਕਿ ਉਹ ਵਿਲਖਣ ਪ੍ਰਾਪਤੀਆਂ ਨਾਲ ਆਪਣੀ ਮਾਤਾ ਦੀ ਝੋਲੀ ਨੂੰ ਮਾਲਾ ਮਾਲ ਕਰ ਦੇਵੇ। ਮੰਚ ਸੰਚਾਲਨ, ਅਦਾਕਾਰੀ, ਗਾਇਕੀ ਅਤੇ ਭੰਗੜਾ ਪਾਉਂਦਾ ਪਤਾ ਨਹੀਂ ਕਦੋਂ ਕਿਸੇ ਨਾਟਕ ਵਿਚ ਗਹਿਰ ਗੰਭੀਰ ਭੂਮਿਕਾ ਨਿਭਾਅ ਰਿਹਾ ਹੋਵੇ। ਉਸਦੀ ਅਗਵਾਈ ਕਰਨ ਵਾਲੀ ਡਾਕਟਰ ਪ੍ਰੋ. ਬਲਬੀਰ ਕੌਰ ਹੀਹਲ ਨੇ ਜਦੋਂ ਮੇਰੇ ਨਾਲ ਉਸਦੀ ਮੁਲਾਕਾਤ ਕਰਵਾਈ ਤਾਂ ਪਹਿਲੀ ਨਜ਼ਰੇ ਹੀ ਮੈਨੂੰ ਉਸ ਅੰਦਰ ਛੁਪੇ ਹੋਏ ਕਲਾਕਾਰ ਦਾ ਅੰਦਾਜ਼ਾ ਲੱਗ ਗਿਆ ਤੇ ਉਹ ਹਰ ਵਿਸ਼ੇ ਤੇ ਸਲਾਹ ਮਸ਼ਵਰਾ ਲੈਂਦਾ ਸਹਿਤ ਅਤੇ ਕਲਾ ਜਗਤ ਵਿਚ ਅੱਗੇ ਵਧ ਰਿਹਾ ਹੈ।ਵੀਹ ਬਾਈ ਸਾਲ ਦੀ ਉਮਰ ਵਿਚ ਐਨੀਆਂ ਪ੍ਰਾਪਤੀਆਂ ਕਰਨਾ ਕਿਸੇ ਹਿੰਮਤੀ ਅਤੇ ਨਸੀਬਾਂ ਵਾਲਿਆਂ ਦੇ ਹਿੱਸੇ ਆਉਂਦਾ ਹੈ। ਹਰ ਕਿਸੇ ਦਾ ਮਾਣ ਸਤਿਕਾਰ ਕਰਨਾ ਉਸਦੀ ਸ਼ਖਸੀਅਤ ਦਾ ਖਾਸਾ ਹੈ। ਉਹ ਆਪਣੇ ਹਾਣੀਆਂ ਲਈ ਰਾਹ ਦਸੇਰੇ ਦਾ ਕੰਮ ਕਰ ਰਿਹਾ ਹੈ। ਉਸਦਾ ਮਿੱਤਰ ਸਚਿਨ ਵੀ ਉਸਦੇ ਨਾਲ ਜੁੜ ਕੇ ਕਲਾ ਜਗਤ ਨੂੰ ਨਿਖਾਰਨ ਲਈ ਤਤਪਰ ਹੈ। ਗੁਰੂ ਨਾਨਕ ਪਬਲਿਕ ਸਕੂਲ ਤੋਂ ਬਾਅਦ ਉਸਨੇ ਖਾਲਸਾ ਕਾਲਜ ਮਾਹਿਲਪੁਰ ਦੀਆਂ ਸਾਹਿਤਕ ਮਹਿਫਲਾਂ ਵਿਚ ਸੰਦਲੀ ਪੈੜਾਂ ਪਾਈਆਂ। ਇਥੇ ਹੀ ਉਸਦੇ ਜੀਵਨ ਦੇ ਅੱਗੇ ਵਧਣ ਦੇ ਦਰ ਦਰਵਾਜ਼ੇ ਖੁਲ੍ਹਣੇ ਸ਼ੁਰੂ ਹੋ ਗਏ। ਉਸਦੇ ਨਾਨਾ ਮਾਸਟਰ ਜੋਗਿੰਦਰ ਸਿੰਘ ਮਾਹਲ ਤੇ ਨਾਨੀ ਗੁਰਮੇਜ ਕੌਰ ਉਸਦੀ ਹਰ ਖਹਿਸ਼ ਦੀ ਪੂਰਤੀ ਲਈ ਸਾਜ਼ਗਾਰ ਮਾਹੌਲ ਦੀ ਸਿਰਜਣਾ ਕਰਦੇ ਹਨ। ਉਹਨਾਂ ਨੂੰ ਬੜਾ ਮਾਣ ਹੈ ਕਿ ਉਹਨਾਂ ਦਾ ਦੋਹਤਾ ਸਮਾਜ ਅਤੇ ਕਲਾ ਜਗਤ ਵਿਚ ਆਪਣੀ ਨਿਵੇਕਲੀ ਥਾਂ ਕਾਇਮ ਕਰ ਰਿਹਾ ਹੈ। ਇਸ ਪ੍ਰਤਿਭਾਸ਼ਾਲੀ ਨੌਜਵਾਨ ਤੋਂ ਸਾਨੂੰ ਭਰਪੂਰ ਉਮੀਦਾਂ ਹਨ। ਉਸਦੀ ਮਿਹਨਤ, ਲਗਨ ਤੇ ਦ੍ਰਿੜ ਇਰਾਦਾ ਉਸਨੂੰ ਮੰਜ਼ਿਲਾਂ ਦੇ ਨਜ਼ਦੀਕ ਲਿਜਾ ਰਿਹਾ ਹੈ।

ਯੇਹ ਕਸ਼ਮੀਰ ਹੈ

ਬਦਾਮਾਂ ਅਖਰੋਟਾਂ ਸੇਬਾਂ ਅੰਗੂਰਾਂ ਅਤੇ ਦੁਨੀਆ ਦਾ ਸੋਹਣਾ ਸ਼ਹਿਰ ਸ਼੍ਰੀਨਗਰ

ਸ਼੍ਰੀਨਗਰ ਦੇ ਇੱਕ ਪਿੰਡ ਵਿੱਚ ਨੂੰ ਇੱਕ ਕੁੜੀ ਤਾਜ਼ੇ ਕੱਟੇ ਹੋਏ ਬਦਾਮ ਨੂੰ ਸੁਕਾਉਣ ਲਈ ਰੱਖਦੀ ਹੋਈ ਅਤੇ ਲੋਕਾਂ ਨੂੰ ਵੇਚਣ ਲਈ ਦਿਖਾਉਂਦੀ ਹੋਈ।

ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਦੇ ਅਸਤ ਸ਼੍ਰੀ ਕੀਰਤਪੁਰ ਸਾਹਿਬ ਵਿਖੇ ਕੀਤੇ ਜਲ ਪ੍ਰਵਾਹ

ਕੀਰਤਪੁਰ : ਖਾਲਸਾ ਰਾਜ ਦੀ ਪ੍ਰਾਪਤੀ ਲਈ ਸੰਘਰਸ਼ੀ ਯੋਧਿਆਂ ਨੂੰ ਹਮੇਸ਼ਾ ਹੀ ਕੰਡਿਆਲੇ ਰਾਹਾਂ 'ਤੇ ਤੁਰਦਿਆਂ ਸ਼ਹਾਦਤ ਦੇ ਜਾਮ ਪੀਣੇ ਪਏ ਹਨ। ਉਨ੍ਹਾਂ ਦੀ ਬਹਾਦਰੀ ਦੁਸ਼ਮਣ ਨੂੰ ਚੁੱਭਦੀ ਆਈ ਹੈ। ਖਾਲਸਾ ਪੰਥ ਨੂੰ ਮੁਹੱਬਤ ਕਰਨ ਵਾਲੇ ਯੋਧੇ ਸ਼ਹਾਦਤਾਂ ਦੇਣ ਪਿਛੋਂ ਹੋਰ ਵੀ ਅਮਰ ਹੋਣ ਵਰਗੇ ਉਚੇ ਰੁਤਬੇ ਪਾ ਕੇ ਦੁਸ਼ਮਣ ਦੇ ਪਾਲੇ ਹਰ ਵਹਿਮ ਨੂੰ ਚੂਰ ਚੂਰ ਕਰ ਸੁੱਟਦੇ ਹਨ। ਖਾਲਸਾ ਪੰਥ ਨੇ ਸ਼ਹਾਦਤਾਂ ਵਾਲੇ ਯੋਧਿਆਂ ਨੂੰ ਸਦਾ ਆਪਣੇ ਚੇਤਿਆਂ ਵਿਚ ਵਸਾਇਆ ਹੈ। ਉਨ੍ਹਾਂ ਦੀ ਸੋਚ, ਉਨ੍ਹਾਂ ਦੇ ਸੁਫ਼ਨੇ ਇਤਿਹਾਸ ਦੇ ਪੰਨਿਆਂ 'ਤੇ ਇਸ ਤਰ੍ਹਾਂ ਉਕਰ ਜਾਂਦੇਹਨ ਕਿ ਉਹ ਨਿੱਤ ਦਿਨ ਕੌਮ ਨੂੰ ਹਲੂਣਾ ਦਿੰਦੇ ਹਨ। ਖਾਲਸਾ ਆਪਣੀ ਵਿਲੱਖਣਤਾ ਦੀ ਬਦੌਲਤ ਹੀ ਦੁਨੀਆ ਵਿਚ ਹਰਮਨਪਿਆਰਾ ਹੈ। ਪੰਜਾਬ ਦੀ ਜਰਖੇਜ਼ ਮਿੱਟੀ ਖਾਲਸੇ ਨੂੰ ਅਜਿਹਾ ਥਾਪੜਾ ਦਿੰਦੀ ਹੈ ਕਿ ਉਹ ਦੁਨੀਆ ਦੇ ਹਰ ਹਿੱਸੇ ਵਿਚ ਪਹੁੰਚ ਕੇ ਵੀ ਆਪਣੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਖਾਲਸਾ ਰਾਜ ਦੇ ਜੈਕਾਰੇ ਛੱਡਦਿਆਂ ਵੈਰੀਆਂ ਨੂੰ ਕੰਬਣੀਆਂ ਛੇੜੀ ਰੱਖਦਾ ਹੈ। ਅਜਿਹਾ ਹੀ ਖਾਲਸਾ ਪੰਥ ਦਾ ਯੋਧਾ ਸੀ ਭਾਈ ਅਵਤਾਰ ਸਿੰਘ ਖੰਡਾ, ਉਨ੍ਹਾਂ ਨੇ ਇੰਗਲੈਂਡ ਦੀ ਧਰਤੀ 'ਤੇ ਰਹਿੰਦਿਆਂ ਸਿੱਖ ਕੌਮ ਨੂੰ ਗੁਲਾਮੀ ਦੀਆਂ ਜ਼ੰਜੀਰਾਂ 'ਚੋਂ ਕੱਢਣ ਲਈ ਤਲਵਾਰਾਂ 'ਤੇ ਤੁਰਨ ਵਰਗੇ ਸੰਘਰਸ਼ਾਂ ਨਾਲ ਸਾਂਝੀ ਪਾਈ ਅਤੇ ਸਦਾ ਪੰਥ ਦੇ ਸੁਪਨਿਆਂ ਨੂੰ ਆਪਣੇ ਸੁਪਨੇ ਸਮਝਿਟਾ। ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਆਪਣੀ ਸੋਚ ਨੂੰ ਸਿੱਖ ਕੌਮ ਦੀਆਂ ਹੱਕੀ ਮੰਗਾਂ ਲਈ ਨਿਖਾਰ ਕੇ ਸਭ ਦੇ ਸਾਹਮਣੇ ਰੱਖਣ ਵਾਲੇ ਯੋਧੇ ਭਾਈ ਅਵਤਾਰ ਸਿੰਘ ਖੰਡਾ ਹੋਰਾਂ ਦੀ ਚੜ੍ਹਤ ਪੰਥ ਵਿਰੋਧੀ ਤਾਕਤਾਂ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦੀ। 15 ਜੂਨ ਵਾਲੇ ਦਿਨ ਇਗਲੈਂਡ ਵਿਖੇ ਕੌਮ ਵਿਰੋਧੀ ਤਾਕਤਾਂ ਨੇ ਘਿਨਾਉਣੀ ਸਾਜ਼ਿਸ਼ ਤਹਿਤ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਸੀ। ਉਨ੍ਹਾਂ ਦਾ ਸ਼ਹੀਦ ਹੋਣਾ ਸਿੱਖ ਜਗਤ ਅੰਦਰ ਸਦਾ ਲਈ ਅਮਰ ਹੋ ਗਿਆ ਹੈ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਭਾਰਤ ਵਿਚ ਆਉਣ 'ਤੇ ਹਿੰਦੂਤਵੀ ਤਾਕਤਾਂ ਨੇ ਰੋਕਾਂ ਖੜ੍ਹੀਆਂ ਕਰਕੇ ਸਿੱਖ ਕੌਮ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ। ਮਾਤਾ ਚਰਨਜੀਤ ਕੌਰ ਅਤੇ ਉਨ੍ਹਾਂ ਦੀ ਭੈਣ ਨੂੰ ਅੰਤਿਮ ਰਸਮਾਂ ਲਈ ਇੰਗਲੈਂਡ ਵੀ ਨਾ ਜਾਣ ਦਿੱਤਾ। ਭਾਈ ਖੰਡਾ ਦੀਆਂ ਅਸਥੀਆਂ ਵੀ ਬਾਬਾ ਰਾਮ ਸਿੰਘ ਜੀ ਮਖੀ ਦਮਦਮੀ ਟਸਕਾਲ ਇੰਗਲੈਂਡ ਤੋਂ ਪੰਜਾਬ ਲੈ ਕੇ ਆਏ। ਇਹਕਾਲੇ ਦਿਨ ਕੌਮ ਨੇ ਦਿਲ 'ਤੇ ਉਲੀਕ ਲਏ ਹਨ। ਹੁਣ ਭਾਈ ਅਵਤਾਰ ਸਿੰਘ ਖੰਡਾ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਲਈ ਪਰਿਵਾਰ ਅਤੇ ਪੰਥਕ ਜਥੇਬੰਦੀਆਂ ਨੇ ਇਕ ਪੰਥਕ ਮਾਰਚ ਕੱਢਿਆ ਹੈ। ਇਸ ਬਾਬਤ ਨੌਜਵਾਨ ਸਿੱਖ ਸ਼ਖਸੀਅਤ ਭਾਈ ਪ੍ਰਿਤਪਾਲ ਸਿੰਘ ਬਰਗਾੜੀ ਹੋਰਾਂ ਤੋਂ ਜਾਣਕਾਰੀ ਇਕੱਤਰ ਕੀਤੀ ਹੈ। ਖਾਲਸਾ ਪੰਥ ਦੀ ਆਨ ਸ਼ਾਨ ਭਾਈ ਅਵਤਾਰ ਸਿੰਘ ਖੰਡਾ (ਆਜ਼ਾਦ) ਹੋਰਾਂ ਦੀਆਂ ਅਸਥੀਆਂ ਨੂੰ ਜਲ ਪ੍ਰਵਾਹ ਕਰਨ ਲਈ ਮੋਗਾ ਤੋਂ ਸ਼ੁਰੂ ਹੋ ਕੇ ਕੀਰਤਨ ਸਾਹਿਬ ਤੱਕ ਪੰਥਕ ਮਾਰਚ ਕੱਢਿਆ ਗਿਆ। ਇਹ ਮਾਰਚ ਗੁਰਦੁਆਰਾ ਪਤਾਲਪੁਰੀ ਸਾਹਿਬ ਕੀਰਤਪੁਰ ਸਾਹਿਬ ਪਹੁੰਚਿਆ। ਇਸ ਮਾਰਚ ਮੌਕੇ ਇਕੱਤਰ ਪਰਿਵਾਰਕ ਮੈਂਬਰਾਂ, ਪੰਥਕ ਜਥੇਬੰਦੀਆਂ ਤੇ ਸੰਗਤਾਂ ਵਲੋਂ ਭਾਈ ਅਵਤਾਰ ਸਿੰਘ ਖੰਡਾ ਦੇ ਕਾਰਜਾਂ ਨੂੰ ਸਿਜਦਾ ਕੀਤਾ ਗਿਆ। ਰਸਤੇ ਵਿਚ ਵੱਖ ਵੱਖ ਥਾਵਾਂ ਉਪਰ ਸੰਗਤਾਂ ਨੇ ਭਰਵੀਂ ਸ਼ਮੂਲੀਅਤ ਨਾਲ ਇਸ ਮਾਰਚ ਦਾ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ। ਇਸ ਦੌਰਾਨ ਭਾਈ ਅਵਤਾਰ ਸਿੰਘ ਖੰਡਾ ਹੋਰਾਂ ਦੇ ਨਾਲ ਨਾਲ ਖਾਲਸਾ ਪੰਥ ਨੇ ਮਹਾਰਾਜਾ ਦਲੀਪ ਸਿੰਘ ਨੂੰ ਵੀ ਉਚੇਚੇ ਤੌਰ 'ਤੇ ਯਾਦ ਕਰਦਿਆਂ ਖਾਲਸਾ ਰਾਜ ਦੇ ਜੈਕਾਰੇ ਗੁਜਾਏ ਅਤੇ ਕੌਮ ਨੂੰ ਇਕਮੁੱਠ ਹੋਣ ਦਾ ਸੁਨੇਹਾ ਦਿੱਤਾ। ਇਸ ਮਾਰਚ ਵਿਚ ਜਿਥੇ ਸ਼੍ਰੋਮਣੀ ਅਕਾਲੀ ਅੰਮ੍ਰਿਤਸਰ ਦੇ ਨੁਮਾਇੰਦਿਆਂ ਵਲੋਂ ਸ਼ਮੂਲੀਅਤ ਕੀਤੀ ਗਈ, ਓਥੇ ਹੀ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਹਰਨੇਕ ਸਿੰਘ ਫੌਜੀ, ਬਾਬਾ ਰਾਜਾ ਰਾਜ ਸਿੰਘ ਨਿਹੰਗ ਸਿੰਘ ਜਥੇਬੰਦੀਆਂ, ਗਿਆਨੀ ਰਾਮ ਸਿੰਘ ਦਮਦਮੀ ਟਕਸਾਲ ਸੰਗਰਾਵਾਂ ਤੋਂ ਇਲਾਵਾ ਹੋਰ ਵੱਖ ਵੱਖ ਪੰਥਕ ਜਥੇਬੰਦੀਆਂ ਨੇ ਭਾਈ ਅਵਤਾਰ ਸਿੰਘ ਖੰਡਾ ਦੀ ਸ਼ਹਾਦਤ ਨੂੰ ਸਮਰਪਿਤ ਇਸ ਮਾਰਚ ਦੌਰਾਨ ਖਾਲਸਾ ਰਾਜ ਦੀ ਆਵਾਜ਼ ਨੂੰ ਬੁਲੰਦ ਕੀਤਾ।

ਮੋਦੀ ਵੱਲੋਂ ਟਰੂਡੋ ਨੂੰ ਭਾਰਤੀ ਚਿੰਤਾ ਤੋਂ ਜਾਣੂ ਕਰਵਾਉਣ ਦੇ ਬਾਵਜੂਦ ਕੈਨੇਡਾ 'ਚ ਹੋਈ ਖਾਲਿਸਤਾਨ ਲਈ ਰਾਇਸ਼ੁਮਾਰੀ

ਟੋਰਾਂਟੋ : ਕੈਨੇਡਾ ਵਿੱਚ ਖਾਲਿਸਤਾਨੀ ਰਾਇਸ਼ਮਾਰੀ ਵਿੱਚ ਸਿੱਖਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ, ਜਦਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਸੇ ਦਿਨ ਆਪਣੇ ਹਮਰੁਤਬਾ ਜਸਟਿਨ ਟਰੂਡੋ ਨੂੰ ਉਨ੍ਹਾਂ ਦੇ ਮੁਲਕ ਵਿੱਚ ਭਾਰਤ ਵਿਰੋਧੀ ਗਤੀਵਿਧੀਆਂ ਬਾਰੇ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਵਾਇਆ। ਭਾਰਤ ਵਿਚ ਸਿੱਖਾਂ ਲਈ ਵੱਖਰੇ ਮੁਲਕ ਖਾਲਿਸਤਾਨ ਦੇ ਸਮਰਥਨ ਲਈ ਵੋਟਿੰਗ ਐਤਵਾਰ ਨੂੰ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਵਿਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿੱਥੇ ਜੂਨ ਵਿਚ ਇਸ ਦੇ ਸਾਬਕਾ ਪ੍ਰਧਾਨ ਹਰਦੀਪ ਸਿੰਘ ਨਿੱਝਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਗਲੋਬਲ ਨਿਊਜ਼ ਚੈਨਲ ਨੇ ਰਿਪੋਰਟ ਦਿੱਤੀ ਕਿ ਪਾਬੰਦੀਸ਼ੁਦਾ ਸਿੱਖਸ ਫਾਰ ਜਸਟਿਸ (ਐੱਸਐੱਫਜੇ), ਜਿਸ ਨੇ ਰਾਇਸ਼ੁਮਾਰੀ ਕਰਵਾਈ ਨੇ, ਕਿਹਾ ਕਿ ਇਸ ਸਮਾਗਮ ਵਿੱਚ 100,000 ਤੋਂ ਵੱਧ ਲੋਕ ਸ਼ਾਮਲ ਹੋਏ। ਮਤਦਾਨ ਤੋਂ ਸਾਫ ਹੈ ਕਿ ਖਾਲਿਸਤਾਨ ਦਾ ਮਾਮਲਾ ਸਿੱਖਾਂ ਲਈ ਬੜਾ ਭਾਵਨਾਤਕ ਹੈ। ਇਹ ਵੋਟਿੰਗ ਸਰੀ ਦੇ ਸਕੂਲ ਵਿੱਚ ਹੋਣੀ ਸੀ ਪਰ ਸਬੰਧਤ ਵਸਨੀਕਾਂ ਵੱਲੋਂ ਪੋਸਟਰ ਉੱਤੇ ਹਥਿਆਰਾਂ ਦੀਆਂ ਤਸਵੀਰਾਂ ਸਕੂਲ ਪ੍ਰਬੰਧਕਾਂ ਦੇ ਧਿਆਨ ਵਿੱਚ ਲਿਆਉਣ ਤੋਂ ਬਾਅਦ ਇਸ ਨੂੰ ਰੱਦ ਕਰ ਦਿੱਤਾ ਗਿਆ।

ਬਰਤਾਨੀਆ 'ਚ ਕਿਸੇ ਵੀ ਤਰ੍ਹਾਂ ਦਾ ਕੱਟੜਵਾਦ ਬਰਦਾਸ਼ਤ ਨਹੀਂ: ਸੂਨਕ

ਨਵੀਂ ਦਿੱਲੀ : ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਕਿਹਾ ਕਿ ਬਰਤਾਨੀਆ ਵਿੱਚ ਕਿਸੇ ਵੀ ਤਰ੍ਹਾਂ ਦਾ ਕੱਟੜਵਾਦ ਬਿਲਕੁਲ ਬਰਦਾਸ਼ਤ ਨਹੀਂ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਖ਼ਾਸ ਤੌਰ 'ਤੇ ਖਾਲਿਸਤਾਨ ਪੱਖੀ ਕੱਟੜਵਾਦੀਆਂ ਨਾਲ ਨਜਿੱਠਣ ਲਈ ਭਾਰਤ ਸਰਕਾਰ ਨਾਲ ਮਿਲ ਕੇ ਕੰਮ ਕਰ ਰਹੀ ਹੈ ਅਤੇ ਇਹ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਏਐੱਨਆਈ ਨੂੰ ਦਿੱਤੇ ਇਕ ਵਿਸ਼ੇਸ਼ ਇੰਟਰਵਿਊ ਵਿੱਚ ਸੂਨਕ ਨੇ ਆਪਣੀਆਂ ਭਾਰਤੀ ਜੜ੍ਹਾਂ 'ਤੇ ਮਾਣ ਮਹਿਸੂਸ ਕਰਦਿਆਂ ਦੋਹਾਂ ਦੇਸ਼ਾਂ ਵਿਚਾਲੇ ਐੱਫਟੀਏ ਬਾਰੇ ਚੱਲ ਰਹੀ ਗੱਲਬਾਤ ਦਾ ਜ਼ਿਕਰ ਵੀ ਕੀਤਾ। ਬਰਤਾਨੀਆ ਵਿੱਚ ਖਾਲਿਸਤਾਨ ਪੱਖੀਆਂ ਦੀਆਂ ਗਤੀਵਿਧੀਆਂ ਬਾਰੇ ਭਾਰਤ ਦੀਆਂ ਚਿੰਤਾਵਾਂ ਸਬੰਧੀ ਇਕ ਸਵਾਲ ਦੇ ਜਵਾਬ ਵਿੱਚ ਬਰਤਾਨਵੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਹਾਂ ਦੇਸ਼ਾਂ ਕੋਲ ਖੁਫ਼ੀਆ ਜਾਣਕਾਰੀਆਂ ਸਾਂਝੀਆਂ ਕਰਨ ਲਈ ਕਾਰਜ ਸਮੂਹ ਹਨ ਤਾਂ ਜੋ ਇਸ ਤਰ੍ਹਾਂ ਦੇ ਹਿੰਸਕ ਕੱਟੜਵਾਦ ਨੂੰ ਜੜ੍ਹੋਂ ਪੁੱਟਿਆ ਜਾ ਸਕੇ। ਸੂਨਕ ਨੇ ਕਿਹਾ, "ਇਹ ਅਸਲ ਵਿੱਚ ਬਹੁਤ ਹੀ ਅਹਿਮ ਸਵਾਲ ਹੈ ਅਤੇ ਮੈਂ ਇਸ ਦਾ ਸਪੱਸ਼ਟ ਤੌਰ 'ਤੇ ਜਵਾਬ ਦੇਣਾ ਚਾਹੁੰਦਾ ਹਾਂ ਕਿ ਕਿਸੇ ਵੀ ਤਰ੍ਹਾਂ ਦਾ ਕੱਟੜਵਾਦ ਜਾਂ ਹਿੰਸਾ ਬਰਤਾਨੀਆ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਵਾਸਤੇ ਅਸੀਂ ਖਾਲਿਸਤਾਨ ਪੱਖੀਆਂ ਨਾਲ ਨਜਿੱਠਣ ਲਈ ਭਾਰਤ ਸਰਕਾਰ ਨਾਲ ਮਿਲ ਕੇ ਕੰਮ ਕਰ ਰਹੇ ਹਾਂ।" ਉਨ੍ਹਾਂ ਕਿਹਾ, "ਹਾਲ ਹੀ ਵਿੱਚ ਸਾਡੇ ਸੁਰੱਖਿਆ ਮੰਤਰੀ ਆਪਣੇ ਭਾਰਤੀ ਹਮਰੁਤਬਾ ਨਾਲ ਗੱਲ ਕਰਨ ਲਈ ਭਾਰਤ ਆਏ ਸਨ। ਕੱਟੜਵਾਦ ਠੀਕ ਨਹੀਂ ਹੈ ਅਤੇ ਮੈਂ ਬਰਤਾਨੀਆ ਵਿੱਚ ਇਸ ਨੂੰ ਬਰਦਾਸ਼ਤ ਨਹੀਂ ਕਰਾਂਗਾ।" ਕੌਮੀ ਜਾਂਚ ਏਜੰਸੀ ਵੱਲੋਂ ਇਸੇ ਸਾਲ ਮਾਰਚ ਵਿੱਚ ਲੰਡਨ 'ਚ ਸਥਿਤ ਭਾਰਤੀ ਹਾਈ ਕਮਿਸ਼ਨ 'ਤੇ ਖਾਲਿਸਤਾਨ ਪੱਖੀਆਂ ਵੱਲੋਂ ਕੀਤੇ ਗਏ ਹਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਅਤਿਵਾਦ ਵਿਰੋਧੀ ਏਜੰਸੀ ਨੇ ਗ੍ਰਹਿ ਮੰਤਰਾਲੇ ਦੇ ਹੁਕਮਾਂ 'ਤੇ ਐੱਫਆਈਆਰ ਦਰਜ ਕਰ ਕੇ ਉਸ ਘਟਨਾ ਦੀ ਜਾਂਚ ਆਰੰਭ ਦਿੱਤੀ ਸੀ ਜਿਸ ਵਿੱਚ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ 'ਚ ਲੱਗੇ ਤਿਰੰਗੇ ਦਾ ਅਪਮਾਨ ਕੀਤਾ ਗਿਆ ਸੀ। ਭਾਰਤ ਨੇ ਇਸ ਘਟਨਾ ਸਬੰਧੀ ਬਰਤਾਨੀਆ ਕੋਲ ਸਖ਼ਤ ਵਿਰੋਧ ਦਰਜ ਕੀਤਾ ਸੀ।

ਪੁਤਿਨ ਨੇ ਕਿਮ ਦਾ ਕੀਤਾ ਨਿੱਘਾ ਸਵਾਗਤ, ਰਾਕੇਟ ਲਾਂਚ ਸੈਂਟਰ ਦਾ ਕੀਤਾ ਦੌਰਾ

ਸਿਓਲ : ਰੂਸ ਅਤੇ ਉੱਤਰੀ ਕੋਰੀਆ ਦੇ ਨੇਤਾਵਾਂ ਨੇ ਦੇਸ਼ ਦੇ ਦੂਰ ਪੂਰਬੀ ਖੇਤਰ ਵਿੱਚ ਸਾਈਬੇਰੀਅਨ ਰਾਕੇਟ ਲਾਂਚ ਸੈਂਟਰ ਵਿੱਚ ਮੁਲਾਕਾਤ ਕੀਤੀ। ਇਹ ਮੁਲਾਕਾਤ ਦਰਸਾਉਂਦੀ ਹੈ ਕਿ ਅਮਰੀਕਾ ਨਾਲ ਚੱਲ ਰਹੇ ਟਕਰਾਅ ਦੌਰਾਨ ਦੋਵਾਂ ਨੇਤਾਵਾਂ ਦੇ ਹਿੱਤ ਕਿਵੇਂ ਇਕ ਹੋ ਰਹੇ ਹਨ। ਮੁਲਾਕਾਤ ਤੋਂ ਬਾਅਦ ਦੋਵਾਂ ਨੇਤਾਵਾਂ ਨੇ ਸੋਯੂਜ਼-2 ਸਪੇਸ ਰਾਕੇਟ ਲਾਂਚ ਸੈਂਟਰ ਦਾ ਦੌਰਾ ਕੀਤਾ। ਇਸ ਦੌਰਾਨ ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਉਨ੍ਹਾਂ ਰਾਕਟਾਂ ਬਾਰੇ ਸਵਾਲ ਪੁੱਛੇ। ਇਸ ਬੈਠਕ ਤੋਂ ਕੁਝ ਸਮਾਂ ਪਹਿਲਾਂ ਉੱਤਰੀ ਕੋਰੀਆ ਨੇ ਸਮੁੰਦਰ ਵੱਲ ਦੋ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਸਨ। ਵੋਸਟੋਚਨੀ ਕੋਸਮੋਡਰੋਮ (ਇੱਕ ਪ੍ਰਮੁੱਖ ਰੂਸੀ ਪੁਲਾੜ ਯਾਨ ਲਾਂਚ ਕੇਂਦਰ) ਵਿੱਚ ਮਿਲਣ ਦੇ ਦੋਵਾਂ ਨੇਤਾਵਾਂ ਦੇ ਫ਼ੈਸਲੇ ਤੋਂ ਪਤਾ ਲੱਗਦਾ ਹੈ ਕਿ ਕਿਮ ਫੌਜੀ ਖੋਜ ਉਪਗ੍ਰਹਿ ਵਿਕਸਿਤ ਕਰਨ ਦੇ ਆਪਣੇ ਯਤਨਾਂ ਵਿੱਚ ਰੂਸ ਤੋਂ ਤਕਨੀਕੀ ਸਹਾਇਤਾ ਚਾਹੁੰਦਾ ਹੈ, ਜਿਸ ਨੂੰ ਉਹ ਆਪਣੀ ਪ੍ਰਮਾਣੂ ਮਿਜ਼ਾਈਲ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਮਹੱਤਵਪੂਰਨ ਮੰਨਦਾ ਹੈ।

ਉੱਤਰੀ ਕੋਰੀਆ ਹਾਲ ਹੀ ਦੇ ਮਹੀਨਿਆਂ ਵਿੱਚ ਆਪਣੇ ਪਹਿਲੇ ਫੌਜੀ ਜਾਸੂਸੀ ਉਪਗ੍ਰਹਿ ਨੂੰ ਪੰਧ ਵਿੱਚ ਲਿਆਉਣ ਵਿੱਚ ਕਈ ਵਾਰ ਅਸਫਲ ਰਿਹਾ ਹੈ। ਇਸ ਸਵਾਲ 'ਤੇ ਕਿ ਕੀ ਰੂਸ ਉੱਤਰੀ ਕੋਰੀਆ ਨੂੰ ਉਪਗ੍ਰਹਿ ਬਣਾਉਣ ਵਿਚ ਮਦਦ ਕਰੇਗਾ, ਰੂਸੀ ਸਰਕਾਰੀ ਮੀਡੀਆ ਨੇ ਪੁਤਿਨ ਦੇ ਹਵਾਲੇ ਨਾਲ ਕਿਹਾ ਕਿ 'ਇਸੇ ਲਈ ਅਸੀਂ ਇੱਥੇ ਆਏ ਹਾਂ।' ਡੈਮੋਕ੍ਰੇਟਿਕ ਪੀਪਲਜ਼ ਰਿਪਬਲਿਕ ਆਫ ਕੋਰੀਆ (ਡੀ.ਪੀ.ਆਰ.ਕੇ.) (ਉੱਤਰੀ ਕੋਰੀਆ) ਦੇ ਨੇਤਾਵਾਂ ਦੀ ਰਾਕੇਟ ਤਕਨੀਕ 'ਚ ਡੂੰਘੀ ਦਿਲਚਸਪੀ ਹੈ ਅਤੇ ਉਹ ਇਸ ਖੇਤਰ 'ਚ ਆਪਣੀ ਪਛਾਣ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਫੌਜੀ ਸਹਿਯੋਗ ਬਾਰੇ ਪੁੱਛੇ ਜਾਣ 'ਤੇ ਪੁਤਿਨ ਨੇ ਕਿਹਾ ਕਿ "ਅਸੀਂ ਬਿਨਾਂ ਕਿਸੇ ਜਲਦਬਾਜ਼ੀ ਦੇ ਸਾਰੇ ਮੁੱਦਿਆਂ 'ਤੇ ਗੱਲਬਾਤ ਕਰਾਂਗੇ। ਇਸ ਵਿਚ ਅਜੇ ਵੀ ਸਮਾਂ ਹੈ।"

ਰੂਸ ਦੇ ਸਰਕਾਰੀ ਮੀਡੀਆ ਨੇ ਕਿਹਾ ਕਿ ਕਿਮ ਅਤਿ ਆਧੁਨਿਕ ਸਹੂਲਤਾਂ ਅਤੇ ਭਾਰੀ ਹਥਿਆਰਾਂ ਨਾਲ ਲੈਸ ਟਰੇਨ ਰਾਹੀਂ ਉੱਤਰੀ ਕੋਰੀਆ ਦੀ ਰਾਜਧਾਨੀ ਪਿਓਂਗਯਾਂਗ ਤੋਂ ਲਿਆਂਦੀ ਲਿਮੋਜ਼ਿਨ ਕਾਰ ਵਿਚ ਵੋਸਟੋਚਨੀ ਕੋਸਮੋਡਰੋਮ ਪਹੁੰਚੇ। ਪੁਤਿਨ ਨੇ ਬ੍ਰਹਿਮੰਡ ਦੇ ਪ੍ਰਵੇਸ਼ ਦੁਆਰ 'ਤੇ ਕਿਮ ਦਾ ਸਵਾਗਤ ਕੀਤਾ। ਦੋਵਾਂ ਨੇਤਾਵਾਂ ਨੇ ਹੱਥ ਮਿਲਾਇਆ ਅਤੇ ਪੁਤਿਨ ਨੇ ਕਿਹਾ ਕਿ ਉਹ 'ਕਿਮ ਨੂੰ ਦੇਖ ਕੇ ਬਹੁਤ ਖੁਸ਼ ਹਨ।' ਕਿਮ ਦੇ ਦੁਭਾਸ਼ੀਏ ਨੇ ਨਿੱਘੇ ਸੁਆਗਤ ਲਈ ਪੁਤਿਨ ਦਾ ਧੰਨਵਾਦ ਕੀਤਾ ਅਤੇ ਰੁਝੇਵਿਆਂ ਦੇ ਬਾਵਜੂਦ ਕਿਮ ਨੂੰ ਸੱਦਾ ਦੇਣ ਲਈ ਪੁਤਿਨ ਦਾ ਧੰਨਵਾਦ ਕੀਤਾ। ਕਿਮ ਦੀ ਨਿੱਜੀ ਰੇਲਗੱਡੀ ਮੰਗਲਵਾਰ ਤੜਕੇ ਰੂਸ-ਉੱਤਰੀ ਕੋਰੀਆ ਸਰਹੱਦ 'ਤੇ ਖਸਾਨ ਸਟੇਸ਼ਨ 'ਤੇ ਰੁਕੀ, ਜਿੱਥੇ ਉਸ ਦਾ ਫੌਜੀ ਸਨਮਾਨ ਗਾਰਡ ਅਤੇ ਪਿੱਤਲ ਦੇ ਬੈਂਡ ਦੁਆਰਾ ਸਵਾਗਤ ਕੀਤਾ ਗਿਆ।

ਪੁਤਿਨ ਲਈ ਕਿਮ ਨਾਲ ਮੁਲਾਕਾਤ ਅਸਲੇ ਦੇ ਭੰਡਾਰਾਂ ਨੂੰ ਭਰਨ ਦਾ ਇੱਕ ਮੌਕਾ ਹੈ ਜੋ 18 ਮਹੀਨਿਆਂ ਦੀ ਜੰਗ ਦੁਆਰਾ ਖ਼ਤਮ ਹੋ ਗਿਆ ਜਾਪਦਾ ਹੈ। ਕਿਮ ਲਈ ਇਹ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਅਤੇ ਸਾਲਾਂ ਦੇ ਕੂਟਨੀਤਕ ਅਲੱਗ-ਥਲੱਗ ਤੋਂ ਬਚਣ ਦਾ ਮੌਕਾ ਹੈ। ਕਿਮ ਤੋਂ ਆਰਥਿਕ ਸਹਾਇਤਾ ਅਤੇ ਫੌਜੀ ਤਕਨਾਲੋਜੀ ਦੀ ਮੰਗ ਕਰਨ ਦੀ ਉਮੀਦ ਕੀਤੀ ਜਾਂਦੀ ਹੈ, ਹਾਲਾਂਕਿ ਉੱਤਰੀ ਕੋਰੀਆ ਨਾਲ ਹਥਿਆਰਾਂ ਦਾ ਸੌਦਾ ਅੰਤਰਰਾਸ਼ਟਰੀ ਪਾਬੰਦੀਆਂ ਦੀ ਉਲੰਘਣਾ ਕਰੇਗਾ, ਜਿਨ੍ਹਾਂ ਦਾ ਰੂਸ ਪਹਿਲਾਂ ਸਮਰਥਨ ਕਰਦਾ ਰਿਹਾ ਹੈ।

ਪੰਜਾਬ ਵਿੱਚ ਪਰਾਲੀ ਪ੍ਰਬੰਧਨ ਯੋਜਨਾ ਦਾ ਧੂੰਆਂ ਨਿਕਲਿਆ

ਚੰਡੀਗੜ੍ਹ : ਪੰਜਾਬ ਵਿਚ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਵਿੱਤੀ ਮਦਦ ਦੇਣ ਦੀ ਯੋਜਨਾ ਕਿਸੇ ਤਣ ਪੱਤਣ ਨਹੀਂ ਲੱਗ ਸਕੀ ਕਿਉਂਕਿ ਕੇਂਦਰ ਸਰਕਾਰ ਨੇ ਇਸ ਯੋਜਨਾ ਵਿੱਚ ਕੋਈ ਹਿੱਸੇਦਾਰੀ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਮਗਰੋਂ ਸੂਬਾ ਸਰਕਾਰ ਦਾ ਉਤਸ਼ਾਹ ਵੀ ਮੱਠਾ ਪੈ ਗਿਆ। ਉਧਰ, ਹਰਿਆਣਾ ਸਰਕਾਰ ਪਰਾਲੀ ਪ੍ਰਬੰਧਨ ਨੂੰ ਹੱਲਾਸ਼ੇਰੀ ਦੇਣ ਲਈ ਕਿਸਾਨਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਏਕੜ ਦੀ ਵਿੱਤੀ ਮਦਦ ਦੇ ਰਹੀ ਹੈ।

ਵੇਰਵਿਆਂ ਮੁਤਾਬਕ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਵਿੱਤੀ ਮਦਦ ਦੇਣ ਬਾਰੇ ਕੈਬਨਿਟ ਦੀ ਪਿਛਲੀ ਮੀਟਿੰਗ ਵਿੱਚ ਵੀ ਚਰਚਾ ਹੋਈ ਸੀ। ਕਿਸਾਨਾਂ ਨੂੰ ਵਿੱਤੀ ਮਦਦ ਦੇਣ ਨਾਲ ਖ਼ਜ਼ਾਨੇ 'ਤੇ ਅੰਦਾਜ਼ਨ 1100 ਕਰੋੜ ਤੋਂ ਵੱਧ ਦਾ ਭਾਰ ਪੈ ਸਕਦਾ ਹੈ, ਜੋ ਸੂਬੇ ਦੇ ਵਿੱਤ ਤੋਂ ਬਾਹਰ ਹੈ। ਜੇਕਰ ਇਹ ਸਕੀਮ ਲਾਗੂ ਵੀ ਹੋ ਜਾਂਦੀ ਹੈ ਤਾਂ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੋ ਜਾਵੇਗਾ ਕਿ ਕਿਹੜੇ ਕਿਸਾਨਾਂ ਨੇ ਅੱਗ ਲਾਈ ਅਤੇ ਕਿਹੜਿਆਂ ਨਹੀਂ ਲਾਈ। ਇਸ ਦੌਰਾਨ ਖੇਤੀਬਾੜੀ ਵਿਭਾਗ ਨੂੰ ਇਸ ਸਕੀਮ 'ਤੇ ਮੁੜ ਵਿਚਾਰ ਕਰਨ ਲਈ ਵੀ ਆਖਿਆ ਗਿਆ ਸੀ। ਦਿਲਚਸਪ ਗੱਲ ਇਹ ਹੈ ਕਿ ਹੁਣ ਪਹਿਲੀ ਅਕਤੂਬਰ ਤੋਂ ਪੰਜਾਬ ਵਿੱਚ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ ਹੋ ਜਾਣੀ ਹੈ ਪਰ ਸਰਕਾਰ ਕਿਸਾਨਾਂ ਤੇ ਸਹਿਕਾਰੀ ਸਭਾਵਾਂ ਨੂੰ ਸਰਫੇਸ ਸੀਡਰ ਖ਼ਰੀਦਣ ਲਈ ਕਹਿ ਰਹੀ ਹੈ। ਸਹਿਕਾਰੀ ਸਭਾਵਾਂ ਦੇ ਮੁਲਾਜ਼ਮਾਂ ਨੇ ਦੱਸਿਆ ਕਿ ਹੁਣ ਅਧਿਕਾਰੀ ਉਨ੍ਹਾਂ 'ਤੇ ਜ਼ੋਰ ਪਾ ਰਹੇ ਹਨ ਕਿ ਸਰਫੇਸ ਸੀਡਰ ਖ਼ਰੀਦਿਆ ਜਾਵੇ ਜਦਕਿ ਇਸ ਦਾ ਕੋਈ ਟਰਾਇਲ ਵੀ ਨਹੀਂ ਹੋਇਆ ਹੈ।

ਇੱਕ ਸਰਫੇਸ ਸੀਡਰ ਦੀ ਕੀਮਤ 80 ਹਜ਼ਾਰ ਰੁਪਏ ਹੈ। ਕਈ ਮੁਲਾਜ਼ਮਾਂ ਨੇ ਦੱਸਿਆ ਕਿ ਇਸ ਦੀ ਖ਼ਰੀਦ ਵਾਸਤੇ ਅਫ਼ਸਰ ਖ਼ੁਦ ਹੀ ਫਾਰਮ ਭਰ ਕੇ ਸਭਾਵਾਂ ਵਿੱਚ ਭੇਜ ਰਹੇ ਹਨ। ਦੂਜੇ ਪਾਸੇ ਕਿਸਾਨਾਂ ਦਾ ਕਹਿਣਾ ਹੈ ਜਦੋਂ ਉਨ੍ਹਾਂ ਪਹਿਲਾਂ ਹੀ ਲੋੜੀਂਦੀ ਮਸ਼ੀਨਰੀ ਮੌਜੂਦ ਹੈ ਤਾਂ ਅਜਿਹੇ ਵਿੱਚ ਸਰਫੇਸ ਸੀਡਰ ਖਰੀਦਣ ਦੀ ਕੀ ਤੁਕ ਬਣਦੀ ਹੈ। ਸੂਤਰ ਦੱਸਦੇ ਹਨ ਕਿ ਸਰਕਾਰ ਨੇ ਸਭਾਵਾਂ ਨੂੰ ਜ਼ੁਬਾਨੀ ਹੁਕਮ ਕਰਕੇ ਸਰਫੇਸ ਸੀਡਰ ਖ਼ਰੀਦਣ ਦੇ ਹੁਕਮ ਕੀਤੇ ਹਨ।

ਗੁਪਤ ਦਸਤਾਵੇਜ਼ ਮਾਮਲਾ

ਅਦਾਲਤ ਨੇ ਇਮਰਾਨ ਖਾਨ ਦੀ ਨਿਆਂਇਕ ਹਿਰਾਸਤ 26 ਸਤੰਬਰ ਤੱਕ ਵਧਾਈ

ਇਸਲਾਮਾਬਾਦ : ਪਾਕਿਸਤਾਨ ਦੀ ਇਕ ਵਿਸ਼ੇਸ਼ ਅਦਾਲਤ ਨੇ ਬੁੱਧਵਾਰ ਨੂੰ ਸਰਕਾਰੀ ਗੁਪਤ ਦਸਤਾਵੇਜ਼ ਲੀਕ ਮਾਮਲੇ ਵਿਚ ਜੇਲ੍ਹ ਵਿਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਨਿਆਂਇਕ ਹਿਰਾਸਤ 26 ਸਤੰਬਰ ਤੱਕ ਵਧਾ ਦਿੱਤੀ ਹੈ। ਸਰਕਾਰੀ ਸੀਕਰੇਟਸ ਐਕਟ, 1923 ਨਾਲ ਸਬੰਧਤ ਮਾਮਲਿਆਂ ਦੀ ਸੁਣਵਾਈ ਲਈ ਨਵੀਂ ਗਠਿਤ ਵਿਸ਼ੇਸ਼ ਅਦਾਲਤ ਦੇ ਜੱਜ ਅਬੁਲ ਹਸਨਤ ਜ਼ੁਲਕਰਨੈਨ ਨੇ ਅਟਕ ਜੇਲ੍ਹ ਦੇ ਅੰਦਰ ਗੁਪਤ ਦਸਤਾਵੇਜ਼ ਲੀਕ ਮਾਮਲੇ ਦੀ ਸੁਣਵਾਈ ਕੀਤੀ, ਜਿੱਥੇ ਸਾਬਕਾ ਪ੍ਰਧਾਨ ਮੰਤਰੀ ਇਸ ਸਮੇਂ ਬੰਦ ਹਨ। ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਵੀ 14 ਦਿਨਾਂ ਦੀ ਨਿਆਂਇਕ ਹਿਰਾਸਤ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਬੁੱਧਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਦੀ ਵੀ ਨਿਆਂਇਕ ਹਿਰਾਸਤ 26 ਸੰਤਬਰ ਤੱਕ ਵਧਾ ਦਿੱਤੀ ਹੈ।

ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਪਾਰਟੀ ਦੇ 70 ਸਾਲਾ ਚੇਅਰਮੈਨ ਤੋਸ਼ਾਖਾਨਾ ਭ੍ਰਿਸ਼ਟਾਚਾਰ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ 5 ਅਗਸਤ ਤੋਂ ਜੇਲ੍ਹ ਵਿੱਚ ਹਨ। ਇਸਲਾਮਾਬਾਦ ਹਾਈ ਕੋਰਟ (ਆਈ.ਐੱਚ.ਸੀ.) ਨੇ 29 ਅਗਸਤ ਨੂੰ ਉਨ੍ਹਾਂ ਦੀ ਸਜ਼ਾ ਨੂੰ ਮੁਅੱਤਲ ਕਰ ਦਿੱਤੀ ਸੀ, ਪਰ ਉਹ ਅਜੇ ਵੀ ਗੁਪਤ ਦਸਤਾਵੇਜ਼ ਦੇ ਮਾਮਲੇ ਵਿੱਚ ਅਟਕ ਜੇਲ੍ਹ ਵਿੱਚ ਹੈ। ਕ੍ਰਿਕਟਰ ਤੋਂ ਰਾਜਨੇਤਾ ਬਣੇ ਖਾਨ 'ਤੇ ਵਾਸ਼ਿੰਗਟਨ ਸਥਿਤ ਪਾਕਿਸਤਾਨੀ ਦੂਤਘਰ ਤੋਂ ਗੁਪਤ ਡਿਪਲੋਮੈਟਿਕ ਜਾਣਕਾਰੀ ਲੀਕ ਹੋਣ ਦੇ ਮਾਮਲੇ 'ਚ ਆਫੀਸ਼ੀਅਲ ਸੀਕਰੇਟ ਐਕਟ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਗਿਆ ਹੈ।

ਅਕਾਲੀ ਦਲ ਨੂੰ ਝਟਕਾ, ਜ਼ਿਲ੍ਹਾ ਪ੍ਰਧਾਨ ਗੁਰਪ੍ਰਤਾਪ ਟਿੱਕਾ ਤੇ ਸਾਬਕਾ ਸੀਨੀਅਰ ਡਿਪਟੀ ਮੇਅਰ ਰੰਧਾਵਾ ਬੀਜੇਪੀ ਚ ਸ਼ਾਮਲ

ਨਵੀਂ ਦਿੱਲੀ : ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਧੱਕਾ ਲੱਗਾ, ਜਦੋਂ ਪਾਰਟੀ ਦੇ ਜ਼ਿਲ੍ਹਾ ਅੰਮ੍ਰਿਤਸਰ ਸ਼ਹਿਰੀ ਦੇ ਪ੍ਰਧਾਨ ਗੁਰਪ੍ਰਤਾਪ ਸਿੰਘ ਟਿੱਕਾ, ਸਾਬਕਾ ਸੀਨੀਅਰ ਡਿਪਟੀ ਮੇਅਰ ਅਜੇਬੀਰਪਾਲ ਸਿੰਘ ਰੰਧਾਵਾ ਤੇ ਸਾਬਕਾ ਸਕੱਤਰ ਜਨਰਲ ਜਸਪਾਲ ਸਿੰਘ ਸ਼ੰਟੂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਨਵੀਂ ਦਿੱਲੀ ਵਿਖੇ ਭਾਜਪਾ ਦੀ ਕੇਂਦਰੀ ਅਤੇ ਪੰਜਾਬ ਲੀਡਰਸ਼ਿਪ ਨੇ ਸਾਂਝੇ ਤੌਰ 'ਤੇ ਸ਼ਾਮਲ ਹੋਏ ਆਗੂਆਂ ਨੂੰ ਜੀ ਆਇਆਂ ਆਖਿਆ। ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ, ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ, ਪੰਜਾਬ ਭਾਜਪਾ ਦੇ ਸਹਿ-ਇੰਚਾਰਜ ਨਰਿੰਦਰ ਰੈਨਾ ਕੌਮੀ ਸਕੱਤਰ ਭਾਜਪਾ, ਭਾਜਪਾ ਦੇ ਸੰਗਠਨ ਮਹਾਮੰਤਰੀ ਸ਼੍ਰੀਨਿਵਾਸ, ਭਾਜਪਾ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਨੇ ਸ਼ਾਮਲ ਹੋਏ ਆਗੂਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਨ੍ਹਾਂ ਆਗੂਆਂ ਦੇ ਭਾਜਪਾ 'ਚ ਸ਼ਾਮਲ ਹੋਣ ਨਾਲ ਪੰਜਾਬ ਵਿੱਚ ਭਾਜਪਾ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋਣਗੀਆਂ।

ਗੁਰਪ੍ਰਤਾਪ ਸਿੰਘ ਟਿੱਕਾ ਨੇ ਕੁਝ ਦਿਨ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਸੀ। ਟਿੱਕਾ ਲੰਮਾ ਸਮਾਂ ਯੂਥ ਵਿੰਗ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਦੇ ਤੌਰ 'ਤੇ ਪਾਰਟੀ ਵਿੱਚ ਕੰਮ ਕਰ ਚੁੱਕੇ ਹਨ। ਟਿੱਕਾ ਨੇ 2 ਵਾਰ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਦੱਖਣੀ ਤੋਂ ਚੋਣ ਵੀ ਲੜੀ ਹੈ।

ਰਸ਼ਮੀ ਠਾਕਰੇ ਮੰਗਲਾਗੌਰ ਸਮਾਗਮ ਵਿੱਚ ਹੋਈ ਸ਼ਾਮਲ

ਠਾਣੇ : ਸ਼ਿਵ ਸੈਨਾ (ਉਧਵ ਬਾਲਾਸਾਹਿਬ ਠਾਕਰੇ) ਦੇ ਮੁਖੀ ਊਧਵ ਠਾਕਰੇ ਦੀ ਪਤਨੀ ਰਸ਼ਮੀ ਠਾਕਰੇ ਐਤਵਾਰ ਨੂੰ ਠਾਣੇ ਵਿੱਚ ਮੰਗਲਾਗੌਰ ਸਮਾਗਮ ਵਿੱਚ ਸ਼ਾਮਲ ਹੋਈ।

ਰਾਜ ਠਾਕਰੇ ਅਤੇ ਆਦਿਤਿਆ ਠਾਕਰੇ ਦਹੀਂ ਹਾਂਡੀ ਸਮਾਗਮ ਵਿੱਚ ਹੋਏ ਸ਼ਾਮਲ

ਠਾਣੇ : ਮਹਾਰਾਸ਼ਟਰ ਨਵਨਿਰਮਾਣ ਸੈਨਾ (ਐਮਐਨਐਸ) ਦੇ ਮੁਖੀ ਰਾਜ ਠਾਕਰੇ ਅਤੇ ਆਦਿਤਿਆ ਠਾਕਰੇ ਵੀਰਵਾਰ ਨੂੰ ਠਾਣੇ ਵਿੱਚ ਜਨਮ ਅਸ਼ਟਮੀ ਦੇ ਤਿਉਹਾਰ ਦੇ ਮੌਕੇ 'ਤੇ ਦਹੀਂ ਹਾਂਡੀ ਸਮਾਗਮ ਵਿੱਚ ਸ਼ਾਮਲ ਹੋਏ।

ਖੱਟਰ ਵੱਲੋਂ ਡੇਰਾ ਬਿਆਸ ਮੁਖੀ ਨਾਲ ਮੁਲਾਕਾਤ

ਅੰਮ੍ਰਿਤਸਰ : ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਅੱਜ ਇੱਥੇ ਡੇਰਾ ਰਾਧਾ ਸਵਾਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਲਗਪਗ ਤਿੰਨ ਘੰਟੇ ਚੱਲੀ। ਜਾਣਕਾਰੀ ਅਨੁਸਾਰ ਮੁੱਖ ਮੰਤਰੀ ਆਪਣੇ ਹੈਲੀਕਾਪਟਰ ਰਾਹੀਂ ਡੇਰਾ ਬਿਆਸ ਪੁੱਜੇ। ਉਨ੍ਹਾਂ ਨੇ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਨਾਲ ਬੰਦ ਕਮਰਾ ਮੁਲਾਕਾਤ ਕੀਤੀ। ਡੇਰਾ ਮੁਖੀ ਨੇ ਮੁੱਖ ਮੰਤਰੀ ਨੂੰ ਡੇਰੇ ਦੀਆਂ ਧਾਰਮਿਕ ਤੇ ਹੋਰ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਮੁੱਖ ਮੰਤਰੀ ਨੇ ਡੇਰੇ ਵੱਲੋਂ ਕੀਤੇ ਜਾ ਰਹੇ ਧਾਰਮਿਕ ਅਤੇ ਸਮਾਜਿਕ ਕੰਮਾਂ ਦੀ ਸ਼ਲਾਘਾ ਕੀਤੀ। ਸਿਆਸੀ ਮਾਹਿਰਾਂ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਦੀ ਇਸ ਮੁਲਾਕਾਤ ਨੂੰ ਅਗਾਮੀ ਲੋਕ ਸਭਾ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਡੇਰਾ ਬਿਆਸ ਦਾ ਉੱਤਰੀ ਭਾਰਤ ਸਮੇਤ ਹੋਰ ਕਈ ਸੂਬਿਆਂ ਵਿੱਚ ਡੇਰੇ ਦੇ ਵੱਡੀ ਗਿਣਤੀ ਵਿੱਚ ਪ੍ਰੇਮੀ ਤੇ ਹਮਾਇਤੀ ਹਨ।

ਨਸ਼ਾ ਵਿਰੋਧੀ ਲਹਿਰ: ਪਰਵਿੰਦਰ ਝੋਟਾ ਮੁਕਤਸਰ ਜੇਲ੍ਹ 'ਚੋਂ ਰਿਹਾਅ

ਮਾਨਸਾ : ਨਸ਼ਿਆਂ ਖ਼ਿਲਾਫ਼ ਡਟਣ ਵਾਲੇ ਪਰਵਿੰਦਰ ਸਿੰਘ ਝੋਟਾ ਨੂੰ ਮੁਕਤਸਰ ਦੀ ਜੇਲ੍ਹ 'ਚੋਂ ਅੱਜ ਦੇਰ ਸ਼ਾਮ ਰਿਹਾਅ ਕਰ ਦਿੱਤਾ ਗਿਆ। ਉਸ ਦੀ ਰਿਹਾਈ 'ਤੇ ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਅਤੇ ਐਂਟੀ ਡਰੱਗ ਟਾਸਕ ਫੋਰਸ ਨੇ ਲੋਕ ਸੰਘਰਸ਼ ਅਤੇ ਏਕਤਾ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ। ਉਹ ਲਗਪਗ ਦੋ ਮਹੀਨਿਆਂ ਤੋਂ ਜੇਲ੍ਹ 'ਚ ਨਜ਼ਰਬੰਦ ਸੀ ਅਤੇ ਉਸੇ ਦਿਨ ਤੋਂ ਹੀ ਥਾਣਾ ਸਿਟੀ-2 ਸਾਹਮਣੇ ਜਥੇਬੰਦਕ ਧਿਰਾਂ ਨੇ ਪੱਕਾ ਮੋਰਚਾ ਲਾਇਆ ਹੋਇਆ ਹੈ। ਨਸ਼ਾ ਵਿਰੋਧੀ ਐਕਸ਼ਨ ਕਮੇਟੀ ਦੇ ਕਨਵੀਨਰ ਰਾਜਵਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਭਾਰੀ ਦਬਾਅ ਹੇਠ ਮਾਨਸਾ ਪੁਲੀਸ ਪ੍ਰਸ਼ਾਸਨ ਨੇ ਸਾਰੀਆਂ ਕਾਨੂੰਨੀ ਅੜਚਨਾਂ ਦੂਰ ਕਰਦਿਆਂ ਪਰਵਿੰਦਰ ਸਿੰਘ ਝੋਟਾ ਦੀ ਰਿਹਾਈ ਦੇ ਸਾਰੇ ਰਸਤੇ ਖੋਲ੍ਹ ਦਿੱਤੇ ਹਨ। ਅਦਾਲਤੀ ਕਾਰਵਾਈਆਂ ਨੂੰ ਪੂਰਦਿਆਂ ਜਿਉਂ ਹੀ ਪੁਲੀਸ ਅਤੇ ਝੋਟਾ ਖ਼ਿਲਾਫ਼ ਦਰਖ਼ਾਸਤ ਦੇਣ ਵਾਲਿਆਂ ਨੇ ਦਰਖ਼ਾਸਤ ਵਾਪਸ ਲੈਣ ਦੇ ਬਿਆਨ ਕਲਮਬੰਦ ਕਰਵਾਏ ਤਾਂ ਅਦਾਲਤ ਨੇ ਪਰਵਿੰਦਰ ਸਿੰਘ ਦੀ ਰਿਹਾਈ ਦੇ ਹੁਕਮ ਕਰ ਦਿੱਤੇ। ਪਰਵਿੰਦਰ ਦੇ ਪਿਤਾ ਸਾਬਕਾ ਫੌਜੀ ਭੀਮ ਸਿੰਘ ਨੇ ਆਪਣੇ ਪੁੱਤ ਦੀ ਰਿਹਾਈ ਨੂੰ ਲੋਕ ਏਕੇ ਦੀ ਵੱਡੀ ਜਿੱਤ ਕਰਾਰ

ਦਿੰਦਿਆਂ ਉਸ ਦੇ ਜੇਲ੍ਹ ਤੋਂ ਬਾਹਰ ਆਉਣ ਨਾਲ ਨਸ਼ਾ ਰੋਕੂ ਮੁਹਿੰਮ ਮਜ਼ਬੂਤ ਹੋਣ ਦਾ ਦਾਅਵਾ ਕੀਤਾ। ਉਸ ਦੀ ਮਾਤਾ ਅਮਰਜੀਤ ਕੌਰ ਨੇ ਕਿਹਾ ਭਾਵੇਂ ਪੁੱਤਰ ਦੇ ਜੇਲ੍ਹ ਜਾਣ ਤੋਂ ਬਾਅਦ ਘਰ ਦੀ ਰੌਣਕ ਗੁੰਮ ਹੋ ਗਈ ਸੀ ਪਰ ਉਸ ਦੇ ਮਨੋਰਥ ਨੇ ਜਿਹੜਾ ਮਾਣ ਤੇ ਸਤਿਕਾਰ ਪਰਿਵਾਰ ਨੂੰ ਦਿਵਾਇਆ ਹੈ, ਉਹ ਵੱਡੀ ਪ੍ਰਾਪਤੀ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਓਐੱਸਡੀ (ਮੀਡੀਆ) ਮਨਜੀਤ ਸਿੰਘ ਸਿੱਧੂ ਨੇ ਮਾਨਸਾ ਜ਼ਿਲ੍ਹੇ ਦੇ ਦੋ ਵਿਧਾਇਕਾਂ ਪ੍ਰਿੰਸੀਪਲ ਬੁੱਧਰਾਮ ਅਤੇ ਗੁਰਪ੍ਰੀਤ ਸਿੰਘ ਬਣਾਂਵਾਲੀ ਸਮੇਤ ਐੱਸਐੱਸਪੀ ਡਾ. ਨਾਨਕ ਸਿੰਘ ਦੀ ਮੌਜੂਦਗੀ ਵਿੱਚ ਨਸ਼ਿਆਂ ਦੇ ਮੁਕੰਮਲ ਖਾਤਮੇ ਅਤੇ ਪਰਵਿੰਦਰ ਦੀ ਛੇਤੀ ਰਿਹਾਈ ਲਈ ਭਰੋਸਾ ਦਿੱਤਾ ਸੀ। ਇਸ ਤੋਂ ਪਹਿਲਾਂ ਪੱਕੇ ਮੋਰਚੇ ਨੂੰ ਸੰਬੋਧਨ ਕਰਦਿਆਂ ਭਾਈ ਗੁਰਸੇਵਕ ਸਿੰਘ ਜਵਾਹਰਕੇ, ਬੋਧ ਸਿੰਘ, ਅਮਨ ਪਟਵਾਰੀ ਤੇ ਗਗਨ ਸ਼ਰਮਾ ਨੇ ਇਸ ਨੂੰ ਪੂਰੇ ਪੰਜਾਬ ਦੀ ਜਿੱਤ ਦੱਸਦਿਆਂ ਕਿਹਾ ਕਿ ਹੁਣ ਪੰਜਾਬ ਦੇ ਲੋਕ ਨਸ਼ਿਆਂ ਦੇ ਖਾਤਮੇ ਲਈ ਪਿੰਡਾਂ ਵਿੱਚ ਪੱਕੇ ਝੰਡੇ ਗੱਡ ਚੁੱਕੇ ਹਨ। ਇਸੇ ਦੌਰਾਨ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜੋ ਭਰੋਸਾ ਦਿੱਤਾ ਗਿਆ, ਉਸ ਨੂੰ ਸਿਰੇ ਚੜ੍ਹਾਇਆ ਗਿਆ ਹੈ।

ਕੀ ਹਿੰਦੂ ਪਹਿਲੇ ਪੰਜ ਪਿਆਰੇ ਸਨ ?

ਸ੍ਰ. ਗੁਰਚਰਨਜੀਤ ਸਿੰਘ ਲਾਂਬਾ

"ਪਾਂਚ ਹਿੰਦੂ ਹੀ ਪਹਲੇ 'ਪੰਜ ਪਿਆਰੇ' ਸਜੇ ਥੇ।" ਇਸ ਸਿਰਲੇਖ ਵਾਲਾ ਇਕ ਬਹੁਤ ਹੀ ਵਿਵਾਦਤ ਅਤੇ ਅਣਲੋੜੀਂਦਾ ਲੇਖ ਸਰਦਾਰ ਤਰਲੋਚਨ ਸਿੰਘ ਜੀ ਦੇ ਨਾਮ ਹੇਠ ਵੱਡੀ ਗਿਣਤੀ ਵਿਚ ਗਸ਼ਤ ਕਰ ਰਿਹਾ ਹੈ। ਇਸ ਨੇ ਪੰਥਕ ਹਲਕਿਆਂ ਵਿਚ ਹਲਚਲ ਪੈਦਾ ਕੀਤੀ ਹੈ। ਪਰ ਧਾਰਮਿਕ ਅਤੇ ਇਤਿਹਾਸਕ ਪੱਖੋਂ ਇਹ ਸਰਾਸਰ ਬੇ-ਬੁਨਿਆਦ ਅਤੇ ਗ਼ਲਤ ਲੇਖ ਹੈ। ਇਹ ਕਿਉਂ ਅਤੇ ਕਿਸ ਮਕਸਦ ਨਾਲ ਲਿਖਿਆ ਜਾਂ ਲਿਖਵਾਇਆ ਗਿਆ ਹੈ ਕਿਹਾ ਨਹੀਂ ਜਾ ਸਕਦਾ। ਪਰ ਜੇਕਰ ਇਸ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ ਤਾਂ ਇਹ ਭਵਿੱਖ ਵਿਚ ਕਈ ਭਰਮ ਭੁਲੇਖੇ ਪੈਦਾ ਕਰਣ ਦਾ ਕਾਰਣ ਬਣ ਸਕਦਾ ਹੈ, ਕਿਉਂ ਕਿ ਕਿਸੇ ਸਿੱਖ ਵਲੋਂ ਲਿਖਿਆ ਅਤੇ ਪ੍ਰਸਾਰਿਆ ਗਿਆ ਹੈ। ਇਸ ਵਿਚ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਬਾਰੇ ਕਈ ਮਨਘੜੰਤ ਗੱਲਾਂ ਅੰਕਤ ਕਰ ਕੇ ਨਵਾਂ ਹੀ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਲਈ ਇਸ ਦੀ ਵਿਚਾਰ ਜ਼ਰੂਰੀ ਹੈ ਤਾਂ ਕਿ ਸਹੀ ਤੱਥ ਪੇਸ਼ ਕੀਤੇ ਜਾ ਸਕਣ।

ਸਿੱਖ ਪੰਥ ਦੀ ਨੀਂਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖੀ। ਇਸ ਕਰਿਸ਼ਮੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਲਮ ਬਧ ਕੀਤਾ,

ਤਿਨ ਬੇਦੀਯਨ ਕੇ ਕੁਲ ਬਿਖੇ ਪ੍ਰਗਟੇ ਨਾਨਕ ਰਾਇ।।
ਸਭ ਸਿਖਨ ਕੋ ਸੁਖ ਦਏ ਜਹ ਤਹ ਭਏ ਸਹਾਇ।।4।।
ਤਿਨ ਇਹ ਕਲ ਮੋ ਧਰਮ ਚਲਾਯੋ।।
ਸਭ ਸਾਧਨ ਕੋ ਰਾਹੁ ਬਤਾਯੋ।।
ਜੋ ਤਾ ਕੇ ਮਾਰਗ ਮਹਿ ਆਏ।।
ਤੇ ਕਬਹੂੰ ਨਹਿ ਪਾਪ ਸੰਤਾਏ।।5।।

ਉਪਰੰਤ ਨੌਂ ਗੁਰੂ ਸਾਹਿਬਾਨ ਨੇ ਇਸ ਮਹਿਲ ਨੂੰ ਸੁਦ੍ਰਿੜ ਕੀਤਾ। ਫ਼ਿਰ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੀ ਪਾਹੁਲ ਦੇ ਕੇ ਇਸ ਨੂੰ ਸੰਪੂਰਨ ਕੀਤਾ ਅਤੇ ਇਸ ਤਰ੍ਹਾਂ ਗੁਰੂ ਪੰਥ ਵਿਚ ਤਬਦੀਲ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਦੀ ਦਾਤ ਦੇਣ ਤੋਂ ਪਹਿਲਾਂ ਹੀ ਸਿੱਖ ਅਤੇ ਸਿੱਖੀ ਪੂਰੀ ਤਰ੍ਹਾਂ ਸੁਦ੍ਰਿੜ ਅਤੇ ਸੰਸਥਾਗਤ ਹੋ ਚੁਕੇ ਸਨ। ਹੁਣ ਜੇਕਰ ਹਿੰਦੂਆਂ ਨੂੰ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪੰਜ ਪਿਆਰੇ ਸਾਜਿਆ ਸੀ ਤਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 1699 ਦੀ ਵਿਸਾਖੀ ਤਕ ਗੁਰੂ ਕਾਲ ਦੀ ਘਾਲਣਾ ਨਾਲ ਤਿਆਰ ਕੀਤੇ ਸਿੱਖ ਕਿੱਥੇ ਸਨ। ਇਸ ਲੇਖ ਮੁਤਾਬਿਕ ਤਾਂ 1469 ਤੋਂ 1699 ਤਕ ਦੀ ਸਾਰੀ ਘਾਲਣਾ ਹੀ ਅਲੋਪ ਕਰ ਦਿੱਤੀ ਗਈ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਸੀਸ ਭੇਟ ਕਰਣ ਵਾਲੇ ਮਹਾਨ ਸੂਰਬੀਰ ਪੰਜ ਪਿਆਰੇ ਗੁਰੂ ਕੇ ਅਨਿੰਨ ਸਿੱਖ ਸਨ। ਉਹਨਾਂ ਨੂੰ ਹਿੰਦੂ ਕਹਿਣਾ ਮਹਾਨ ਯੋਧਿਆਂ ਨੂੰ ਸਿੱਖੀ ਤੋਂ ਮਹਿਰੂਮ ਕਰਨਾ ਅਤੇ ਬਹੁਤ ਵੱਡੀ ਧਾਰਮਿਕ ਅਵੱਗਿਆ ਹੈ।

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਂ ਪਹਿਲੇ ਜਾਮੇ ਵਿਚ ਹੀ ਸਿੱਖ ਬਣਨ ਲਈ ਸ਼ਰਤ ਰਖ ਦਿੱਤੀ ਸੀ,

ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।20।।

(ਮ. 1, ਅੰਗ 1412)

ਇਸ ਤਰ੍ਹਾਂ ਜਿਹੜੇ ਵੀ ਗੁਰੂ ਸਾਹਿਬ ਦੇ ਮਾਰਗ ਤੇ ਆਏ ਉਹ ਗੁਰੂ ਕੇ ਸਿੱਖ ਸਨ ਅਤੇ ਉਹਨਾਂ ਬਾਰੇ ਭਾਈ ਗੁਰਦਾਸ ਜੀ ਨੇ ਕਿਹਾ,

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।

ਬਿਲਕੁਲ ਇਸੇ ਤਰਜ਼ ਤੇ ਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਚਨ ਨੂੰ ਨੰਗੀ ਸ੍ਰੀ ਸਾਹਿਬ ਲੈ ਕੇ ਸਿੱਖਾਂ ਦੇ ਸਿਰ ਦੀ ਮੰਗ ਕੀਤੀ ਸੀ ਕਿ ਜੋ ਵੀ ਇਸ ਪ੍ਰੇਮ ਦੇ ਮਾਰਗ ਤੇ ਤੁਰਨਾ ਚਾਹੁੰਦੇ ਹਨ, ਜੋ ਵੀ ਪਿਆਰੇ ਅਖਵਾਉਣਾ ਚਾਹੁੰਦੇ ਹਨ ਉਹ ਆਪਣਾ ਸੀਸ ਭੇਟ ਕਰਨ। ਇਸ ਤਰ੍ਹਾਂ ਚਰਣਾਮ੍ਰਿਤ ਤੋਂ ਖੰਡੇ ਦੀ ਪਾਹੁਲ ਦਾ ਸਫ਼ਰ ਤੈਅ ਪਾਇਆ ਗਿਆ।

ਇੱਥੇ ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਸੀ ਅਤੇ ਸਿੱਖ ਸੰਗਤਾਂ ਹੀ ਜੁੜੀਆਂ ਸਨ।

ਦੋਹਰਾ- ਭਯੋ ਮੇਲ ਜਬਿ ਅਨੰਪੁਰਿ ਚਹੁਦਿਸ਼ਿ ਤੇ ਸਿਖ ਆਇ।।
ਭਈ ਭੀਰ ਦੀਰਘ ਤਹਾਂ ਦਰਸ ਚਾਹਿ ਅਧਿਕਾਇ।।1।।
ਰੁਤ 3, ਅਧਿਆਇ 17

ਇਸ ਮੁਕਾਮ ਤਕ ਪਹੁੰਚਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਚਾਰ ਉਦਾਸੀਆਂ ਕੀਤੀਆਂ ਅਤੇ ਥਾਂ ਥਾਂ ਧਰਮ ਸਾਲਾ ਅਤੇ ਸੰਗਤਾਂ ਕਾਇਮ ਕੀਤੀਆਂ। ਜਿਵੇਂ ਛੋਟੀ ਸੰਗਤ, ਬੜੀ ਸੰਗਤ, ਕੱਚੀ ਸੰਗਤ, ਪੱਕੀ ਸੰਗਤ ਆਦਿ ਆਦਿ ਅਤੇ ਇਹ ਸਿਲਸਿਲਾ ਬਾਅਦ ਵਿਚ ਵੀ ਗੁਰੂ ਕਾਲ ਵਿਚ ਜਾਰੀ ਰਿਹਾ। ਇਹਨਾਂ ਸੰਗਤਾਂ ਨੂੰ ਪੱਕੇ ਤੌਰ ਤੇ ਧੁਰੇ ਨਾਲ ਜੋੜਨ ਲਈ ਗੁਰੂ ਅਮਰਦਾਸ ਜੀ ਨੇ ਮੰਜੀਆਂ ਸਥਾਪਤ ਕੀਤੀਆਂ ਅਤੇ ਮਸੰਦ ਥਾਪੇ।

ਗੁਰੂ ਸਾਹਿਬ ਦੇ ਮਾਰਗ ਨੂੰ ਅਪਨਾਉਣ ਵਾਲੇ ਸਿੱਖ ਅਖਵਾਏ। ਇਹ ਸ਼ਬਦ ਸਿੱਖ ਕਿਸੇ ਵੇਦ, ਪੁਰਾਣ, ਸ਼ਾਸਤ੍ਰ ਵਿਚ ਨਹੀਂ ਸੀ। ਪਰ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋ ਕੇ ਸਿੱਖ, ਗੁਰਸਿੱਖ, ਗੁਰਬਾਣੀ, ਗੁਰ ਇਤਿਹਾਸ ਅਤੇ ਸਿੱਖ ਪ੍ਰੰਪਰਾ ਵਿਚ ਇਹ ਲਫ਼ਜ਼ ਪੂਰੀ ਤਰ੍ਹਾਂ ਮਕਬੂਲ ਹੋ ਗਿਆ।

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ।। (ਮ. 3, ਅੰਗ 920)
ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ।। (ਮ. 3 ਅੰਗ 602)
ਨਾਮੁ ਜਪਹੁ ਮੇਰੇ ਗੁਰਸਿਖ ਮੀਤਾ।।
ਨਾਮੁ ਜਪਹੁ ਨਾਮੇ ਸੁਖ ਪਾਵਹੁ (ਮ. 4ਅੰਗ 367)
ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੋ ਭਲਕੇ ਉਠਿ ਹਰਿ ਨਾਮੁ ਧਿਆਵੈ।।
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।। (ਮ. 4 ਅੰਗ 306)

ਗੁਰੂ ਨਾਨਕ ਦੇਵ ਜੀ ਵਲੋਂ ਲਾਏ ਗੁਰਸਿੱਖੀ ਦੇ ਬੂਟੇ ਦੀ ਮਹਿਕ ਕਿਤਨੀ ਫੈਲ ਚੁੱਕੀ ਸੀ ਕਿ ਭਾਈ ਮਨੀ ਸਿੰਘ ਜੀ ਦੁਆਰਾ ਰਚਿਤ ਸਿਖਾਂ ਦੀ ਭਗਤ ਮਾਲਾ ਵਿਚ ਤਕਰੀਬਨ ਦੋ ਸੌ ਸਿੱਖਾਂ ਦਾ ਜ਼ਿਕਰ ਹੈ ਅਤੇ ਹਰ ਇਕ ਨੂੰ ਭਾਈ ਲਫ਼ਜ਼ ਨਾਲ ਸੰਬੋਧਨ ਕੀਤਾ ਗਿਆ ਹੈ। ਇਸੇ ਤਰ੍ਹਾਂ ਗੁਰੂ ਹਰਗੋਬਿੰਦ ਜੀ, ਗੁਰੂ ਤੇਗ ਬਾਹਾਦੁਰ ਜੀ ਦੇ ਹੁਕਮਨਾਮੇ ਮੌਜੂਦ ਹਨ ਜਿਨ੍ਹਾਂ ਵਿਚ ਗੁਰੂ ਸਾਹਿਬ ਨੇ ਗੁਰਸਿੱਖਾਂ ਦੇ ਨਾਮ ਅੰਕਤ ਹਨ। ਹੋਰ ਤਾਂ ਹੋਰ ਗੁਰੂ ਹਰਗੋਬਿੰਦ ਜੀ ਨੇ ਆਪਣੇ ਹੁਕਮਨਾਮੇ ਵਿਚ ਸਿੱਖਾਂ ਬਾਰੇ ਲਿਖਿਆ ਹੈ ਕਿ ਤੁਸੀਂ ਮੇਰਾ ਖਾਲਸਾ ਹੋ। ਖਾਲਸਾ ਉਸ ਜ਼ਮੀਨ ਨੂੰ ਕਿਹਾ ਜਾਂਦਾ ਹੈ ਜੋ ਸਿੱਧੀ ਬਾਦਸ਼ਾਹ ਦੇ ਅਧੀਨ ਹੋਵੇ ਅਤੇ ਜਿਸ ਤੇ ਕੋਈ ਮਾਲੀਆ, ਟੈਕਸ ਜਾ ਲਗਾਨ ਨਾ ਹੋਵੇ।

ਇਹ ਗੱਲ ਨਿਰਵਿਵਾਦਤ ਰੂਪ ਵਿਚ ਸਹੀ ਹੈ ਕਿ ਸ਼ੁਰੂ ਸ਼ੁਰੂ ਵਿਚ ਸਿੱਖੀ ਦੀ ਪਨੀਰੀ ਵਿਚ ਵੱਡਾ ਯੋਗਦਾਨ ਦੇਣ ਵਾਲੇ ਹਿੰਦੂ ਹੀ ਸਨ। ਪਰ ਉਹ ਸਿੰਘ ਸਜੇ ਸਨ ਸਿੱਖਾਂ ਦੀਆਂ ਕੁਰਬਾਨੀਆਂ, ਆਚਰਣ ਅਤੇ ਦੂਸਰਿਆਂ ਲਈ ਆਪਾਂ ਵਾਰਨ ਦੇ ਜਜ਼ਬੇ ਤੋਂ ਪ੍ਰਭਾਵਤ ਹੋ ਕੇ। ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਇਕ ਵਾਰ ਸਿੰਘ ਸਜ ਜਾਣ ਤੋਂ ਬਾਅਦ ਸਿੱਖੀ ਦਾ ਤਿਆਗ ਕਰਨ ਵਾਲਾ ਪਤਿਤ ਹੁੰਦਾ ਹੈ, ਸਹਿਜਧਾਰੀ ਜਾਂ ਹਿੰਦੂ ਨਹੀਂ।

ਇਸ ਤੋਂ ਜ਼ਿਆਦਾ ਮਹੱਤਵ ਪੂਰਨ ਗੱਲ ਇਹ ਹੈ ਕਿ ਜਿਵੇਂ ਇਸਲਾਮ, ਮਸੀਹੀ ਜਾਂ ਯਹੂਦੀ ਧਰਮਾਂ ਦਾ ਮੁੱਢ ਅਤੇ ਸ੍ਰੋਤ, ਉਹਨਾਂ ਦੀਆਂ ਧਾਰਮਿਕ ਪੁਸਤਕਾਂ, ਉਹਨਾਂ ਦੇ ਪੈਗੰਬਰ ਵੀ ਸਾਂਝੇ ਹਨ ਪਰ ਉਹਨਾਂ ਦੀ ਅੱਡਰੀ ਹਸਤੀ ਤੇ ਕਦੀ ਵਿਵਾਦ ਨਹੀਂ ਹੋਇਆ। ਦੂਸਰੇ ਪਾਸੇ ਸਿੱਖ ਅਤੇ ਹਿੰਦੂ ਧਰਮ ਗ੍ਰੰਥ ਵੱਖ ਵੱਖ ਹਨ। ਪਰ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਪੁਰਾਤਨ ਮਿਥਿਹਾਸਕ ਪਾਤਰਾਂ ਨੂੰ ਅੰਕਤ ਕੀਤਾ। ਪੌਰਾਣਿਕ ਗਾਥਾਵਾਂ ਦੇ ਹਵਾਲੇ ਦਿੱਤੇ। ਪਰ ਸ਼ਰਤ ਸਿਰਫ਼ ਇਕ ਸੀ ਕਿ ਸਭ ਦਾ ਕਰਤਾ ਪੁਰਖ ਅਤੇ ਪੂਜਣ ਯੋਗ ਹਸਤੀ ਜਾਂ ਸਤੁਤੀ ਕੇਵਲ ਇਕ ਦੀ ਹੀ ਹੈ।

ਗੁਰੂ ਕਾਲ ਦੇ ਦੌਰਾਨ ਹੀ ਸਿੱਖ ਪੰਥ ਦੇ ਨਿਆਰੇ ਪਨ ਨੂੰ ਗੁਰੂ ਸਾਹਿਬਾਨ ਨੇ ਨਿਰਣਾਇਕ ਤੌਰ ਤੇ ਪਰਪੱਕ ਕਰ ਦਿੱਤਾ ਸੀ। ਮਸ਼ਹੂਰ ਲੇਖਕ ਖੁਸ਼ਵੰਤ ਸਿੰਘ ਨੇ ਆਪਣੀ ਪੁਸਤਕ ਦੀ ਸਿੱਖਸ ਵਿਚ ਅੰਕਤ ਕੀਤਾ ਹੈ,

The folowing that Nanak had created in his life time could at best be described as a group dissenting from both Hinduism and Islam. (ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਹੀ ਜਿਹੜੇ ਪੈਰੋਕਾਰ ਬਣਾਏ ਸਨ ਉਹਨਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਉਹ ਲੋਕ ਸਨ ਜਿਹਨਾਂ ਨੇ ਆਪਣੇ ਆਪ ਨੂੰ ਇਲਸਾਮ ਅਤੇ ਹਿੰਦੂ ਮਤ ਤੋਂ ਵੱਖ ਕਰ ਲਿਆ ਸੀ।)

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਨਿਸ਼ਾਨਾ ਸਪਸ਼ਟ ਕੀਤਾ,

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥

ਇਸ ਮਹਾਂ ਵਾਕ ਨੂੰ ਗੁਰੂ ਸਾਹਿਬਾਨ ਨੇ ਅਮਲੀ ਰੂਪ ਵਿਚ ਤਨ ਤੇ ਹੰਢਾਇਆ। ਬਾਬਰ ਦੇ ਹਮਲੇ ਵੇਲੇ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਮੁਸਲਮਾਨ ਔਰਤਾਂ ਤੇ ਹੁੰਦੇ ਜ਼ੁਲਮਾਂ ਨੂੰ ਵੇਖ ਕੇ ਹਾਅ ਦਾ ਨਾਅਰਾ ਮਾਰਿਆ,

ਮੁਸਲਮਾਨੀਆ ਪੜਹਿ ਕਤੇਬਾ ਕਸ਼ਟ ਮਹਿ ਕਰਹਿ ਖੁਦਾਇ ਵੇ ਲਾਲੇ।।
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ।।
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੇ।।1।। (ਮ.1 , ਅੰਗ 723)

ਇਤਨਾ ਹੀ ਨਹੀਂ ਗੁਰੂ ਤੇਗ ਬਹਾਦੁਰ ਜੀ ਨੇ ਤਾਂ ਤਿਲਕ ਅਤੇ ਜੰਞੂ ਦੀ ਰਾਖੀ ਦੀ ਖਾਤਰ ਆਪਣੇ ਸੀਸ ਦਾ ਬਲੀਦਾਨ ਦੇ ਦਿੱਤਾ। ਬਾਅਦ ਵਿਚ ਗੁਰੂ ਕੇ ਖਾਲਸੇ ਨੇ ਇਸ ਪਿਰਤ ਨੂੰ ਜਾਨਾਂ ਹੂਲ ਕੇ ਜਾਰੀ ਰਖਿਆ। ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤੇ, ਜਾ ਤੇ ਛੂਟ ਗਯੋ ਭ੍ਰਮ ਉਰ ਕਾ, ਤਿਸ ਆਗੈ ਹਿੰਦੂ ਕਿਆ ਤੁਰਕਾ।। ਇਸ ਤਰ੍ਹਾਂ ਬਿਨਾ ਕਿਸੇ ਭੇਦ ਭਾਵ ਦੇ ਕੇਵਲ ਇਨਸਾਨੀਅਤ ਦੇ ਨਾਤੇ ਆਪਾ ਵਾਰਨ ਦਾ ਇਤਿਹਾਸ ਰਚਿਆ। ਪਰ ਇਸ ਦੇ ਨਾਲ ਹੀ ਆਪਣੀ ਨਿਆਰੀ ਹਸਤੀ ਨੂੰ ਵੀ ਕਾਇਮ ਰਖਿਆ। ਗੁਰਵਾਕ ਹੈ,

ਭੈਰਉ ਮਹਲਾਪ ॥ ਵਰਤ ਨ ਰਹਉ ਨ ਮਹ ਰਮਦਾਨਾ ॥
ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥
ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥
ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥
ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥

ਸੋ ਇਹ ਕਹਿਣਾ ਕਿ ਪਹਿਲੇ ਪੰਜ ਪਿਆਰੇ ਹਿੰਦੂ ਸਨ, ਸਰਾਸਰ ਗ਼ਲਤ ਹੈ ਅਤੇ ਕਿਸੇ ਵਿਸ਼ੇਸ਼ ਮਕਸਦ ਨਾਲ ਕਹੀ ਗਈ ਹੈ। ਇਹ ਪੰਥਕ ਪਿੜ ਵਿਚ ਉਤੇਜਨਾ ਪੈਦਾ ਕਰਨ ਸਿੱਖ ਹੋਂਦ ਤੇ ਪ੍ਰਹਾਰ ਕਰਨ ਵਾਲਾ ਬਿਆਨ ਹੈ। ਅੰਮ੍ਰਿਤ ਦਾ ਅਧਿਕਾਰੀ ਹਰ ਪ੍ਰਾਣੀ ਮਾਤਰ ਹੈ। ਪਰ ਅੰਮ੍ਰਿਤ ਛਕਣ ਲਈ ਕੁਝ ਬੁਨਿਆਦੀ ਸ਼ਰਤਾਂ ਹਨ ਜਿਹਨਾਂ ਵਿਚ ਸਭ ਤੋਂ ਪਹਿਲੀ ਹੈ, ਉਸ ਦਾ ਸਾਬਤ ਸੂਰਤ ਹੋਣਾ। ਇਸ ਲਈ ਗੈਰ ਸਿੱਖ ਤੋਂ ਸਿੰਘ ਸਜਣ ਵਿਚਕਾਰ ਇਕ ਪੜਾਅ ਸਿੱਖ ਹੋਣ ਦਾ ਹੈ। ਹਿੰਦੂ ਤੋਂ ਸਿੰਘ ਸਜਾਣ ਲਈ ਕੁਝ ਮਹੀਨੇ ਦਾ ਸਮਾਂ ਲਗਦਾ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਦੀ ਦਾਤ ਦੇਣ ਤੋਂ ਪਹਿਲਾਂ ਗੁਰੂ, ਸਿੱਖ, ਸੰਗਤ, ਗੁਰਬਾਣੀ, ਗੁਰੂ ਗ੍ਰੰਥ ਸਾਹਿਬ, ਕਥਾ-ਕੀਰਤਨ, ਸਿੱਖ ਮਰਯਾਦਾ, ਸਚਿਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਨਿਸ਼ਾਨ, ਨਗਾਰੇ, ਲੰਗਰ ਆਦਿ ਸਾਰੇ ਸਿਧਾਂਤ, ਪਰੰਪਰਾਵਾਂ ਪੱਕੇ ਪੈਰੀ ਹੋ ਚੁੱਕੀਆਂ ਸਨ। ਅੰਮ੍ਰਿਤ ਪ੍ਰਾਪਤੀ ਦਾ ਰਾਹ ਤਟ ਫਟ ਨਹੀਂ ਹੁੰਦਾ। ਇਸ ਲਈ ਦ੍ਰਿੜ ਇਰਾਦੇ, ਤਿਆਗੀ ਅਤੇ ਸਮੇਂ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਗੁਰਮਤਿ ਅਤੇ ਗੁਰਸਿੱਖੀ ਨੂੰ ਦ੍ਰਿੜ ਹੋ ਚੁੱਕੇ ਪੰਜ ਪਿਆਰਿਆਂ ਤੇ ਹੀ ਅੰਮ੍ਰਿਤ ਦੀ ਇਲਾਹੀ ਦਾਤ ਦੀ ਬਖਸ਼ਿਸ਼ ਹੋਈ। ਇਸ ਤੋਂ ਸਪਸ਼ਟ ਹੈ ਕਿ ਗੁਰੂ ਕਲਗੀਧਰ ਪਿਤਾ ਨੇ ਗੁਰ ਸੰਗਤ ਨੂੰ ਖਾਲਸਾ ਬਣਾਇਆ। ਸੋ ਗੁਰੂ ਤੋਂ ਸਿੱਖ ਬਣੇ, ਸਿੱਖ ਤੋਂ ਸੰਗਤਾਂ ਬਣੀਆਂ ਅਤੇ ਸੰਗਤ ਤੋਂ ਖਾਲਸਾ। ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।।1।। (ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ , ਭਾਈ ਗੁਰਦਾਸ ਦੋਇਮ)।

ਧਰਮ ਦੇ ਖੇਤਰ ਵਿਚ ਇਕ ਨੁਕਤਾ ਅਹਿਮ ਹੈ ਕਿ ਆਪਣਾ ਛੱਡੋ ਨਾ, ਦੂਜੇ ਦਾ ਛੇੜੋ ਨਾ।

ਮੇਰੇ ਤਾਇਆ ਜੀ, ਸੂਬੇਦਾਰ ਮੇਜਰ ਹਰਬੰਸ ਸਿੰਘ ਜੀ ਫੌਜ ਵਿਚ ਸਨ। ਉਹਨਾਂ ਦੀ ਕਿਸੇ ਨੇ ਸ਼ਿਕਾਇਤ ਕਰ ਦਿੱਤੀ ਕਿ ਉਹ ਹਿੰਦੂਆਂ ਨੂੰ ਸਿੱਖ ਬਣਾਂਦੇ ਹਨ। ਕਮਾਂਡਰ ਅੰਗਰੇਜ਼ ਸੀ। ਉਸਨੇ ਸ਼ਿਕਾਇਤ ਕਰਤਾ ਨੂੰ ਸਵਾਲ ਕੀਤਾ ਕਿ ਇਕ ਹਿੰਦੂ ਨੂੰ ਸਿੱਖ ਬਣਾਣ ਲਈ ਘਟੋ ਘਟ ਕਿਤਨਾ ਸਮਾਂ ਚਾਹੀਦਾ ਹੈ। ਜਵਾਬ ਸੀ ਤਿੰਨ ਮਹੀਨੇ। ਅੰਗਰੇਜ਼ ਨੇ ਪੁਛਿਆ ਕਿ ਇਕ ਸਿੱਖ ਨੂੰ ਹਿੰਦੂ ਬਣਾਣ ਲਈ ਕਿਤਨਾ ਸਮਾਂ ਚਾਹੀਦਾ ਹੈ। ਜਵਾਬ ਸੀ ਇਕ ਮਿੰਟ। ਕਮਾਂਡਰ ਨੇ ਕਿਹਾ ਕਿ ਕੀ ਹਰਬੰਸ ਸਿੰਘ ਕੋਲ ਕੋਈ ਐਸੀ ਥਾਂ ਹੈ ਜਿੱਛੇ ਉਹ ਕਿਸੇ ਬੰਦੇ ਨੂੰ ਤਿੰਨ ਮਹੀਨੇ ਆਪਣੇ ਕਬਜ਼ੇ ਵਿਚ ਰਖ ਸਕੇ?

ਇਕ ਬਹੁਤ ਹੀ ਮਹੱਤਵ ਪੂਰਣ ਗਵਾਹੀ ਹੈ। ਸੰਮਤ 1756 ਦ

16 ਸਤੰਬਰ 'ਤੇ ਵਿਸ਼ੇਸ਼

22 ਮੰਜ਼ੀਆਂ (ਉਪਦੇਸ਼ਕ ਗੱਦੀਆਂ) ਜੋਤੀ ਜੋਤ ਗੁਰੂ ਅਮਰਦਾਸ ਸਾਹਿਬ ਜੀ

ਕਿਸੇ ਵੀ ਸਮਾਜਿਕ ਪ੍ਰਬੰਧ ਜਾਂ ਧਰਮ ਨੂੰ ਕਾਇਮ ਰਹਿਣ ਲਈ, ਉਨ੍ਹਾਂ ਸਮਾਜਿਕ ਕਦਰਾਂ-ਕੀਮਤਾਂ ਦੀ ਸੰਭਾਲ ਕਰਨੀ ਪੈਂਦੀ ਹੈ ਜਿਸਦੇ ਸਹਾਰੇ ਉਹ ਕਾਇਮ ਹੈ। ਚੱਜ-ਆਚਾਰ ਦਾ ਤੱਤ ਉਹ ਮਨੋਰਥ ਹੈ, ਜੋ ਇਸ ਪ੍ਰਬੰਧ ਨੂੰ ਤੋਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੀ ਭਲਾਈ ਦੇ ਸੰਕਲਪ ਨੂੰ ਤੌਰਨ ਲਈ ਪਹਿਲੀ ਉਦਾਸੀ ਵਿਚ ਹਿੰਦੂ ਪੁਰਬਾਂ ਸਮੇਂ ਭਾਰਤ ਦੇ ਸਾਰੇ ਹਿੰਦੂ-ਤੀਰਥਾਂ ਵਿਖੇ ਆਪਣਾ ਪ੍ਰਚਾਰ ਕਾਇਮ ਰੱਖਣ ਲਈ ਕਈ ਥਾਈਂ ਪ੍ਰਚਾਰ ਕੇਂਦਰ ਬਣਾਏ 'ਤੇ ਯੋਗ ਸਿੱਖ ਪ੍ਰਚਾਰਕ ਥਾਪੇ। ਪ੍ਰਚਾਰਕ ਨੇ ਗੁਰ-ਉਪਦੇਸ਼ ਸਰਵਣ ਕਰਾਉਣ ਵੇਲੇ ਆਪਣੇ ਸਾਹਮਣੇ ਬੈਠੀ ਸੰਗਤ ਵਲ ਨਿਗਾਹ ਮਾਰਨੀ ਹੁੰਦੀ ਹੈ। ਜਿਸ ਲਈ ਉਸ ਨੂੰ ਉੱਚੇ ਥਾਂ ਬੈਠਣਾ ਪੈਂਦਾ ਹੈ। ਉਥੇ ਥਾਂ ਲਈ ਆਮ ਤੌਰ 'ਤੇ ਮੰਜੀ ਹੀ ਵਰਤੀ ਜਾਂਦੀ ਸੀ। ਜਿਸ ਉਤੇ ਬੈਠ ਕੇ ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀ ਕਥਾ ਸੁਣਾਉਂਦਾ ਸੀ। ਹਰੇਕ ਸਿੱਖ ਆਪਣੇ ਆਪ ਪ੍ਰਚਾਰਕ ਨਹੀਂ ਸੀ ਬਣ ਜਾਂਦਾ। ਪ੍ਰਚਾਰ ਉਹੀ ਕਰਦਾਸੀ ਜਿਸਨੂੰ ਸਤਿਗੁਰੂ ਵਲੋਂ ਪ੍ਰਵਾਨਗੀ ਮਿਲੇ। ਸਿੱਖਾਂ ਵਿਚ ਇਹ ਉਚੀ ਧਾਰਮਿਕ ਪਦਵੀ ਬੜੇ ਸਤਿਕਾਰ ਤੇ ਇਤਬਾਰ ਵਾਲੀ ਸੀ। ਪ੍ਰਚਾਰਕ ਨੂੰ ਮੰਜੀ ਬਖਸ਼ੀ ਵਾਲਾ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਸਮੇਂ ਯੋਗ ਸਿੱਖਾਂ ਨੂੰ ਮੰਜ਼ੀ ਬਖਸ਼ਦੇ ਗਏ। ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ, ਸੰਗਤ, ਲੰਗਰ ਤੇ ਮੰਜੀਆਂ ਆਦਿ ਧਾਰਮਿਕ ਸੰਸਥਾਵਾਂ ਚਲਾਈਆਂ। ਗੁਰੂ ਸਾਹਿਬ ਨੇ ਆਪਣੀਆਂ ਪ੍ਰਚਾਰ ਉਦਾਸੀਆਂ ਪੂਰੀਆਂ ਕਰਨ ਉਪਰੰਤ ਕਰਤਾਰਪੁਰ ਨਿਵਾਸ ਕੀਤਾ। ਇਹ ਸਥਾਨ ਸਿੱਖ ਧਰਮ ਦੀ ਕੇਂਦਰੀ ਧਰਮਸ਼ਾਲਾ ਬਣ ਗਿਆ। ਜਿਥੇ ਉਨ੍ਹਾਂ ਦੇ ਪੈਰੋਕਾਰ ਗੁਰ-ਦਰਸ਼ਨਾਂ ਲਈ ਇਕੱਠੇ ਹੁੰਦੇ ਸਨ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਧਰਮ ਸੰਕਲਪ ਨੂੰ ਪ੍ਰਚਾਰਨ ਵਾਸਤੇ ਆਪਣੇ ਗੁਰੂ-ਕਾਲ ਦਾ ਸਮਾਂ ਰਾਵੀ ਬਿਆਸ ਦੇ ਪਿੰਡਾਂ ਦੇ ਇਲਾਕੇ ਵਿਚ ਲਾਇਆ।

ਬਾਕੀ ਗੁਰੂਆਂ ਨੇ ਵੀ ਧਾਰਮਿਕ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਤੇ ਵਧਾਇਆ। ਗੁਰੂ ਅਮਰਦਾਸ ਜੀ ਨੇ ਮੰਜੀਆਂ ਦੀ ਸੰਸਥਾ ਨੂੰ ਬਕਾਇਦਾ ਨੇਮਬੱਧ ਕੀਤਾ। ਜਾਤਿ ਅਭਿਮਾਨੀਆਂ ਦੀ ਵਿਰੋਧਤਾ ਦੇ ਬਾਵਜੂਦ ਵੀ ਸਿੱਖਾਂ ਦੀ ਗਿਣਤੀ ਵਧਦੀ ਗਈ। ਗੋਇੰਦਵਾਲ ਬਾਉਲੀ ਦੇ ਨਿਰਮਾਣ ਤੱਕ ਸਿੱਖਾਂ ਵਿਚ ਬੜੀ ਜਾਗ੍ਰਿਤੀ ਚੁੱਕੀ ਸੀ। ਸਮੇਂ ਦੀ ਲੋੜ ਸੀ ਕਿ ਇਸ ਧਰਮ ਪ੍ਰਚਾਰ ਨੂੰ ਮਜ਼ਬੂਤ ਕੀਤਾ ਜਾਏ। ਗੁਰੂ ਅਮਰਦਾਸ ਜੀ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲਿਆ ਸੀ। ਕਿਉਂਕਿ ਉਹ ਬ੍ਰਹਮਚਾਰੀ ਤੇ ਤਿਆਗੀ ਸਨ। ਉਹ ਤਿਆਗ ਵਿਚ ਹੀ ਜੀਵਨ ਗੁਜ਼ਾਰ ਰਹੇ ਸਨ। ਗੁਰੂ ਸਾਹਿਬ ਨੇ ਪ੍ਰਚਾਰ ਕੀਤਾ ਕਿ ਸਿੱਖ ਧਰਮ ਵਿਚ ਗ੍ਰਹਿਸਥੀ ਜੀਵਨ ਦੀ ਬੜੀ ਅਹਿਮੀਅਤ ਹੈ। ਜਿਸ ਵਿਚ ਰਹਿ ਕੇ ਬੇਗਰਜ਼ ਸੇਵਾ ਕਰਨ 'ਤੇ ਜ਼ੋਰ ਦਿੱਤਾ। ਬੇਗਰਜ਼ ਸੇਵਾ ਨੂੰ ਮੁਕਤੀ ਦੇ ਰਾਹ ਨਾਲ ਜੋੜ ਦਿੱਤਾ। ਇਸ ਧਾਰਮਿਕ ਪ੍ਰੇਣਾ ਨਾਲ ਵਧੇਰੇ ਸੰਗਤਾਂ ਸਿੱਖ ਧਰਮ ਨਾਲ ਜੁੜੀਆਂ।

ਗੁਰੂ ਅਮਰਦਾਸ ਜੀ ਨੇ ਸਿੱਖ ਵਸੋਂ ਦੇ ਇਲਾਕਿਆ ਨੂੰ 22 ਹਿੱਸਿਆਂ ਵਿਚ ਵੰਡਿਆ ਅਤੇ 22 ਮੰਜੀਆਂ ਥਾਪੀਆਂ। ਨਾਲ ਹੀ 22 ਸਿਆਣੇ ਪ੍ਰੈਕੋਰਾਰਾਂ ਨੂੰ 22 ਮੰਜ਼ੀਆਂ ਦੇ ਪ੍ਰਚਾਰ ਕੇਂਦਰਾਂ 'ਤੇ ਨਿਯੁਕਤ ਕੀਤਾ। ਉਹ ਆਪਣੇ ਇਲਾਕੇ ਦੇ ਧਾਰਮਿਕ ਮੁਖੀ ਹੁੰਦੇ ਸਨ। ਉਹ ਸੰਗਤਾਂ ਦੀਆਂ ਧਾਰਮਿਕ ਤੇ ਸੰਸਾਰਕ ਲੋੜਾਂ ਦਾ ਧਿਆਨ ਰੱਖਦੇ ਸਨ। ਉਹ ਸੰਗਤ ਨੂੰ ਗੁਰੂ ਨਾਲ ਜੋੜਨ ਲਈ ਪੁੱਲ ਦਾ ਕੰਮ ਕਰਦੇ ਸਨ। ਗੁਰੂ ਦਾ ਹੁਕਮ ਸੰਗਤਾਂ ਤੱਕ ਪਹੁੰਚਾਉਂਦੇ ਸਨ। ਸੰਗਤਾਂ ਦੀਆਂ ਮਨੋਕਾਮਨਾਵਾਂ ਗੁਰੂ ਦੇ ਧਿਆਨ ਵਿਚ

ਲਿਆਉਂਦੇ ਸਨ। ਉਹ ਚੜ੍ਹਾਵਾ ਇਕੱਠਾ ਕਰਕੇ ਕੇਂਦਰੀ ਖਜ਼ਾਨੇ ਵਿਚ ਭੇਜਦੇ ਸਨ। ਜਿਥੇ ਗੁਰੂ ਮਾਇਆ ਨੂੰ ਸਾਂਝੇ ਕਾਰਜਾਂ ਵਾਸਤੇ ਵਰਤਦੇ ਸਨ। ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਚੜ੍ਹਾਇਆਂ ਨੂੰ ਨੇਮਬੱਧ ਕੀਤਾ। ਉਨ੍ਹਾਂ ਨੇ ਸਾਂਝੇ ਕਾਰਜਾਂ ਵਾਸਤੇ ਹਰ ਇਕ ਸਿੱਖ ਲਈ ਦਸਵੰਧ (ਆਪਣੀ ਆਮਦਨੀ ਦਾ ਸਵਾ ਹਿੱਸਾ) ਦੇਣਾ ਨਿਸਚਿਤ ਕੀਤਾ। ਗੁਰੂ ਅਮਰਦਾਸ ਜੀ ਨੇ ਆਪਣਾ ਪ੍ਰਚਾਰ ਕੇਂਦਰ ਗੋਇੰਦਵਾਲ ਬਣਾਇਆ ਜਿਥੇ ਸਿੱਖ ਸੰਗਤਾਂ ਸਮਾਗਮਾਂ 'ਤੇ ਇਕੱਠੀਆਂ ਹੁੰਦੀਆਂ। ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਤੇ ਤਰਨਤਾਰਨ ਪ੍ਰਚਾਰ ਕੇਂਦਰ ਬਣਾਏ। ਬਾਅਦ ਵਿਚ ਅੰਮ੍ਰਿਤਸਰ ਸਿੱਖਾਂ ਲਈ ਇਕ ਕੇਂਦਰੀ ਧਾਰਮਿਕ ਕੇਂਦਰ ਬਣਿਆ।

ਜਿਨ੍ਹਾਂ ਗੁਰਸਿੱਖਾਂ ਨੂੰ ਮੰਜ਼ੀਆਂ (ਉਪਦੇਸ਼ਕ ਗੱਦੀਆਂ) ਬਖ਼ਸ਼ੀਆਂ ਦਾ ਜੀਵਨ-ਵੇਰਵਾ ਦਿੱਤਾ ਜਾਂਦਾ ਹੈ:-

1. **ਅੱਲਾਯਾਰ** : ਉਹ ਅੱਲਾ ਸ਼ਾਹ ਦੇ ਨਾਮ ਤੋਂ ਵੀ ਜਾਣਿਆ ਜਾਂਦਾ ਸੀ। ਜੋ ਦਿੱਲੀ ਅਤੇ ਲਾਹੌਰ ਵਿਚਕਾਰ ਘੋੜਿਆਂ ਦਾ ਵਪਾਰ ਕਰਦਾ ਸੀ। ਦਿੱਲੀ ਤੋਂ ਪ੍ਰਤਦਿਆਂ ਬਿਆਸ ਕੰਢੇ ਡੱਲਾ ਨਿਵਾਸੀ ਭਾਈ ਪਾਰੋ ਜੀ ਮਿਲ ਪਏ। ਜਿਸ ਤੋਂ ਇਸਦੇ ਦਿਲ ਵਿਚ ਗੁਰੂ ਅਮਰਦਾਸ ਜੀ ਦੇ ਦਰਸ਼ਕਾਂ ਦੀ ਤਾਂਘ ਪੈਦਾ ਹੋਈ। ਸਤਿਗੁਰੂ ਜੀ ਕੋਲ ਗੋਇੰਦਵਾਲ ਉਸਨੇ ਸਿੱਖੀ ਧਾਰਨ ਕੀਤੀ। ਇਸ ਦਾ ਜੀਵਨ ਗੁਰਮੁੱਖ ਸਿੱਖਾਂ ਵਿਚ ਗਿਣਿਆ ਜਾਂਦਾ ਹੈ। ਗੁਰੂ ਜੀ ਨੇ ਇਸ ਨੂੰ ਧਰਮ ਪ੍ਰਚਾਰ ਦੀ ਸੇਵਾ ਸੌਂਪ ਦਿੱਤੀ।

2. **ਸੱਚਨ ਸੱਚ** : ਇਹ ਲਾਹੌਰ ਦੀ ਤਹਿਸੀਲ ਸ਼ਕਰਪੁਰ ਦੇ ਪਿੰਡ ਮੰਦਰ ਦੇ ਰਹਿਣ ਵਾਲਾ ਇਕ ਬ੍ਰਾਹਮਣ ਸੀ। ਇਹ ਗੁਰੂ ਅਮਰਦਾਸ ਜੀ ਕੋਲ ਸਿੱਖ ਬਣਿਆ। ਸੱਚਨ ਸੱਚ ਸ਼ਬਦ ਹਰ ਵੇਲੇ ਕਹਿਣ ਦੀ ਇਸ ਦੀ ਆਦਤ ਸੀ। ਇਸ ਦਾ ਨਾਮ ਹੀ ਸੱਚਨ ਸੱਚ ਪ੍ਰਸਿੱਧ ਹੋ ਗਿਆ। ਜਦੋਂ ਭਾਈ ਸਾਵਣ ਮੱਲ ਦੇ ਨਾਲ ਆਏ ਹਰੀਪੁਰ ਕਾਂਗੜਾ ਦੇ ਰਾਜੇ ਦੀ ਇਕ ਰਾਣੀ ਪਾਗਲ ਹੋ ਗਈ ਸੀ। ਰਾਜਾ ਉਸ ਨੂੰ ਗੋਇੰਦਵਾਲ ਹੀ ਛੱਡ ਗਿਆ। ਜਦੋਂ ਉਹ ਅਰੋਗ ਹੋ ਗਈ ਤਾਂ ਗੁਰੂ ਅਮਰਦਾਸ ਜੀ ਨੇ ਉਸਦਾ ਵਿਆਹ ਸੱਚਨ ਸੱਚ ਨਾਲ ਕਰਵਾ ਦਿੱਤਾ। ਇਹ ਜੋੜਾ ਸਾਰੀ ਉਮਰ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ। ਸਤਿਗੁਰੂ ਜੀ ਨੇ ਭਾਈ ਸੱਚਨ ਸੱਚ ਨੂੰ ਮੰਜੀ ਬਖਸ਼ ਦਿੱਤੀ।

3. **ਸਾਧਾਰਨ** : ਇਹ ਗੋਇੰਦਵਾਲ ਦੇ ਰਹਿਣਵਾਲਾ ਇਕ ਲੋਹਾਰ ਸੀ। ਗੁਰੂ ਅਮਰਦਾਸ ਜੀ ਕੋਲ ਸਿੱਖ ਬਣਿਆ। ਇਸ ਦੀ ਸੇਵਾ ਅਤੇ ਸ਼ਰਧਾ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਥਾਪ ਦਿੱਤਾ।

4. **ਸਾਵਣ ਮਲ** : ਇਹ ਗੁਰੂ ਅਮਰਦਾਸ ਜੀ ਦਾ ਭਤੀਜਾ ਸੀ। ਜਦੋਂ ਗੋਇੰਦਵਾਲ ਵਿਚ ਗੁਰਦੁਆਰਾ ਅਤੇ ਸੰਗਤਾਂ ਲਈ ਮਕਾਨ ਬਣ ਰਹੇ ਸੀ ਤਾਂ ਗੁਰੂ ਜੀ ਨੇ ਇਸ ਨੂੰ ਪਹਾੜੀ ਲੱਕੜ ਲਿਆਉਣ ਲਈ ਹਰੀਪੁਰ ਵੱਲ ਭੇਜਿਆ। ਸਾਵਣ ਮਲ ਉਸ ਇਲਾਕੇ ਦਾ ਪ੍ਰਚਾਰਕ ਵੀ ਸੀ। ਇਸੇ ਰਾਹੀ ਹੀ ਹਰੀਪੁਰ ਦਾ ਰਾਜਾ ਪ੍ਰਵਾਰ ਸਮੇਤ ਗੁਰੂ ਜੀ ਦਾ ਸਿੱਖ ਬਣਿਆ। ਗੁਰੂ ਜੀ ਨੇ ਭਾਈ ਸਾਵਣ ਮਲ ਨੂੰ ਮੰਜੀ ਬਖਸ਼ੀ।

ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377

5. **ਸੁੱਖਣ** : ਇਹ ਜ਼ਿਲ੍ਹ ਰਾਵਲਪਿੰਡੀ ਦੇ ਨਗਰ ਧਮਿਕਆਣਾ ਦੇ ਰਹਿਣ ਵਾਲਾ ਸੀ। ਜਾਤਿ ਦਾ ਖੱਤਰੀ ਪਹਿਲਾ ਦੁਰਗਾ ਦਾ ਭਗਤ ਸੀ। ਗੁਰੂ ਅਮਰਦਾਸ ਜੀ ਕੋਲ ਰਹਿ ਕੇ ਸਿੱਖ ਬਣਿਆ। ਇਸ ਦਾ ਜੀਵਨ ਇਤਨਾ ਉਚਾ ਸੀ ਕਿ ਸਤਿਗੁਰੂ ਜੀ ਨੇ ਪੋਠੋਹਾਰ ਦੇ ਇਲਾਕੇ ਵਿਚ ਪ੍ਰਚਾਰ ਕਰਨ ਲਈ ਮੰਜੀ ਬਖਸ਼ੀ।

6. **ਹੰਦਾਲ** : ਇਹ ਅੰਮ੍ਰਿਤਸਰ ਦੇ ਜੰਡਿਆਲਾ ਦਾ ਵਸਨੀਕ ਸੀ। ਜਾਤਿ ਦਾ ਜੱਟ। ਇਹ ਗੁਰੂ ਅਰਮਦਾਸ ਜੀ ਦਾ ਪਿਆਰਾ ਸਿੱਖ ਬਣਿਆ। ਲੰਗਰਾਂ ਦੀ ਸੇਵਾ ਬੜੇ ਪਿਆਰ ਅਤੇ ਸ਼ਰਧਾ ਨਾਲ ਕਰਦਾ ਸੀ। ਸਤਿਗੁਰੂ ਜੀ ਨੇ ਪ੍ਰਭਾਵਿਤ ਹੋ ਕੇ ਇਸ ਨੂੰ ਮੰਜ਼ੀ ਬਖਸ਼ੀ। ਇਸ ਦੇ ਨਗਰ ਦਾ ਨਾਮ ਜੰਡਿਆਲਾ ਗੁਰੂ ਪ੍ਰਸਿੱਧ ਹੋਇਆ। ਹਰ ਵੇਲੇ ਨਿਰੰਜਨ ਮੂੰਹੋਂ ਆਖਣ ਕਰਕੇ ਇਸ ਦੀ ਸੰਪ੍ਰਦਾਇ ਦਾ ਨਾਮ ਨਿਰੰਜਨੀਏ ਪੈ ਗਿਆ। ਭਾਈ ਹੰਦਾਲ ਦਾ ਪੁੱਤਰ ਬਿਧੀਚੰਦ ਕੁਰਾਹੇ ਪੈ ਗਿਆ। ਉਸਨੇ ਭਾਈ ਬਾਲੇ ਦੇ ਨਾਮ ਉੱਤੇ ਗੁਰੂ ਨਾਨਕ ਦੇਵ ਜੀ ਦੀ ਇਕ ਜਨਮ ਸਾਖੀ ਲਿਖੀ। ਜਿਸ ਵਿਚ ਬਹੁਤ ਸਾਰੀਆਂ ਮਨ ਮੰਨੀਆਂ ਗੱਲਾਂ ਦਰਜ ਕਰ ਦਿੱਤੀਆਂ।

7. **ਕੇਦਾਰੀ** : ਭਾਈ ਕੇਦਾਰੀ ਬਟਾਲਾ (ਜ਼ਿਲ੍ਹਾ ਗੁਰਦਾਸਪੁਰ) ਦਾ ਰਹਿਣ ਵਾਲਾ ਸੀ। ਜਾਤਿ ਦਾ ਲੂੰਬਾ ਖੱਤ੍ਰੀ ਸੀ। ਸਤਿਗੁਰੂ ਜੀ ਦਾ ਪ੍ਰਸਿੱਧ ਸਿੱਖ ਹੋਇਆ ਹੈ। ਗੁਰੂ ਅਮਰਦਾਸ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸੀ।

8. **ਖੇਡਾ** : ਇਹ ਖੇਮਕਰਨ (ਲਾਹੌਰ) ਦਾ ਵਸਨੀਕ ਬ੍ਰਾਹਮਣ ਸੀ। ਪਹਿਲਾਂ ਦੁਰਗਾ ਦਾ ਭਗਤ ਸੀ। ਗੁਰੂ ਅਮਰਦਾਸ ਜੀ ਦਾ ਬੜਾ ਪਿਆਰਾ ਸਿੱਖ ਪ੍ਰਸਿੱਧ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਸਿੱਖੀ ਦਾ ਪ੍ਰਚਾਰਕ ਥਾਪ ਕੇ ਮੰਜੀ ਬਖਸ਼ੀ।

9. **ਗੰਗੂਸ਼ਾਹ** : ਇਹ ਗੜ੍ਹਸ਼ੰਕਰ ਦਾ ਰਹਿਣ ਵਾਲਾ ਬਸੀ ਖੱਤ੍ਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣਕੇ ਉੱਚਾ ਜੀਵਨ ਪ੍ਰਾਪਤ ਕੀਤਾ। ਸਤਿਗੁਰੂ ਜੀ ਨੇ ਇਸ ਨੂੰ ਰਿਆਸਤ ਸਿਰਮੌਰ ਦੇ ਇਲਾਕੇ ਦਾ ਪ੍ਰਚਾਰਕ ਬਣਾਇਆ। ਭਾਈ ਗੰਗੂਸ਼ਾਹ ਦਾ ਪ੍ਰਸਿੱਧ ਅਸਥਾਨ ਦਾਊਂ ਹੈ। ਇਸ ਦੀ ਸੰਪਰਦਾਇ ਦੇ ਪੈਰੋਕਾਰਾਂ ਨੂੰ ਗੰਗੂਸ਼ਾਹੀ ਕਹਿੰਦੇ ਹਨ। ਗੰਗੂਸ਼ਾਹ ਦਾ ਪੜੋਤਾ ਭਾਈ ਜਵਾਹਰ ਸਿੰਘ ਦਾ ਦੇਹਰਾ ਖਟਕੜ ਕਲਾਂ ਵਿਚ ਹੈ।

10. **ਦਰਬਾਰੀ** : ਜਾਤਿ ਦਾ ਲੂੰਬਾ ਖੱਤ੍ਰੀ ਦਰਬਾਰੀ ਨਗਰ ਮਜੀਠਾ ਦਾ ਰਹਿਣ ਵਾਲਾ ਸੀ।

11. : **ਪਾਰੋ** : ਜਾਤਿ ਦਾ ਜੁਲਕਾ ਖੱਤ੍ਰੀ ਭਾਈ ਪਾਰੋ ਡੱਲੇ ਦਾ ਰਹਿਣ ਵਾਲਾ ਸੀ। ਇਹ ਗੁਰੂ ਅੰਗਦ ਦੇਵ ਜੀ ਦਾ ਸਿੱਖ ਬਣਿਆ ਸੀ। ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਰਹਿ ਕੇ ਸੇਵਾ ਭਾਵਲਾ ਨਾਲ 'ਪਰਮਹੰਸ' ਦੀ ਪਦਵੀ ਪਾਈ। ਸਤਿਗਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖਸ਼ੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸੁਹਰਾ ਭਾਈ ਨਾਰਾਇਣ ਦਾਸ ਇਸੇ ਦੀ ਕੁਲ ਵਿਚੋਂ ਸੀ।

12. **ਫੇਰਾ** : ਇਹ ਮੀਰਪੁਰ (ਜੰਮੂ) ਇਲਾਕੇ ਦਾ ਵਸਨੀਕ ਸੀ। ਜਾਤਿ ਦਾ ਕਟਰਾ ਖੱਤ੍ਰੀ ਸੀ। ਭਾਈ ਫੇਰਾ ਪਹਿਲਾਂ ਜੋਗੀਆਂ ਦਾ ਚੇਲਾ ਸੀ। ਫਿਰ ਗੁਰੂ ਅਮਰਦਾਸ ਜੀ ਦਾ ਸਿੱਖ ਬਣਕੇ ਆਤਮ ਗਿਆਨੀ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖਸ਼ੀ। ਇਸ ਨੇ ਪਹਾੜੀ ਇਲਾਕੇ ਵਿਚ ਬਹੁਤ ਪ੍ਰਚਾਰ ਕੀਤਾ।

13. **ਬੂਆ** : ਇਹ ਤ੍ਰੇਹਣ ਜਾਤਿ ਦਾ ਖੱਤ੍ਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣਕੇ 'ਪਰਮਹੰਸ' ਪਦਵੀ ਨੂੰ ਪ੍ਰਾਪਤ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖਸ਼ੀ। ਇਸ ਦੀ ਸੰਤਾਨ ਹਰਿਗੋਬਿੰਦਪੁਰ ਦੀ ਵਾਸੀ ਸੀ।

14. **ਬੇਣੀ** : ਚੂਹਨੀਆ (ਲਾਹੌਰ) ਦਾ ਵਸਨੀਕ ਪੰਡਿਤ ਬੇਣੀ ਬੜਾ ਵਿਦਵਾਨ ਸੀ। ਸ਼ਾਸਤ੍ਰਾਰਥ ਕਰਕੇ ਜਿੱਤਾਂ ਜਿੱਤਦਾ। ਜਦੋਂ ਗੋਇੰਦਵਾਲ ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਆਇਆ ਤਾਂ ਵਿਦਿਆ-ਅਭਿਮਾਨ ਛੱਡ ਦਿੱਤਾ। ਸਤਿਗੁਰੂ ਜੀ ਦਾ ਸਿੱਖ ਬਣ ਗਿਆ। ਸਤਿਗੁਰੂ ਜੀ ਨੇ ਇਸ ਨੂੰ ਸਿੱਖ ਧਰਮ ਦਾ ਪ੍ਰਚਾਰ ਕਰਨ ਦਾ ਕੰਮ ਸੌਂਪਿਆ। ਇਸ ਦਾ ਨਾਮ ਕਈ ਥਾਂ ਬੇਣੀ ਮਾਧੋ ਵੀ ਲਿਖਿਆ ਹੈ। ਪੰਡਿਤ ਹਰਦਿਆਲ ਕਵੀ ਇਸੇ ਦੀ ਹੀ ਕੁਲ ਵਿਚੋਂ ਸੀ। ਜਿਸ ਨੇ ਸਾਰੁਕਤਾਵਲੀ ਅਤੇ ਵੈਰਾਗ ਸ਼ਨਕ ਦਾ ਸੁੰਦਰ ਉਲਥਾ ਕੀਤਾ।

15. **ਮਹੇਸ਼ਾ** : ਸੁਲਤਾਨਪੁਰ ਦਾ ਰਹਿਣ ਵਾਲਾ ਧੀਰ ਜਾਤਿ ਦਾ ਖੱਤ੍ਰੀ ਸੀ। ਜਿਸ ਨੂੰ ਪ੍ਰਚਾਰਕ ਮੰਜੀ ਪ੍ਰਾਪਤ ਹੋਈ।

16. **ਮਾਈਦਾਸ** : ਮਾਝੇ ਦੇ ਨਰੋਲੀ ਪਿੰਡ ਦਾ ਵਸਨੀਕ ਸੀ। ਪਹਿਲਾਂ ਵੈਸ਼ਨਵ ਮਤ ਦਾ ਧਾਰਨੀ ਸੀ। ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਆਇਆ। ਭਾਈ ਮਾਣਕ ਚੰਦ ਦੀ ਸੰਗਤ ਵਿਚ ਆਤਮ-ਗਿਆਨੀ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਸੌਂਪੀ। ਮਾਝੇ ਦੇ ਇਲਾਕੇ ਵਿਚ ਇਸ ਨੇ ਸਿੱਖ ਧਰਮ ਦਾ ਬਹੁਤ ਪ੍ਰਚਾਰ ਕੀਤਾ।

17. **ਮਾਣਕ ਚੰਦ** : ਵੈਰੋਵਾਲ (ਅੰਮ੍ਰਿਤਸਰ) ਦਾ ਰਹਿਣ ਵਾਲਾ ਪੁਥਰੀਆ ਖੱਤ੍ਰੀ ਸੀ। ਇਸ ਨੇ ਗੋਇੰਦਵਾਲ ਦੀ ਬਾਉਲੀ ਦਾ ਕੜ ਤੋੜਿਆ ਸੀ। ਉਹ ਡੁੱਬ ਗਿਆ ਸੀ। ਪਰ ਬਚ ਗਿਆ ਸੀ। ਗੁਰੂ ਅਮਰਦਾਸ ਜੀ ਨੇ ਇਸ ਦਾ ਨਾਉਂ ਮਰਜੀਵੜਾ ਰੱਖਿਆ। ਇਸ ਦੀ ਸੰਤਾਨ ਵੈਰੋਵਾਲ ਵਿਚ ਮਰਜੀਵੜੇ ਨਾਮ 'ਤੇ ਪ੍ਰਸਿੱਧ ਹੋਈ। ਭਾਈ ਮਾਣਕ ਚੰਦ ਦੀ ਸੰਗਤ ਵਿਚ ਹੀ ਪੰਡਿਤ ਮਾਈਦਾਸ ਬੈਰਾਗੀ ਗੁਰਸਿੱਖੀ ਵੱਲ ਆਇਆ।

18. **ਮੁਰਾਰੀ** : ਜ਼ਿਲ੍ਹਾ ਲਾਹੌਰ ਦੇ ਪਿੰਡ ਖਾਈ ਦਾ ਰਹਿਣ ਵਾਲਾ ਪ੍ਰੇਮਾ ਖ੍ਰੱਤਰੀ ਸੀ। ਇਸ ਨੂੰ ਕੋੜ ਹੋ ਗਿਆ ਸੀ। ਗੁਰੂ ਅਮਰਦਾਸ ਜੀ ਦੀ ਕ੍ਰਿਪਾ ਨਾਲ ਅਰੋਗ ਹੋ ਗਿਆ। ਸਤਿਗੁਰੂ ਜੀ ਨੇ ਇਸ ਦਾ ਨਾਮ ਮੁਰਾਰੀ ਰੱਖ ਦਿੱਤਾ। ਉੱਪਲ ਜਾਤਿ ਦੇ ਖੱਤ੍ਰੀ ਭਾਈ ਸੀਂਹੇ ਨੇ ਸਤਿਗੁਰੂ ਜੀ ਦੀ ਆਗਿਆ ਨਾਲ ਆਪਣੀ ਪੁੱਤਰੀ ਮੱਥੋਂ ਦਾ ਵਿਆਹ ਮੁਰਾਰੀ ਨਾਲ ਕਰ ਦਿੱਤਾ। ਇਸ ਜੋੜੀ ਨੇ ਗੁਰਮਤਿ ਦਾ ਬੜਾ ਪ੍ਰਚਾਰ ਕੀਤਾ। ਦੋਹਾਂ ਦਾ ਰਲਵਾਂ ਨਾਮ 'ਮਥੋ ਮੁਰਾਰੀ' ਸਿੱਖ ਇਤਿਹਾਸ ਵਿਚ ਪ੍ਰਸਿੱਧ ਹੋ ਗਿਆ। ਸਤਿਗੁਰੂ ਜੀ ਨੇ ਮੱਥੇ ਮੁਰਾਰੀ ਨੂੰ ਪ੍ਰਚਾਰਕ ਮੰਜੀ ਬਖਸ਼ੀ।

19. **ਰਾਜਾ ਰਾਮ** : ਇਹ ਇਕ ਸਾਰਸਵਤ ਬ੍ਰਾਹਮਣ ਸੀ। ਜ

ਬੁੱਢਾ ਜੋਹੜ ਵਿਖੇ ਸਲਾਨਾ ਜੋੜ ਮੇਲਾ ਬੁੱਢਾ ਨੇ ਸਰਧਾ ਭਾਵਨਾ ਨਾਲ ਮਨਾਇਆ

- ਧਾਰਮਿਕ ਸਖਸ਼ੀਅਤਾਂ ਦਾ ਬਾਬਾ ਬਲਬੀਰ ਸਿੰਘ ਵੱਲੋਂ ਸਨਮਾਨ
- ਗਿਆਨੀ ਹਰਪ੍ਰੀਤ ਸਿੰਘ, ਗਿਆਨੀ ਸੁਲਤਾਨ ਸਿੰਘ, ਮਹੰਤ ਕਰਮਜੀਤ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕੀਤਾ

ਗਿਆਨੀ ਹਰਪ੍ਰੀਤ ਸਿੰਘ, ਗਿਆਨੀ ਸੁਲਤਾਨ ਸਿੰਘ, ਨਿਹੰਗ ਮੁਖੀ ਬਾਬਾ ਬਲਬੀਰ ਸਿੰਘ, ਮਹੰਤ ਕਰਮਜੀਤ ਸਿੰਘ ਅਤੇ ਸ. ਤੇਜਿੰਦਰ ਪਾਲ ਸਿੰਘ ਟਿੰਮਾ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ।

ਦਮਦਮਾ ਸਾਹਿਬ/ਤਲਵੰਡੀ ਸਾਬੋ : ਕੁਰਬਾਨੀ ਤੇ ਦਲੇਰੀ ਦੇ ਇਤਿਹਾਸ ਨਾਲ ਲਬਰੇਜ਼ ਧਰਤੀ ਬੁੱਢਾ ਜੋਹੜ ਵਿਖੇ ਭਾਈ ਸੁੱਖਾ ਸਿੰਘ ਮਹਿਤਾਬ ਸਿੰਘ ਦਾ ਸਲਾਨਾ ਸ਼ਹੀਦੀ ਜੋੜ ਮੇਲਾ ਸਰਧਾ ਭਾਵਨਾ ਨਾਲ ਬੁੱਢਾ ਦਲ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਸੰਗਤਾਂ ਦੇ ਜੁੜੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਦਮਦਮਾ ਸਾਹਿਬ ਨੇ ਕਿਹਾ ਇਤਿਹਾਸ ਨੂੰ ਮੋੜਾ ਦੇਣ ਵਿੱਚ ਖਾਲਸਾ ਪੰਥ ਬੁੱਢਾ ਦਲ ਉਦੋਂ ਅੱਗੇ ਆਇਆ ਸੀ, ਜਦੋਂ ਭਾਰਤ ਨੂੰ ਲੁੱਟਣ ਵਾਲੇ ਨਿਤ ਹਮਲੇ ਕਰਦੇ ਸਨ ਤੇ ਏਥੋਂ ਬਹੂ ਬੇਟੀਆਂ ਨੂੰ ਗੁਲਾਮ ਬਣਾ ਕੇ ਗਜ਼ਨਵੀਂ ਬਜ਼ਾਰਾਂ ਵਿੱਚ ਟਕੇ ਟਕੇ ਵੇਚਿਆ ਜਾਂਦਾ ਸੀ ਉਸ ਸਮੇਂ ਵੀ ਬੁੱਢਾ ਦਲ ਨੇ ਅਨੇਕਾਂ ਕੁਰਬਾਨੀਆਂ ਦੇ ਕੇ ਹਮਲਾਵਰਾਂ ਦਾ ਸਦਾ ਲਈ ਰਸਤਾ ਬੰਦ ਕੀਤਾ। ਉਨ੍ਹਾਂ ਕਿਹਾ ਅੱਜ ਬੇਇਤਫਾਕੀ ਬੇਵਿਸਵਾਸੀ ਕਾਰਨ ਕੌਮ ਦਾ ਵੱਡਾ ਨੁਕਸਾਨ ਹੋ ਰਿਹਾ ਹੈ ਭਰਾ ਮਾਰੂ ਜੰ ਜ਼ੋਰ ਪੜ ਰਹੀ ਹੈ ਜੋ ਬਹੁਤ ਚਿੰਤਾ ਦਾ ਵਿਸ਼ਾ ਹੈ।

ਇਸ ਤੋਂ ਪਹਿਲਾਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੰਜਰੀ ਨਚਾਉਣ ਵਾਲੇ ਮਸੇ ਰੰਗੜ ਦਾ ਸਿਰ ਕਲਮ ਕਰਨ ਵਾਲੇ ਬੁੱਢਾ ਦਲ ਦੇ ਹੀ ਸੂਰਮੇ ਸਿੰਘ ਸਨ। ਜਿਨ੍ਹਾਂ ਨੇ ਇਤਿਹਾਸ ਵਿੱਚ ਕੀਰਤੀਮਾਨ ਸਥਾਪਤ ਕੀਤੇ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਉਨ੍ਹਾਂ ਯਾਦਗਾਰੀ ਸਥਾਨਾਂ ਤੇ ਮਨਾਉਣੇ ਚੰਗੇ ਵਾਰਸਾਂ ਦੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਅੱਜ ਪੰਜਾਬ ਰਾਜਿਸਥਾਨ ਵਿੱਚ ਨਸ਼ਿਆਂ ਦੀ ਵਿਕਰੀ ਤੇ ਵਰਤੋਂ ਨੇ ਨੌਜਵਾਨੀ ਨੂੰ ਨਾ ਸਹਿਣ ਵਾਲੀ ਤਬਾਹੀ ਵੱਲ ਤੋਰ ਦਿੱਤਾ ਹੈ ਸਰਕਾਰਾਂ ਅਵੇਸਲੀਆਂ ਦਿਸ ਰਹੀਆਂ ਹਨ। ਨਸ਼ੇ ਨੂੰ ਬੰਦ ਕਰਨ ਦਾ ਪ੍ਰਚਾਰ ਰੋਲਾਰੱਪਾ ਜ਼ਿਆਦਾ ਹੈ ਪਰ ਅਸਲ ਵਿੱਚ ਰੋਕਥਾਮ ਲਈ ਜਤਨ ਨਾ ਬਰਾਬਰ ਹਨ। ਉਨ੍ਹਾਂ ਭਾਵਕਤਾ ਭਰੇ ਲਹਿਜੇ ਵਿੱਚ ਨੌਜਵਾਨੀ ਨੂੰ ਅਪੀਲ ਕਰਦਿਆ ਕਿਹਾ ਕਿ ਉਹ ਆਪਣੇ ਨਰੋਏ ਸਰੀਰਾਂ ਨੂੰ ਸਾਂਭਣ ਅਤੇ ਸੁਰਬੀਰ ਬਹਾਦਰ ਨਾਇਕਾਂ ਨੂੰ ਅਪਣਾ ਰੋਲ ਮਾਡਲ ਬਨਾਉਣ। ਗੁਰੂ ਪਾਤਸ਼ਾਹ ਦੇ ਅਦੇਸ਼ਾਂ, ਉਪਦੇਸ਼ਾਂ ਵੱਲ ਪਿੱਠ ਨਾ ਕਰਨ। ਉਨਾਂ ?ਹ ਕਿਹਾ ਉਸ ਧਰਤੀ ਤੇ ਅੱਜ ਮੇਲਾ ਮਨਾ ਰਹੇ ਹਾਂ ਜਿਸ ਦੇ ਕਣ ਕਣ ਵਿੱਚ ਭਗਤੀ ਸ਼ਕਤੀ ਦਾ ਬੀਜ਼ ਹੈ। ਅਣਖ-ਦਲੇਰੀ ਤੇ ਦਸ਼ਮਣ ਨੰ ਸੌਧਣ ਵਾਲੀ ਸ਼ਕਤੀ ਸਮੋਈ ਹੋਈ ਹੈ।

ਇਸ ਤੋਂ ਪਹਿਲਾਂ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ, ਮਹੰਤ ਕਰਮਜੀਤ ਸਿੰਘ ਮੁਖੀ ਸੇਵਾ ਪੰਥੀ ਸੰਪਰਦਾ ਯਮਨਾਨਗਰ ਸਾਬਕਾ ਪ੍ਰਧਾਨ ਹਰਿਆਣਾ ਗੁ:ਪ੍ਰ:ਕਮੇਟੀ, ਸ. ਤੇਜਿੰਦਰ ਪਾਲ ਸਿੰਘ ਟਿੰਮਾ ਗੰਗਾਨਗਰ ਫੈਡਰੇਸ਼ਨ ਆਗੂ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਭਾਈ ਸੁਖਜੀਤ ਸਿੰਘ ਕਨੱਇਆ ਨੇ ਕਥਾ ਕਰਦਿਆਂ ਕਿਹਾ ਜੋ ਗਾਥਾ ਬਾਬਾ ਸੁੱਖਾ ਸਿੰਘ, ਬਾਬਾ ਮਹਿਤਾਬ ਸਿੰਘ ਲਿਖ ਗਏ ਹਨ ਉਸ ਦੇ ਵਾਰਸ ਬਨਣ ਵਾਸਤੇ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਤੇ ਉਸ ਵਿਰਾਸਤ ਦੇ ਮਾਲਕ ਅਖਵਾਉਣ ਲਈ ਧਰਮੀ ਬਨਣਾ ਚਾਹੀਦਾ ਹੈ। ਇਸ ਮੌਕੇ ਗਿਆਨੀ ਪ੍ਰਿਤਪਾਲ ਸਿੰਘ ਮੁਖ ਗ੍ਰੰਥੀ ਗੁਰਦੁਆਰਾ ਸ੍ਰੀ ਦੂੱਖ ਨਿਵਾਰਨ ਸਾਹਿਬ ਪਟਿਆਲਾ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਮਨਮੋਹਣ ਸਿੰਘ ਬਾਰਨਵਾਲਿਆ, ਬਾਬਾ ਲਖਵਿੰਦਰ ਸਿੰਘ ਪਾਰਸ ਢਾਡੀ ਜਥੇ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸ਼ ?ਰੋਮਣੀ ਕਮੇਟੀ ਮੈਂਬਰ ਸ. ਜਗਸ਼ੀਰ ਸਿੰਘ ਮਾਂਗੇਆਣਾ, ਬਾਬਾ ਮਹਿੰਦਰ ਸਿੰਘ 71 ਆਰ.ਬੀ, ਬਾਬਾ ਜੋਗਾ ਸਿੰਘ ਹਨੂੰਮਾਨਗੜ੍ਹ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਸੁਖਵਿੰਦਰ ਸਿੰਘ ਮੋਰ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਸ. ਪਰਮਜੀਤ ਸਿੰਘ ਰੰਧਾਵਾ, ਬਾਬਾ ਰਣਜੋਧ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਮਲੂਕ ਸਿੰਘ, ਬਾਬਾ ਸ਼ੇਰ ਸਿੰਘ ਕੋਟਈਸੇ ਖਾਂ, ਬਾਬਾ ਗੁਰਮੁਖ ਸਿੰਘ, ਬਾਬਾ ਭੁਪਿੰਦਰ ਸਿੰਘ , ਬਾਬਾ ਵੱਸਣ ਸਿੰਘ ਘਣੀਕੇ ਬਾਂਗਰ, ਬਾਬਾ ਸਰਵਣ ਸਿੰਘ ਮਝੈਲ ਲੱਖੀ ਜੰਗਲ, ਬਾਬਾ ਸਤਨਾਮ ਸਿੰਘ ਮਠਿਆਈਸਰ, ਬਾਬਾ ਗਿਆਨੀ ਮਹਿਤਾਬ ਸਿੰਘ, ਬਾਬਾ ਲੱਖਾ ਸਿੰਘ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਕੁਲਵਿੰਦਰ ਸਿੰਘ, ਬਾਬਾ ਬਘੇਲ ਸਿੰਘ, ਬਾਬਾ ਪਰਮਜੀਤ ਸਿੰਘ, ਬਾਬਾ ਬਲਵਿੰਦਰ ਸਿੰਘ ਮੁਖੀ ਤਰਨਾ ਦਲ ਮਹਿਤਾ ਚੌਂਕ, ਭਜੰਗੀ ਬਾਬਾ ਗਗਨਦੀਪ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਨਿਹੰਗ ਬਾਬਾ ਸੁੱਖਾ ਸਿੰਘ, ਬਾਬਾ ਮਹਿਤਾਬ ਸਿੰਘ ਦਾ ਸਲਾਨਾ ਜੋੜ ਮੇਲਾ

ਨੌਜਵਾਨ ਸ਼ਹੀਦ ਸਿੰਘਾਂ ਦੇ ਜੀਵਨ ਤੋਂ ਸੇਧ ਲੈਣ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ

ਤਲਵੰਡੀ ਸਾਬੋ : ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਸ਼ਹੀਦ ਨਿਹੰਗ ਬਾਬਾ ਸੁੱਖਾ ਸਿੰਘ ਮਾੜੀ ਕੰਬੋਕੀ, ਨਿਹੰਗ ਬਾਬਾ ਮਹਿਤਾਬ ਸਿੰਘ ਮੀਰਾਂਕੋਟ ਦੀ ਯਾਦ ਵਿੱਚ ਸਲਾਨਾ ਜੋੜ ਮੇਲਾ ਗੁਰਦੁਆਰਾ ਛਾਉਣੀ ਨਿਹੰਗ ਸਿੰਘਾਂ ਹਨੂੰਮਾਨਗੜ੍ਹ ਟਾਊਨ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਸ਼ਹੀਦਾਂ ਦੇ ਅਸਥਾਨਪੁਰ ਸੰਗਤਾਂ ਨੇ ਹੁੰਮ-ਹੁਮਾ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਹਾਜ਼ਰੀ ਲਵਾਈ ਤੇ ਅਰਦਾਸੇ ਕੀਤੇ। ਸੈਂਕੜੇ ਪ੍ਰਾਣੀਆਂ ਨੇ ਅੰਮ੍ਰਿਤ ਛੱਕ ਕੇ ਸਿੰਘ ਸਜੇ। ਇਸ ਮੌਕੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੇ ਸ੍ਰੀ ਹਰਿਮੰਦਰ ਸਾਹਿਬ ਮੱਸੇ ਰੰਗੜ ਨੇ ਜੋ ਉਭੱਦਰ ਕੁਕਰਮ ਕਾਰਾ ਕੀਤਾ ਸੀ। ਉਸ ਦੀ ਖਬਰ ਬੁੱਢਾ ਦਲ ਦੇ ਮੁਖੀ ਬਾਬਾ ਜੱਸਾ ਸਿੰਘ ਆਹਲੂਵਾਲੀਆਂ ਨੂੰ ਪੁਜੀ, ਤੇ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ ਤੇ ਸਿੰਘਾਂ ਨੇ ਗੁਰਮਤਾ ਕਰਕੇ ਬਦਲਾ ਲੈਣ ਲਈ ਬੁੱਢਾ ਜੋਹੜ ਰਾਜਸਥਾਨ ਤੋਂ ਹੀ ਅੰਮ੍ਰਿਤਸਰ ਸਾਹਿਬ ਲਈ ਨਿਹੰਗ ਬਾਬਾ ਸੁੱਖਾ ਸਿੰਘ ਮਾੜੀ ਕੰਬੋਕੀ ਅਤੇ ਨਿਹੰਗ ਬਾਬਾ ਮਹਿਤਾਬ ਸਿੰਘ ਮੀਰਾਂਕੋਟ ਨੂੰ ਭੇਜਿਆ ਸੀ। ਜੋ ਮੱਸੇ ਰੰਗੜ ਦਾ ਸਿਰ ਵੱਡ ਕੇ ਨੇਜਿਆ ਤੇ ਟੰਗ ਕੇ ਸਿੰਘਾਂ ਨੇ ਆਪਣੇ ਬੋਲ ਪੁਗਾਏ। ਗੁਰੂਘਰ ਦੀ ਅਜਮਤ ਦਾ ਪਰਚਮ ਮੁੜ ਲਹਿਰਾਇਆ। ਉਨ੍ਹਾਂ ਆਪਣੇ ਸੰਬੋਧਨ ਚ ਕਿਹਾ ਅੱਜ ਦੀ ਨੌਜਵਾਨੀ ਨੂੰ ਬਾਬਾ ਸੁੱਖਾ ਸਿੰਘ, ਮਹਿਤਾਬ ਸਿੰਘ ਵਰਗੇ ਧਰਮੀ ਬਨਣ ਦੀ ਲੋੜ ਹੈ। ਉਨ੍ਹਾਂ ਹੋਰ ਕਿਹਾ ਕਿ ਅੱਜ ਦੇ ਹਾਲਾਤ ਬਹੁਤ ਪੇਤਲੇ ਦੁਖਦਾਇਕ ਤੇ ਨਮੋਸ਼ੀ ਵਾਲੇ ਹਨ ਉਨ੍ਹਾਂ ਕਿਹਾ ਜਿਸ ਕੌਮ ਦਾ ਏਡਾ ਸ਼ਾਨਾਮੱਤਾ ਇਤਿਹਾਸ ਹੋਵੇ ਦੁਨੀਆਂ ਨੂੰ ਅਗਵਾਈ ਬਖਸ਼ਿਸ਼ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੋਏ, ਧਾਰਮਿਕ ਕੇਂਦਰੀ ਅਸਥਾਨ ਹੋਣ ਉਸ ਦੀ ਜੁਆਨੀ ਗੁੰਮਰਾਹ ਹੋਈ ਨਸ਼ਿਆ ਚ ਗੁਲਤਾਨ ਹੋ ਜਾਵੇ ਇਸ ਤੋਂ ਵੱਡੀ ਬਦਕਿਸਮਤੀ ਕੀ ਹੋ ਸਕਦੀ ਹੈ। ਇਸ ਦਾ ਮਤਲਬ ਹੈ ਅਸੀਂ ਇਤਿਹਾਸ ਤੇ ਧਰਮ ਨੂੰ ਪਿਠ ਦੇਈ ਖੜੇ ਹਾਂ ਤੇ ਗੁਰੂ ਦੇ ਇਲਾਹੀ ਹੁਕਮ ਤੋਂ ਦੂਰ ਹਾਂ।ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਸਾਡਾ ਸਮਾਜ ਤੇ ਮਾਪੇ ਘਰਾਂ ਦਾ ਮੌਹਲ ਸਿਰਜਨ ਵਿਚ ਵੱਡੀ ਭੂਮਿਕਾ ਨਿਭਾ ਸਕਦੇ ਹਨ ਉਹ ਆਪਣਾ ਜੀਵਨ ਧਰਮ-ਮਾਈ ਬਨਾਉਣ। ਅਧੂਨਿਕਤਾ ਨੇ ਤਕਨੀਕ, ਮਸ਼ੀਨ, ਸਹੂਲਤਾਂ ਦਿਤੀਆਂ ਹਨ ਪਰ ਉਨ੍ਹਾਂ ਦਾ ਸਦਉਪਯੋਗ ਨਹੀਂ ਹੋ ਰਿਹਾ ਹੈ। ਸ਼ਹੀਦਾਂ ਦੇ ਜੀਵਨ ਤੋਂ ਸਬਕ ਸਿੱਖਣ ਤੇ ਉਸ ਤੇ ਚਲਣ ਦੀ ਲੋੜ ਹੈ।

ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ।

ਭਾਈ ਸੁਖਜੀਤ ਸਿੰਘ ਕਨੱਇਆ ਨੇ ਜਥਾ ਕਰਦਿਆਂ ਕਿਹਾ ਜੋ ਗਾਥਾ ਬਾਬਾ ਸੁੱਖਾ ਸਿੰਘ, ਬਾਬਾ ਮਹਿਤਾਬ ਸਿੰਘ ਲਿਖ ਗਏ ਹਨ ਉਸ ਦੇ ਵਾਰਸ ਬਨਣ ਵਾਸਤੇ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਤੇ ਉਸ ਵਿਰਾਸਤ ਦੇ ਮਾਲਕ ਅਖਵਾਉਣ ਲਈ ਧਰਮੀ ਬਨਣਾ ਚਾਹੀਦਾ ਹੈ। ਇਸ ਮੌਕੇ ਗਿਆਨੀ ਪ੍ਰਿਤਪਾਲ ਸਿੰਘ ਮੁਖ ਗ੍ਰੰਥੀ ਗੁਰਦੁਆਰਾ ਸ੍ਰੀ ਦੂੱਖ ਨਿਵਾਰਨ ਸਾਹਿਬ ਪਟਿਆਲਾ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਗਿਆਨੀ ਸ਼ੇਰ ਸਿੰਘ ਅੰਬਾਲਾ, ਬਾਬਾ ਮਨਮੋਹਣ ਸਿੰਘ ਬਾਰਨਵਾਲਿਆ, ਬਾਬਾ ਲਖਵਿੰਦਰ ਸਿੰਘ ਪਾਰਸ ਢਾਡੀ ਜਥੇ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸ਼ ?ਰੋਮਣੀ ਕਮੇਟੀ ਮੈਂਬਰ ਸ. ਜਗਸ਼ੀਰ ਸਿੰਘ ਮਾਂਗੇਆਣਾ, ਬਾਬਾ ਮਹਿੰਦਰ ਸਿੰਘ 71 ਆਰ.ਬੀ, ਬਾਬਾ ਜੋਗਾ ਸਿੰਘ ਹਨੂੰਮਾਨਗੜ੍ਹ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਸੁਖਵਿੰਦਰ ਸਿੰਘ ਮੋਰ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਰਣਜੋਧ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਮਲੂਕ ਸਿੰਘ, ਬਾਬਾ ਸ਼ੇਰ ਸਿੰਘ ਕੋਟਈਸੇ ਖਾਂ, ਬਾਬਾ ਗੁਰਮੁਖ ਸਿੰਘ, ਬਾਬਾ ਭੁਪਿੰਦਰ ਸਿੰਘ , ਬਾਬਾ ਵੱਸਣ ਸਿੰਘ ਘਣੀਕੇ ਬਾਂਗਰ, ਬਾਬਾ ਸਰਵਣ ਸਿੰਘ ਮਝੈਲ ਲੱਖੀ ਜੰਗਲ, ਬਾਬਾ ਸਤਨਾਮ ਸਿੰਘ ਮਠਿਆਈਸਰ, ਬਾਬਾ ਗਿਆਨੀ ਮਹਿਤਾਬ ਸਿੰਘ, ਬਾਬਾ ਲੱਖਾ ਸਿੰਘ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਕੁਲਵਿੰਦਰ ਸਿੰਘ, ਬਾਬਾ ਬਘੇਲ ਸਿੰਘ, ਬਾਬਾ ਪਰਮਜੀਤ ਸਿੰਘ, ਬਾਬਾ ਬਲਵਿੰਦਰ ਸਿੰਘ ਮੁਖੀ ਤਰਨਾ ਦਲ ਮਹਿਤਾ ਚੌਂਕ, ਭਜੰਗੀ ਬਾਬਾ ਗਗਨਦੀਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਖਜ਼ਾਨਾ ਖਾਲੀ ਦੱਸ ਕੇ ਨੌਜਵਾਨਾਂ ਦਾ ਮਨੋਬਲ ਤੋੜਿਆ: ਭਗਵੰਤ ਮਾਨ

ਮੁੱਖ ਮੰਤਰੀ ਨੇ 249 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੈਕਟਰ-35 ਸਥਿਤ ਮਿਉਂਸਿਪਲ ਭਵਨ 'ਚ ਵੱਖ-ਵੱਖ ਵਿਭਾਗਾਂ ਦੇ 249 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ। ਇਨ੍ਹਾਂ ਵਿੱਚ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ 191, ਪਸ਼ੂ ਪਾਲਣ ਵਿਭਾਗ ਦੇ 25, ਸਹਿਕਾਰਤਾ ਦੇ 24 ਤੇ ਤਕਨੀਕੀ ਸਿੱਖਿਆ ਵਿਭਾਗ ਦੇ 9 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ। ਸ੍ਰੀ ਮਾਨ ਨੇ ਕਿਹਾ ਕਿ 'ਆਪ' ਸਰਕਾਰ ਨੇ 18 ਮਹੀਨਿਆਂ ਦੇ ਕਾਰਜਕਾਲ ਵਿੱਚ ਸੂਬੇ ਦੇ 36,097 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ, ਜਦਕਿ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਆਪਣੇ ਕਾਰਜਕਾਲ ਦੇ ਸ਼ੁਰੂਆਤੀ ਮਹੀਨਿਆਂ 'ਚ ਨੌਜਵਾਨਾਂ ਨੂੰ ਏਨੀ ਵੱਡੀ ਗਿਣਤੀ 'ਚ ਨੌਕਰੀਆਂ ਨਹੀਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਹ ਭਰਤੀ ਨਿਰੋਲ ਮੈਰਿਟ ਦੇ ਆਧਾਰ ਤੇ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਪਿਛਲੇ 'ਕਪਤਾਨਾਂ' ਦੀ ਮਾੜੀ ਕਾਰਗੁਜ਼ਾਰੀ ਕਰਕੇ ਸੂਬੇ ਦੇ ਨੌਜਵਾਨਾਂ 'ਚ ਵਿਦੇਸ਼ ਜਾਣ ਦਾ ਰੁਝਾਨ ਪੈਦਾ ਹੋਇਆ ਹੈ। ਸੂਬੇ ਦੇ ਇਕ ਸਾਬਕਾ ਵਿੱਤ ਮੰਤਰੀ ਨੇ ਨੌਂ ਸਾਲਾਂ ਤੱਕ ਸਰਕਾਰੀ ਖ਼ਜ਼ਾਨਾ ਖਾਲੀ ਹੋਣ ਦੀ ਬਿਆਨਬਾਜ਼ੀ ਕਰਕੇ ਪੰਜਾਬ ਦੇ ਨੌਜਵਾਨਾਂ ਦਾ ਮਨੋਬਲ ਤੋੜਿਆ। ਹੁਣ ਸੂਬਾ ਸਰਕਾਰ ਪੰਜਾਬ ਦੇ ਨੌਜਵਾਨਾਂ ਨੂੰ ਹਰ ਲੰਘੇ ਦਿਨ ਨੌਕਰੀਆਂ ਦੇ ਰਹੀ ਹੈ। ਸੂਬਾ ਸਰਕਾਰ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਸਿਖਲਾਈ ਦੇਣ ਲਈ ਆਹਲਾ ਦਰਜੇ ਦੇ ਅੱਠ ਸਿਖਲਾਈ ਸੈਂਟਰ ਖੋਲ੍ਹ ਰਹੀ ਹੈ।

ਸ੍ਰੀ ਮਾਨ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਪੱਧਰ ਨੂੰ ਉਚਾ ਚੁੱਕਣ ਲਈ ਅਧਿਆਪਕਾਂ ਨੂੰ ਵਿਦੇਸ਼ਾਂ ਤੇ ਹੋਰ ਥਾਵਾਂ 'ਤੇ ਸਿਖਲਾਈ ਲਈ ਭੇਜਣ ਨੂੰ ਯਕੀਨੀ ਬਣਾਉਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰਨਾਂ ਸਕੂਲਾਂ ਨੂੰ ਹਾਈਟੈਕ ਕੀਤਾ ਜਾਵੇਗਾ।

ਅਰਥਚਾਰੇ 'ਚ ਤਰੱਕੀ ਦੇ ਮਾਪਦੰਡਾਂ ਬਾਰੇ ਸਵਾਲ

ਅਰਥਚਾਰੇ ਦੇ ਆਕਾਰ ਦੇ ਹਿਸਾਬ ਜੇ ਭਾਰਤ ਪੰਜਵੇਂ ਦਰਜੇ 'ਤੇ ਹੈ, ਆਉਣ ਵਾਲੇ ਸਮੇਂ ਵਿਚ ਉਮੀਦ ਕੀਤੀ ਜਾਂਦੀ ਹੈ ਕਿ ਇਹ ਸ਼ਾਇਦ ਤੀਸਰੇ ਦਰਜੇ 'ਤੇ ਆ ਜਾਵੇ ਪਰ ਇਸ ਦੇ ਬਾਵਜੂਦ ਭਾਰਤ ਵਿਚ ਆਮ ਮੰਦਹਾਲੀ ਹੈ। ਇਸ ਦੀ ਵੱਡੀ ਵਜ੍ਹਾ ਇਥੋਂ ਦੀ ਆਮਦਨ ਅਤੇ ਇਸ ਦੇ ਧਨ ਦੀ ਨਾ-ਬਰਾਬਰੀ ਹੈ।



-ਡਾ. ਸ. ਸ. ਛੀਨਾ

ਭਾਰਤ ਭਾਵੇਂ 5 ਟ੍ਰਿਲੀਅਨ ਡਾਲਰ (ਪੰਜ ਲੱਖ ਕਰੋੜ ਡਾਲਰ) ਵਾਲਾ ਅਰਥਚਾਰਾ ਤਾਂ ਨਹੀਂ ਬਣ ਸਕਿਆ ਪਰ ਪਿਛਲੇ ਸਾਲ ਇੰਗਲੈਂਡ ਨੂੰ ਪਛਾੜ ਕੇ ਦੁਨੀਆ ਦਾ ਪੰਜਵਾਂ ਅਰਥਚਾਰਾ ਜ਼ਰੂਰ ਬਣ ਗਿਆ ਹੈ। ਅਰਥਚਾਰੇ ਦੇ ਆਕਾਰ ਨੂੰ ਉਸ ਦੇਸ਼ ਵਿਚ ਇਕ ਸਾਲ ਵਿਚ ਪੈਦਾ ਹੋਣ ਵਾਲੀਆਂ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ (ਜੀਡੀਪੀ) ਦੇ ਆਧਾਰ 'ਤੇ ਮਾਪਿਆ ਜਾਂਦਾ ਹੈ। ਇਹ ਵਸਤੂਆਂ ਅਤੇ ਸੇਵਾਵਾਂ ਦੇਸ਼ ਦੀ ਵਸੋਂ ਵੱਲੋਂ ਪੈਦਾ ਕੀਤੀਆਂ ਜਾਂਦੀਆਂ ਹਨ। ਜੇ ਭਾਰਤ ਵਸੋਂ ਦੇ ਆਕਾਰ ਵਿਚ ਪਹਿਲੇ ਨੰਬਰ 'ਤੇ ਪਹੁੰਚ ਗਿਆ ਹੈ ਤਾਂ ਉਸ ਹਿਸਾਬ ਜੇ ਇਸ ਦੀ ਵਸੋਂ ਵੱਲੋਂ ਪੂਰਾ ਉਤਪਾਦਨ ਕੀਤਾ ਜਾ ਰਿਹਾ ਹੋਵੇ ਤਾਂ ਭਾਰਤ ਪਹਿਲੇ ਨੰਬਰ ਦਾ ਅਰਥਚਾਰਾ ਹੋਣਾ ਚਾਹੀਦਾ ਹੈ। ਜੇ ਭਾਰਤ ਦੀ ਵਸੋਂ ਦੁਨੀਆ ਦੀ ਵਸੋਂ ਦਾ 17.6 ਫੀਸਦੀ ਹੈ ਤਾਂ ਜੀਡੀਪੀ 17.6 ਦੇ ਬਰਾਬਰ ਹੋਣਾ ਚਾਹੀਦਾ ਹੈ ਪਰ ਉਹ ਸਿਰਫ਼ 3.5 ਫੀਸਦੀ ਹੈ ਜਿਹੜੀ 2014 ਵਿਚ ਸਿਰਫ਼ 2.6 ਫੀਸਦੀ ਸੀ।

ਕੀ ਪੰਜਵਾਂ ਵੱਡਾ ਅਰਥਚਾਰਾ ਹੋਣ ਕਰ ਕੇ ਭਾਰਤ ਦੇ ਆਮ ਵਿਅਕਤੀ ਵੀ ਪੰਜਵੇਂ ਦਰਜੇ ਵਾਲੀ ਖੁਸ਼ਹਾਲੀ ਮਾਣ ਰਹੇ ਹਨ? ਇਸ ਪ੍ਰਸ਼ਨ ਦਾ ਉੱਤਰ ਹੈ ਕਿ ਬਿਲਕੁਲ ਨਹੀਂ ਸਗੋਂ ਦੁਨੀਆ ਵਿਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਸਭ ਤੋਂ ਜਿ?ਆਦਾ ਗਿਣਤੀ 22 ਫੀਸਦੀ ਜਾਂ ਤਕਰੀਬਨ 30 ਕਰੋੜ ਭਾਰਤ ਵਿਚ ਹਨ। ਦੁਨੀਆ ਵਿਚ ਸਭ ਤੋਂ ਵੱਧ ਬੇਰੁਜ਼ਗਾਰਾਂ ਦੀ ਗਿਣਤੀ ਵੀ 7 ਫੀਸਦੀ ਦੇ ਕਰੀਬ ਇਥੇ ਹੈ ਅਤੇ ਫਿਰ ਦੇਸ਼ ਦੇ 3 ਕਰੋੜ ਬੱਚੇ ਬਾਲ ਮਜ਼ਦੂਰੀ ਕਰਨ ਲਈ ਮਜਬੂਰ ਹਨ। ਥੁੜ੍ਹਾਂ ਤੇ ਆਰਥਿਕ ਮੰਦਹਾਲੀ ਆਮ ਹੀ ਨਜ਼ਰ ਆ ਜਾਂਦੀ ਹੈ। ਭਾਰਤ ਭਾਵੇਂ ਪੰਜਵਾਂ ਵੱਡਾ ਆਰਥਚਾਰਾ ਬਣ ਗਿਆ ਹੈ ਪਰ ਇਸ ਦਾ ਆਕਾਰ ਅਮਰੀਕਾ, ਜਰਮਨੀ, ਜਪਾਨ ਅਤੇ ਚੀਨ ਦੇ ਅਰਥਚਾਰੇ ਤੋਂ ਅਜੇ ਵੀ ਬਹੁਤ ਪਿੱਛੇ ਹੈ।

ਅਮਰੀਕਾ ਦਾ ਜੀਡੀਪੀ 26.85 ਖਰਬ ਡਾਲਰ ਹੈ ਜਦੋਂਕਿ ਭਾਰਤ ਦਾ ਇਸ ਤੋਂ 7ਵੇਂ ਹਿੱਸੇ ਦੇ ਬਰਾਬਰ 3.74 ਅਰਬ ਡਾਲਰ ਹੈ। ਇੰਨੇ ਹੀ ਵਸੋਂ ਵਾਲੇ ਅਕਾਰ ਵਾਲੇ ਦੇਸ਼ ਚੀਨ ਦਾ ਜੀਡੀਪੀ ਵੀ 19.37 ਖਰਬ ਡਾਲਰ ਹੈ ਜਿਹੜਾ ਦੂਸਰੇ ਨੰਬਰ 'ਤੇ ਹੈ। ਜਪਾਨ ਅਤੇ ਜਰਮਨੀ ਦੀ ਵਸੋਂ ਭਾਵੇਂ ਕਿੰਨੀ ਘੱਟ ਹੈ, ਉਨ੍ਹਾਂ ਦਾ ਜੀਡੀਪੀ ਵੀ 4.41 ਖਰਬ ਡਾਲਰ ਅਤੇ 4.31 ਖਰਬ ਡਾਲਰ ਹੈ।

ਖੁਸ਼ਹਾਲੀ ਮਾਪਣ ਲਈ ਪ੍ਰਤੀ ਵਿਅਕਤੀ ਆਮਦਨ ਨੂੰ ਵੀ ਪੈਮਾਨਾ ਮੰਨਿਆ ਜਾਂਦਾ ਹੈ। ਉਸ ਹਿਸਾਬ ਭਾਰਤ ਕਿਤੇ ਪਿੱਛੇ ਹੈ। ਉਂਝ ਵੀ ਪ੍ਰਤੀ ਵਿਅਕਤੀ ਆਮਦਨ ਕਿਸੇ ਦੇਸ਼ ਦੀ ਆਮ ਖੁਸ਼ਹਾਲੀ ਦੀ ਸਹੀ ਤਸਵੀਰ ਨਹੀਂ ਦੱਸਦੀ ਕਿਉਂ ਜੋ ਭਾਰਤ ਵਿਚ ਕਈ ਉਹ ਅਮੀਰ ਘਰਾਣੇ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ ਸੈਂਕੜੇ ਕਰੋੜ ਰੁਪਏ ਹੈ ਪਰ ਜ਼ਿਆਦਾ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਦੀ ਔਸਤ ਆਮਦਨ 10 ਹਜ਼ਾਰ ਰੁਪਏ ਤੋਂ ਵੀ ਘੱਟ ਹੈ। ਇਕ ਤਰਫ 3 ਲੱਖ ਰੁਪਏ ਤਨਖਾਹ ਲੈਣ ਵਾਲੇ ਅਤੇ ਦੂਸਰੀ ਤਰਫ 6 ਹਜ਼ਾਰ ਤਨਖਾਹ ਲੈਣ ਵਾਲੇ। ਫਿਰ ਵੀ ਜੇ ਵੱਖ ਵੱਖ ਦੇਸ਼ਾਂ ਦੀ ਪ੍ਰਤੀ ਵਿਅਕਤੀ ਆਮਦਨ ਦੀ ਤਸਵੀਰ 'ਤੇ ਨਜ਼ਰ ਮਾਰੀ ਜਾਵੇ ਤਾਂ ਇਹ ਪਤਾ ਲੱਗਦਾ ਹੈ ਕਿ ਭਾਰਤ ਭਾਵੇਂ ਪੰਜਵੇਂ ਨੰਬਰ ਦਾ ਅਰਥਚਾਰਾ ਬਣ ਗਿਆ ਹੈ ਪਰ ਇਸ ਦੀ ਪ੍ਰਤੀ ਵਿਅਕਤੀ ਆਮਦਨ ਅਮਰੀਕਾ ਦੀ ਪ੍ਰਤੀ ਵਿਅਕਤੀ ਆਮਦਨ ਤੋਂ 30 ਗੁਣਾਂ ਤੋਂ ਵੀ ਜ਼ਿਆਦਾ ਘਟ ਹੈ; ਇਥੋਂ ਤਕ ਕਿ ਆਸਟਰੇਲੀਆ ਜਿਹੜੇ ਪਹਿਲੇ 8 ਦੇਸ਼ਾਂ ਵਿਚ ਵੀ ਨਹੀਂ ਆਉਂਦਾ, ਉਸ ਦੀ ਪ੍ਰਤੀ ਵਿਅਕਤੀ ਆਮਦਨ 60797 ਡਾਲਰ ਪ੍ਰਤੀ ਸਾਲ ਹੈ। ਭਾਰਤ ਵਿਚ ਇਹ ਸਿਰਫ਼ 2085 ਡਾਲਰ ਹੈ।

ਪ੍ਰਤੀ ਵਿਅਕਤੀ ਆਮਦਨ ਭਾਵੇਂ ਕਿਸੇ ਦੇਸ਼ ਦੀ ਆਮ ਖੁਸ਼ਹਾਲੀ ਦੀ ਪ੍ਰਤੀਕ ਨਹੀਂ, ਫਿਰ ਵੀ ਇਸ ਤੋਂ ਉਸ ਦੇਸ਼ ਦੇ ਆਮ ਵਿਅਕਤੀ ਦੀ ਆਰਥਿਕ ਹਾਲਤ ਅਤੇ ਉਸ ਦੇ ਰਹਿਣ ਸਹਿਣ ਦਾ ਅੰਦਾਜ਼ਾ ਹੋ ਜਾਂਦਾ ਹੈ। ਕੈਨੇਡਾ ਵਰਗਾ ਦੇਸ਼ ਜਿਹੜਾ ਅਰਥਚਾਰੇ ਦੇ ਕੁੱਲ ਆਕਾਰ ਦੇ ਹਿਸਾਬ ਭਾਰਤ ਤੋਂ ਕਿਤੇ ਪਿੱਛੇ ਹੈ, ਉਥੋਂ ਦੀ ਪ੍ਰਤੀ ਵਿਅਕਤੀ ਆਮਦਨ 54966 ਡਾਲਰ ਹੈ ਜਿਹੜੀ ਭਾਰਤ ਤੋਂ 25 ਗੁਣਾ ਤੋਂ ਵੀ ਜ਼ਿਆਦਾ ਹੈ। ਇਸੇ ਤਰ੍ਹਾਂ ਭਾਵੇਂ ਜਰਮਨੀ ਹੈ ਤਾਂ ਚੌਥੇ ਦਰਜੇ ਦਾ ਅਰਥਚਾਰਾ ਹੈ ਪਰ ਉਸ ਦੀ ਪ੍ਰਤੀ ਵਿਅਕਤੀ ਆਮਦਨ 48562 ਡਾਲਰ ਹੈ। ਚੀਨ ਜਿਸ ਦੀ ਵਸੋਂ ਭਾਰਤ ਦੇ ਤਕਰੀਬਨ ਬਰਾਬਰ ਹੈ ਅਤੇ ਅਰਥਚਾਰੇ ਦੇ ਆਕਾਰ ਦੇ ਹਿਸਾਬ ਇਹ ਦੂਸਰੇ ਦਰਜੇ 'ਤੇ ਹੈ, ਦੀ ਪ੍ਰਤੀ ਵਿਅਕਤੀ ਆਮਦਨ 11560 ਡਾਲਰ (ਭਾਰਤ ਤੋਂ 5 ਗੁਣਾ ਤੋਂ ਵੀ ਜ਼ਿਆਦਾ) ਹੈ।

ਅਰਥਚਾਰੇ ਦੇ ਆਕਾਰ ਦੇ ਹਿਸਾਬ ਜੇ ਭਾਰਤ ਪੰਜਵੇਂ ਦਰਜੇ 'ਤੇ ਹੈ, ਆਉਣ ਵਾਲੇ ਸਮੇਂ ਵਿਚ ਉਮੀਦ ਕੀਤੀ ਜਾਂਦੀ ਹੈ ਕਿ ਇਹ ਸ਼ਾਇਦ ਤੀਸਰੇ ਦਰਜੇ 'ਤੇ ਆ ਜਾਵੇ ਪਰ ਇਸ ਦੇ ਬਾਵਜੂਦ ਭਾਰਤ ਵਿਚ ਆਮ ਮੰਦਹਾਲੀ ਹੈ। ਇਸ ਦੀ ਵੱਡੀ ਵਜ੍ਹਾ ਇਥੋਂ ਦੀ ਆਮਦਨ ਅਤੇ ਇਸ ਦੇ ਧਨ ਦੀ ਨਾ-ਬਰਾਬਰੀ ਹੈ। ਔਕਸਫੈਮ ਦੀ ਰਿਪੋਰਟ ਅਨੁਸਾਰ ਇਥੋਂ ਦੀ ਇਕ ਫੀਸਦੀ ਵਸੋਂ ਕੋਲ ਦੇਸ਼ ਦੇ ਧਨ ਦਾ 40.5 ਫੀਸਦੀ ਹਿੱਸਾ ਹੈ ਅਤੇ ਹੇਠਲੇ 50 ਫੀਸਦੀ ਜਾਂ ਤਕਰੀਬਨ 70 ਕਰੋੜ ਲੋਕਾਂ ਕੋਲ ਸਿਰਫ਼ 3 ਫੀਸਦੀ ਧਨ ਹੈ। 2022 ਤਕ ਕਰੋਨਾ ਤੋਂ ਪ੍ਰਭਾਵਿਤ ਹੋ ਕੇ ਭਾਰਤ ਵਿਚ ਭੁੱਖਮਰੀ ਤੋਂ ਪ੍ਰਭਾਵਿਤ ਲੋਕਾਂ ਦੀ ਗਿਣਤੀ ਵਧ ਕੇ 35 ਕਰੋੜ ਹੋ ਗਈ ਸੀ। 2020 ਵਿਚ ਇਹ 19 ਕਰੋੜ ਸੀ। ਬਹੁਤ ਸਾਰੇ ਨੀਤੀਵਾਨਾਂ ਦਾ ਇਹ ਵਿਸ਼ਵਾਸ ਹੈ ਕਿ ਜਿੰਨਾ ਚਿਰ ਭਾਰਤ ਵਿਚ ਧਨ ਅਤੇ ਆਮਦਨ ਨਾ-ਬਰਾਬਰੀ ਰਹੇਗੀ, ਭਾਰਤ ਵਿਚ ਆਮ ਖੁਸ਼ਹਾਲੀ ਹੋ ਹੀ ਨਹੀਂ ਸਕਦੀ।

ਜਿਨ੍ਹਾਂ ਦੇਸ਼ਾਂ ਨੂੰ ਪਛਾੜ ਕੇ ਭਾਰਤ ਪੰਜਵੇਂ ਨੰਬਰ 'ਤੇ ਪਹੁੰਚਿਆ ਹੈ, ਉਨ੍ਹਾਂ ਦੇਸ਼ਾਂ ਵਿਚ ਰਹਿਣ-ਸਹਿਣ ਤੋਂ ਇਲਾਵਾ ਜੇ ਉਨ੍ਹਾਂ ਦੇਸ਼ਾਂ ਦੀ ਸਮਾਜਿਕ ਸੁਰੱਖਿਆ ਵੱਲ ਨਜ਼ਰ ਮਾਰੀਏ ਤਾਂ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਇਨ੍ਹਾਂ ਦੇਸ਼ਾਂ ਵਿਚ ਇਕ ਤਾਂ ਬੇਰੁਜ਼ਗਾਰੀ ਹੈ ਹੀ ਨਹੀਂ ਪਰ ਜੇ ਹੈ ਤਾਂ ਉਸ ਦਾ ਹੱਲ ਬੇਰੁਜ਼ਗਾਰੀ ਭੱਤਾ ਵੀ ਉਸ ਸਮੇਂ ਲਈ ਦਿੱਤਾ ਜਾਂਦਾ ਹੈ ਜਿੰਨਾ ਚਿਰ ਉਹ ਬੇਰੁਜ਼ਗਾਰ ਰਹਿੰਦੇ ਹਨ। ਬੁਢਾਪਾ ਪੈਨਸ਼ਨ ਉਨ੍ਹਾਂ ਦੇ ਰਹਿਣ-ਸਹਿਣ ਦੇ ਉੱਚੇ ਮਿਆਰ ਲਈ ਕਾਫੀ ਹੁੰਦੀ ਹੈ ਨਾ ਕਿ ਮਾਮੂਲੀ, ਟੋਕਨ ਬੁਢਾਪਾ ਪੈਨਸ਼ਨ। ਫਿਰ ਮੁਫਤ ਸਕੂਲੀ ਵਿਦਿਆ, ਮੁਫਤ ਇਲਾਜ ਅਤੇ ਸਭ ਤੋਂ ਵੱਧ, ਉਥੋਂ ਦੀ ਆਮਦਨ ਬਰਾਬਰੀ ਇਸ ਗੱਲ ਤੋਂ ਹੀ ਨਜ਼ਰ ਆ ਜਾਂਦੀ ਹੈ ਕਿ ਉਨ੍ਹਾਂ ਦੇਸ਼ਾਂ ਵਿਚ ਕੋਈ ਵੀ ਬੰਦਾ ਕਿਸੇ ਹੋਰ ਨੂੰ ਨੌਕਰ ਨਹੀਂ ਰੱਖ ਸਕਦਾ। ਇਹੋ ਵਜ੍ਹਾ ਹੈ ਕਿ ਮੰਤਰੀਆਂ ਕੋਲ ਵੀ ਡਰਾਈਵਰ ਦੀ ਸਹੂਲਤ ਕੁਝ ਹਾਲਾਤ ਵਿਚ ਹੀ ਹੈ। ਉਥੇ ਕਿਸੇ ਵੀ ਘਰ ਵਿਚ ਘਰੇਲੂ ਨੌਕਰ ਨਹੀਂ, ਬਾਲ ਮਜ਼ਦੂਰੀ ਦਾ ਨਾਂ ਨਿਸ਼ਾਨ ਨਹੀਂ। ਇਸ ਲਈ ਉਹ ਦੇਸ਼ ਭਾਵੇਂ 6ਵੇਂ, 7ਵੇਂ ਜਾਂ ਕਿਸੇ ਵੀ ਦਰਜੇ ਦੇ ਅਰਥਚਾਰੇ ਵਾਲੇ ਹੋਣ, ਉਨ੍ਹਾਂ ਦੇਸ਼ਾਂ ਵਿਚ ਆਮ ਖੁਸ਼ਹਾਲੀ ਹੈ ਜਿਹੜੀ ਭਾਰਤ ਦੇ ਪੰਜਵੇਂ ਸਥਾਨ 'ਤੇ ਪਹੁੰਚ ਕੇ ਵੀ ਅਜੇ ਕਿਤੇ ਦੂਰ ਦੀ ਗੱਲ ਜਾਪਦੀ ਹੈ।

ਭਾਰਤ ਦੀ ਸਿਰਫ਼ 2085 ਡਾਲਰ ਪ੍ਰਤੀ ਵਿਅਕਤੀ ਆਮਦਨ ਇਸ ਦੇਸ਼ ਨੂੰ ਤਕਰੀਬਨ 100ਵੇਂ ਦਰਜੇ ਦਾ ਦੇਸ਼ ਬਣਾਉਂਦੀ ਹੈ ਪਰ ਪ੍ਰਤੀ ਵਿਅਕਤੀ ਆਮਦਨ ਦੇ ਆਧਾਰ ਨੂੰ ਕਿਸੇ ਤਰ੍ਹਾਂ ਵੀ ਖੁਸ਼ਹਾਲੀ ਦਾ ਸੂਚਕ ਨਹੀਂ ਮੰਨਿਆ ਜਾ ਸਕਦਾ। 2085 ਡਾਲਰਾਂ ਦਾ ਅਰਥ ਹੈ ਕਿ ਭਾਰਤ ਵਿਚ ਹਰ ਵਿਅਕਤੀ ਦੀ ਔਸਤ ਆਮਦਨ ਤਕਰੀਬਨ 1.5 ਲੱਖ ਰੁਪਏ ਦੇ ਬਰਾਬਰ ਹੈ ਪਰ ਕੀ ਆਮ ਬੰਦੇ ਦੀ ਸਮਝ ਵਿਚ ਇਹ ਗੱਲ ਆ ਸਕਦੀ ਹੈ ਕਿ ਭਾਰਤ ਦੇ 5 ਜੀਆਂ ਵਾਲੇ ਹਰ ਪਰਿਵਾਰ ਨੂੰ ਸਾਲਾਨਾ 7.5 ਲੱਖ ਰੁਪਏ ਆਮਦਨ ਆ ਰਹੀ ਹੈ। ਅਸਲ ਵਿਚ ਭਾਰਤ ਵਿਚ ਆਮਦਨ ਦੀ ਨਾ-ਬਰਾਬਰੀ ਲਗਾਤਾਰ ਵਧਦੀ ਹੀ ਗਈ ਹੈ।

ਭਾਰਤ ਦੀ ਸੁਤੰਤਰਤਾ ਸਮੇਂ ਬਣੇ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਇਹ ਗੱਲ ਕਹੀ ਗਈ ਸੀ ਕਿ ਭਾਰਤ ਵਿਚ ਸਮਾਜਵਾਦੀ ਢਾਂਚਾ ਕਾਇਮ ਕੀਤਾ ਜਾਵੇਗਾ। ਇਸ ਦਾ ਸਪੱਸ਼ਟ ਅਰਥ ਸੀ ਕਿ ਆਮਦਨ ਬਰਾਬਰੀ ਬਣਾਈ ਜਾਵੇਗੀ। ਇਸ ਲਈ ਸ਼ੁਰੂ ਵਿਚ ਇਕ ਤਾਂ ਜ਼ਮੀਨ ਦੀ ਉਪਰਲੀ ਸੀਮਾ ਤੈਅ ਕੀਤੀ ਗਈ ਅਤੇ ਨਿੱਜੀ ਕਾਰੋਬਾਰਾਂ ਦੀ ਜਗ੍ਹਾ ਜਨਤਕ ਜਾਂ ਸਰਕਾਰੀ ਕਾਰੋਬਾਰ ਸ਼ੁਰੂ ਕੀਤੇ ਗਏ ਪਰ ਸਰਕਾਰੀ ਕਾਰੋਬਾਰ ਪ੍ਰਬੰਧਕੀ ਅਯੋਗਤਾ ਕਰ ਕੇ ਘਾਟੇ ਵਿਚ ਜਾਣੇ ਸ਼ੁਰੂ ਹੋ ਗਏ ਅਤੇ ਇਕ ਤੋਂ ਬਾਅਦ ਇਕ ਬੰਦ ਹੁੰਦੇ ਗਏ। 1991 ਵਿਚ ਵਿਸ਼ਵ ਵਿਚ ਆਈਆਂ ਵੱਡੀਆਂ ਆਰਥਿਕ ਤਬਦੀਲੀਆਂ ਤੋਂ ਬਾਅਦ ਭਾਰਤ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਕਰ ਕੇ ਨਿੱਜੀਕਰਨ ਨੂੰ ਇੰਨੀਆਂ ਖੁੱਲ੍ਹਾਂ ਦਿੱਤੀਆਂ ਗਈਆਂ ਕਿ ਠੇਕੇ ਦੇ ਕਿਰਤੀਆਂ ਦੀ ਗਿਣਤੀ ਲਗਾਤਾਰ ਵਧਦੀ ਗਈ। ਇਸੇ ਕਰ ਕੇ ਸਮਾਜਕ ਸੁਰੱਖਿਆ ਦਾ ਜਿਹੜਾ ਕੰਮ 1950 ਤੋਂ ਬਾਅਦ ਸ਼ੁਰੂ ਕੀਤਾ ਗਿਆ ਸੀ, ਉਹ ਲਗਾਤਾਰ ਘਟਦਾ ਗਿਆ। ਕਾਰਪੋਰੇਟ ਸੈਕਟਰ ਦੇ ਲਗਾਤਾਰ ਵਧਣ ਕਰ ਕੇ ਕਈ ਕਾਰਪੋਰੇਟ ਤਾਂ ਹਜ਼ਾਰਾਂ-ਕਰੋੜਾਂ ਰੁਪਏ ਸਾਲਾਨਾ ਕਮਾ ਰਹੇ ਹਨ, ਉਸ ਹਾਲਤ ਵਿਚ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਕਿਸ ਤਰ੍ਹਾਂ ਆਮ ਖੁਸ਼ਹਾਲੀ ਦਾ ਅੰਦਾਜ਼ਾ ਲਾਇਆ ਜਾਵੇਗਾ? ਟੈਕਸ ਦੇਣ ਵਾਲਿਆਂ ਦੀ ਗਿਣਤੀ 140 ਕਰੋੜ ਵਿਚੋਂ 3 ਕਰੋੜ ਵੀ ਨਹੀਂ ਅਤੇ ਬਾਕੀ ਆਮਦਨ ਕਰ ਦੇ ਘੇਰੇ ਵਿਚ ਨਹੀਂ ਆਉਂਦੇ।

ਕੀ ਹੁੰਦਾ ਹੈ ਐੱਫਆਈਆਰ ਦਾ ਕਾਨੂੰਨੀ ਮਕਸਦ ?

ਐਡਵੋਕੈਟ ਰਵਿੰਦਰ ਧਾਲੀਵਾਲ

ਐੱਫਆਈਆਰ ਅਪਰਾਧਕ ਪ੍ਰਕਿਰਿਆ ਚਲਾਉਣ ਦਾ ਪਹਿਲਾ ਕਦਮ ਹੈ ਜੋ ਮੁਲਜ਼ਮ ਨੂੰ ਦੋਸ਼ ਮੁਕਤ ਜਾਂ ਸਜ਼ਾ ਯਾਫਤਾ ਵੱਲ ਲੈ ਜਾਂਦਾ ਹੈ। ਇਹ ਸਭ ਤੋਂ ਮਹੱਤਵਪੂਰਨ ਸਹਾਇਕ ਸਬੂਤ ਵੀ ਹੈ ਜਿਸ 'ਤੇ ਕੇਸ ਦਾ ਖਾਕਾ ਤਿਆਰ ਕੀਤਾ ਜਾਂਦਾ ਹੈ। ਮੋਹਨ ਲਾਲ ਬਨਾਮ ਉੱਤਰ ਪ੍ਰਦੇਸ਼ ਰਾਜ ਦੇ ਮਾਮਲੇ 'ਚ ਕੋਰਟ ਨੇ ਐੱਫਆਈਆਰ ਨੂੰ ਕੇਸ ਦਾ ਪਵਿੱਤਰ ਤੇ ਅਹਿਮ ਦਸਤਾਵੇਜ਼ ਦਰਸਾਇਆ ਸੀ। ਜੋ ਰਿਪੋਰਟ ਸੀਆਰਪੀਸੀ ਦੀ ਧਾਰਾ 154 ਤਹਿਤ ਸਭ ਤੋਂ ਪਹਿਲਾਂ ਪੁਲਿਸ ਤੱਕ ਪਹੁੰਚਦੀ ਹੈ, ਉਸ ਨੂੰ ਪਹਿਲੀ ਸੂਚਨਾ ਰਿਪੋਰਟ (ਐੱਫਆਈਆਰ) ਕਿਹਾ ਜਾਂਦਾ ਹੈ।

ਇਹ ਰਿਪੋਰਟ ਪੀੜਤ ਧਿਰ/ਕੋਈ ਵਿਅਕਤੀ ਜ਼ੁਬਾਨੀ ਜਾਂ ਲਿਖਤੀ ਤੌਰ 'ਤੇ ਦਰਜ ਕਰਵਾ ਸਕਦਾ ਹੈ। ਜੇਕਰ ਥਾਣੇ ਦੇ ਇੰਚਾਰਜ ਨੂੰ ਸੂਚਨਾ ਜ਼ੁਬਾਨੀ ਦਿੱਤੀ ਜਾਂਦੀ ਹੈ ਤਾਂ ਸਬੰਧਤ ਪੁਲਿਸ ਅਧਿਕਾਰੀ ਦੁਆਰਾ ਉਸ ਨੂੰ ਲਿਖਤੀ ਰੂਪ ਦੇਣਾ ਪੈਂਦਾ ਹੈ। ਇਹ ਸੂਚਨਾ ਦੇਣ ਵਾਲੇ ਨੂੰ ਪੜ੍ਹਾ ਕੇ ਸਹਿਮਤੀ ਲਈ ਦਸਤਖ਼ਤ ਕਰਵਾਉਂਦੇ ਹਨ। ਇਸ ਦੇ ਵੇਰਵੇ ਰਾਜ ਸਰਕਾਰ ਦੁਆਰਾ ਅਧਿਕਾਰਤ ਰਜਿਸਟਰ ਵਿਚ ਦਰਜ ਕਰਨੇ ਵੀ ਲਾਜ਼ਮੀ ਹਨ। ਰਿਪੋਰਟ ਦੀ ਇਕ ਕਾਪੀ ਮੁਫ਼ਤ ਮਿਲਦੀ ਹੈ। ਐੱਫਆਈਆਰ ਲਿਖਤੀ ਰੂਪ 'ਚ ਹੋਣੀ ਜ਼ਰੂਰੀ ਹੈ।

ਇਸ ਦੇ ਆਧਾਰ 'ਤੇ ਪੁਲਿਸ ਮਾਮਲੇ ਦੀ ਜਾਂਚ ਤੇ ਗਵਾਹਾਂ ਦੇ ਬਿਆਨਾਂ ਜਾਂ ਹੋਰ ਵਿਗਿਆਨਕ ਸਮੱਗਰੀ ਦੇ ਨਾਲ ਸਬੂਤ ਇਕੱਠੇ ਕਰਨ ਲਈ ਰੂਪ-ਰੇਖਾ ਉਲੀਕਦੀ ਹੈ। ਕਾਨੂੰਨ ਅਨੁਸਾਰ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਜੇ ਸ਼ਿਕਾਇਤਕਰਤਾ ਦੇ ਦੋਸ਼ਾਂ ਦੀ ਪੁਸ਼ਟੀ ਕਰਨ ਲਈ ਪੁਖਤਾ ਸਬੂਤ ਹਨ ਤਾਂ ਚਾਲਾਨ (ਚਾਰਜਸ਼ੀਟ) ਜਾਂ ਫਿਰ ਕੋਈ ਸਬੂਤ ਨਾ ਮਿਲਣ ਕਰ ਕੇ ਅੰਤਿਮ ਕਲੋਜ਼ਰ ਰਿਪੋਰਟ ਅਦਾਲਤ 'ਚ ਦਾਇਰ ਕੀਤੀ ਜਾਵੇਗੀ। ਜੇ ਥਾਣੇ ਦਾ ਇੰਚਾਰਜ ਐੱਫਆਈਆਰ ਦਰਜ ਨਹੀਂ ਕਰਦਾ ਤਾਂ ਸੀਆਰਪੀਸੀ ਦੀ ਧਾਰਾ 154 (3) ਤਹਿਤ ਪੀੜਤ ਸਬੰਧਤ ਪੁਲਿਸ ਸੁਪਰਡੈਂਟ ਨੂੰ ਸ਼ਿਕਾਇਤ ਭੇਜ ਸਕਦਾ ਹੈ। ਪੀੜਤ ਧਿਰ ਅਦਾਲਤ 'ਚ ਧਾਰਾ 156 (3) ਸੀਆਰਪੀਸੀ ਤਹਿਤ ਸ਼ਿਕਾਇਤ ਦਰਜ ਕਰਵਾ ਸਕਦੀ ਹੈ। ਜੇ ਅਦਾਲਤ ਨੂੰ ਸ਼ਿਕਾਇਤ ਅਨੁਸਾਰ ਅਪਰਾਧ ਹੋਇਆ ਜਾਪਦਾ ਹੈ ਤਾਂ ਉਹ ਪੁਲਿਸ ਨੂੰ ਰਿਪੋਰਟ ਦਰਜ ਕਰ ਕੇ ਕਾਰਵਾਈ ਕਰਨ ਦਾ ਨਿਰਦੇਸ਼ ਦਿੰਦੀ ਹੈ। ਜੇ ਐੱਫਆਈਆਰ ਦਰਜ ਕਰਨ ਵਿਚ ਦੇਰੀ ਹੁੰਦੀ ਹੈ ਤਾਂ ਇਸ ਨਾਲ ਇਸਤਗਾਸਾ ਪੱਖ ਦੁਆਰਾ ਸ਼ੱਕੀ ਜਾਂ ਮਨਘੜਤ ਕਹਾਣੀ ਪੇਸ਼ ਕਰਨ ਦੀ ਗੁੰਜਾਇਸ਼ ਵਧਦੀ ਹੈ। ਰਪਟ ਦਰਜ ਕਰਨ ਵਿਚ ਦੇਰੀ ਦੀ ਵਿਆਖਿਆ ਕਰਨਾ ਇਸਤਗਾਸਾ ਪੱਖ ਦਾ ਫ਼ਰਜ਼ ਹੈ। ਹਾਲਾਂਕਿ ਸਿਰਫ਼ ਦੇਰੀ ਇਸਤਗਾਸਾ ਕੇਸ ਲਈ ਘਾਤਕ ਨਹੀਂ ਹੈ। ਰਘਬੀਰ ਸਿੰਘ ਬਨਾਮ ਸਟੇਟ ਹਰਿਆਣਾ ਕੇਸ 'ਚ ਇਹ ਵਿਚਾਰ ਕੀਤਾ ਗਿਆ ਕਿ ਪੀੜਤ ਵਿਅਕਤੀ ਦੀ ਜਾਨ ਬਚਾਉਣ ਲਈ ਪਹਿਲਾਂ ਥਾਣੇ ਜਾਣ ਦੀ ਬਜਾਏ ਹਸਪਤਾਲ ਲੈ ਕੇ ਜਾਣ ਨਾਲ ਐੱਫਆਈਆਰ ਦੇਰੀ ਵਾਲੇ ਦਾਇਰੇ 'ਚ ਨਹੀਂ ਰਹਿੰਦੀ। ਇਸੇ ਤਰ੍ਹਾਂ ਬਲਾਤਕਾਰ ਤੇ ਹੋਰ ਜਿਨਸੀ ਅਪਰਾਧਾਂ ਦੇ ਮਾਮ

ਕਰਨਲ ਨਿਸ਼ਾਨ ਦਾ ਕੈਲੰਡਰ ਗਿਆਨ-2

ਕਿਸੇ ਸਮੇਂ ਇਨਸਾਨ ਨੂੰ ਵੀ ਦਿਨ ਦੇ ਚਾਨਣ ਅਤੇ ਰਾਤ ਦੇ ਹਨੇਰੇ ਦਾ ਹੀ ਗਿਆਨ ਸੀ। ਜਦੋਂ ਕਿਸੇ ਸਿਆਣੇ ਨੇ ਚੰਦ ਦੇ ਚਾਨਣੇ ਪੱਖ ਅਤੇ ਹਨੇਰੇ ਪੱਖ ਦਾ ਹਿਸਾਬ-ਕਿਤਾਬ ਰੱਖ ਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿੱਚ ਕਿੰਨੀ ਤਬਦੀਲੀ ਆਈ ਹੋਏਗੀ। ਜਦੋਂ ਇਨਸਾਨ ਦੀ ਰੁੱਤਾਂ ਬਾਰੇ ਸਮਝ ਵਿੱਚ ਵਾਧਾ ਹੋਇਆਂ ਤਾਂ ਸੂਰਜੀ ਕੈਲੰਡਰ ਹੋਂਦ ਵਿੱਚ ਆਇਆ। ਅੱਜ ਵੀ ਦੁਨੀਆਂ ਵਿੱਚ ਚੰਦ ਦਾ ਕੈਲੰਡਰ, ਸੂਰਜੀ ਕੈਲੰਡਰ ਅਤੇ ਦੋਵਾਂ ਦਾ ਮਿਸ਼ਰਤ, ਚੰਦਰ-ਸੂਰਜੀ ਕੈਲੰਡਰ ਪ੍ਰਚੱਲਤ ਹਨ। ਇਸਲਾਮ ਧਰਮ ਵਿੱਚ ਪ੍ਰਚੱਲਤ ਹਿਜਰੀ ਕੈਲੰਡਰ, ਚੰਦ ਅਧਾਰਿਤ ਕੈਲੰਡਰ ਹੈ। ਦੁਨੀਆਂ ਦਾ ਸਾਂਝਾ ਕੈਲੰਡਰ ਅਤੇ ਨਾਨਕਸ਼ਾਹੀ ਕੈਲੰਡਰ ਸੂਰਜੀ ਕੈਲੰਡਰ ਹਨ। ਬਿਕ੍ਰਮੀ ਕੈਲੰਡਰ, ਚੰਦਰ-ਸੂਰਜੀ ਕੈਲੰਡਰ ਹੈ। ਇਨ੍ਹਾਂ ਕੈਲੰਡਰਾਂ ਦੇ ਸਾਲ ਦਾ ਆਰੰਭ ਇਕ ਖਾਸ ਸਮੇਂ ਤੇ ਹੁੰਦਾ ਹੈ। ਜਿਵੇ ਹਿਜਰੀ ਕੈਲੰਡਰ ਦਾ ਆਰੰਭ ਇਕ ਮੁਹੱਰਮ ਤੋਂ, ਸਾਂਝੇ ਸਾਲ ਦਾ ਆਰੰਭ ਇਕ ਜਨਵਰੀ ਤੋਂ, ਨਾਨਕਸ਼ਾਹੀ ਕੈਲੰਡਰ ਦਾ ਆਰੰਭ ਇਕ ਚੇਤ ਤੋਂ ਅਤੇ ਚੰਦ ਦੇ ਕੈਲੰਡਰ ਦਾ ਆਰੰਭ ਚੇਤ ਸੁਦੀ ਏਕਮ ਤੋਂ। ਇਥੇ ਇਕ ਹੋਰ ਨੁਕਤਾ ਵੀ ਸਾਂਝਾ ਕਰਨਾ ਜਰੂਰੀ ਸਮਝਦਾ ਹਾਂ, ਉਹ ਇਹ ਹੈ ਕਿ ਉੱਤਰੀ ਭਾਰਤ ਵਿਚ ਚੰਦ ਦੇ ਕੈਲੰਡਰ ਦਾ ਮਹੀਨਾ ਪੂਰਨਮੰਤਾ, ਭਾਵ ਪੁੰਨਿਆ ਤੋਂ ਪੁੰਨਿਆ ਗਿਣਿਆ ਜਾਂਦਾ ਹੈ। ਪਰ, ਸਾਲ ਦਾ ਆਰੰਭ ਮੱਸਿਆ ਤੋਂ ਅਗਲੇ ਦਿਨ ਭਾਵ ਸੁਦੀ ਏਕਮ ਤੋਂ ਹੁੰਦਾ ਹੈ। ਇਹ ਹੀ ਕਾਰਨ ਹੈ ਕਿ ਚੇਤ ਦੇ ਮਹੀਨੇ ਦਾ ਪਹਿਲਾ ਅੱਧ ਖਤਮ ਹੋ ਰਹੇ ਸਾਲ ਵਿੱਚ ਆਉਂਦਾ ਹੈ ਅਤੇ ਦੂਜਾ ਅੱਧ, ਨਵੇ ਸਾਲ ਵਿੱਚ ਆਉਂਦਾ ਹੈ। ਭਾਵ ਨਵਾ ਸਾਲ ਦਾ ਆਰੰਭ ਚੇਤ ਦੇ ਸੁਦੀ ਏਕਮ ਤੋਂ ਆਰੰਭ ਹੁੰਦਾ ਹੈ।

ਕਰਨਲ ਨਿਸ਼ਾਨ ਦੀ ਕਿਤਾਬ ਦੇ ਪੰਨਿਆਂ ਨੂੰ ਧਿਆਨ ਨਾਲ ਵੇਖੋ। ਸੰਮਤ 549 ਨਾਨਕਸ਼ਾਹੀ ਦਾ ਆਰੰਭ ਚੇਤ ਸੁਦੀ ਇਕ, 29 ਮਾਰਚ 2017 ਈ: ਦਿਨ ਬੁੱਧਵਾਰ (ਪੰਨਾ 84) ਦਾ ਦਰਜ ਹੈ। ਅਸਲ ਵਿੱਚ ਇਸ ਦਿਨ ਸੰਮਤ 2074 ਬਿਕ੍ਰਮੀ ਦਾ ਆਰੰਭ ਹੋਇਆ ਸੀ। ਸੰਮਤ 550 ਨਾਨਕਸ਼ਾਹੀ ਦਾ ਆਰੰਭ ਚੇਤ ਸੁਦੀ ਇਕ, 18 ਮਾਰਚ 2018 ਈ: ਦਿਨ ਐਤਵਾਰ (ਪੰਨਾ 85) ਅਤੇ ਸੰਮਤ 551 ਨਾਨਕਸ਼ਾਹੀ ਦਾ ਆਰੰਭ ਚੇਤ ਸੁਦੀ ਇਕ, 6 ਅਪ੍ਰੈਲ 2019 ਈ: ਦਿਨ ਸ਼ਨਿੱਚਰਵਾਰ (ਪੰਨਾ 87) ਨੂੰ ਹੁੰਦਾ ਦਰਸਾਇਆ ਗਿਆ ਹੈ। ਜਦੋਂ ਕਿ ਨਾਨਕਸ਼ਾਹੀ ਸੰਮਤ ਦਾ ਆਰੰਭ, ਹਰ ਸਾਲ 1 ਚੇਤ (14 ਮਾਰਚ) ਤੋਂ ਹੁੰਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਨਾਮ ਹੇਠ ਛਾਪਿਆ ਜਾਂਦਾ ਬਿਕ੍ਰਮੀ ਕੈਲੰਡਰ ਵੀ ਸੂਰਜੀ ਹੈ। ਇਸ ਦੇ ਨਵੇਂ ਸਾਲ ਦਾ ਆਰੰਭ ਵੀ ਅੱਜ ਕੱਲ 1 ਚੇਤ/ 14 ਮਾਰਚ ਤੋਂ ਹੀ ਹੁੰਦਾ ਹੈ ਪਰ 2027 ਈ: ਵਿੱਚ ਇਸ ਦਾ ਆਰੰਭ 1 ਚੇਤ/15 ਮਾਰਚ ਨੂੰ ਹੋਵੇਗਾ।

ਇਥੇ ਇਕ ਹੋਰ ਨੁਕਤਾ ਵੀ ਧਿਆਨ ਦੀ ਮੰਗ ਕਰਦਾ ਹੈ। ਕਰਨਲ ਨਿਸ਼ਾਨ ਮੁਤਾਬਕ, ਚੇਤ ਸੁਦੀ ਏਕਮ 29 ਮਾਰਚ 2017 ਈ:, ਦਿਨ ਬੁੱਧਵਾਰ ਦਰਜ ਹੈ। ਜਦੋਂ ਕਿ ਜੰਤਰੀਆਂ ਮੁਤਾਬਕ 29 ਮਾਰਚ ਦਿਨ ਬੁੱਧਵਾਰ ਨੂੰ ਚੇਤ ਸੁਦੀ ਦੂਜ ਸੀ। ਬਿਕ੍ਰਮੀ ਕੈਲੰਡਰ ਵਿੱਚ ਦਿਨ ਦਾ ਆਰੰਭ ਸੂਰਜ ਚੜਨ ਵੇਲੇ ਤੋਂ ਹੁੰਦਾ ਹੈ। ਚੰਦ ਦੀ ਜੋ ਤਿੱਥ ਸਵੇਰੇ ਸੂਰਜ ਚੜਨ ਵੇਲੇ ਹੁੰਦੀ ਹੈ, ਉਹ ਹੀ ਗਿਣੀ ਜਾਂਦੀ ਹੈ। 28 ਮਾਰਚ 2017 ਈ: ਦਿਨ ਮੰਗਲਵਾਰ ਨੂੰ ਸਵੇਰੇ 6:25 ਤੇ ਸੂਰਜ ਚੜਿਆ ਸੀ। ਇਸ ਵੇਲੇ ਚੇਤ ਵਦੀ ਮੱਸਿਆ ਸੀ। ਜੋ ਲੱਗ ਭੱਗ 8.27 ਮਿੰਟ ਤੇ ਖਤਮ ਹੋ ਗਈ ਸੀ। ਅਤੇ ਚੇਤ ਸੁਦੀ ਏਕਮ ਆਰੰਭ ਹੋ ਗਈ ਸੀ। ਜੋ ਬੁੱਧਵਾਰ ਸਵੇਰੇ ਸੂਰਜ ਚੜਨ ਤੋਂ ਪਹਿਲਾ ਹੈ, ਲੱਗ ਭੱਗ 5.45 ਤੇ ਖਤਮ ਹੋ ਗਈ ਸੀ ਜਦੋਂ ਕਿ ਬੁੱਧਵਾਰ ਨੂੰ ਸੂਰਜ ਲੱਗ ਭੱਗ 6.23 ਮਿੰਟ ਤੇ ਚੜਿਆ ਸੀ ਉਸ ਵੇਲੇ ਚੇਤ ਸੁਦੀ ਦੂਜ ਸੀ। ਚੇਤ ਸੁਦੀ ਏਕਮ ਤਾਂ ਆਈ ਹੀ ਨਹੀ, ਇਸ ਕਾਰਨ ਚੰਦ ਦੇ ਨਵੇਂ ਸਾਲ ਦਾ ਆਰੰਭ 28 ਮਾਰਚ ਦਿਨ ਮੰਗਲਵਾਰ ਨੂੰ ਹੋਇਆ ਸੀ। ਪੰਚਾਂਗ ਦਿਵਾਕਰ, ਸ਼੍ਰੋਮਣੀ ਤਿੱਥ ਪਤ੍ਰਿਕਾ, ਅਤੇ ਮੁਫੀਦ ਆਲਮ

ਸਰਵਜੀਤ ਸਿੰਘ ਸੈਕਰਾਮੈਂਟੋ

ਜੰਤਰੀ, ਆਦਿ ਤਾਂ ਗੁੰਝਲਦਾਰ ਹਨ। ਮੰਨਿਆ, ਕੋਈ ਗਲਤੀ ਹੋ ਸਕਦੀ ਹੈ। ਨਾਨਕਸ਼ਾਹੀ ਕੈਲੰਡਰ ਦੇ ਕੱਟੜ ਅਲੋਚਕ ਨੂੰ, ਘੱਟੋ ਘੱਟ ਖਾਲਸਾ ਹੀਰਾ ਜੰਤਰੀ ਤਾਂ ਪੜ੍ਹਨੀ ਆਉਣੀ ਚਾਹੀਦੀ ਹੈ। 29 ਮਾਰਚ ਦਿਨ ਬੁੱਧਵਾਰ ਨੂੰ ਚੇਤ ਸੁਦੀ ਏਕਮ, ਸੂਰਜੀ ਸਿਧਾਂਤ ਮੁਤਾਬਕ ਆਈ ਸੀ ਨਾਕਿ ਦ੍ਰਿਕਗਿਣਤ ਸਿਧਾਂਤ ਮੁਤਾਬਕ।

ਕਰਨਲ ਨਿਸ਼ਾਨ ਵੱਲੋਂ ਸੰਮਤ 549 ਦਾ ਆਰੰਭ ਚੇਤ ਸੁਦੀ ਇਕ, 29 ਮਾਰਚ ਦਿਨ ਬੁੱਧਵਾਰ ਨੂੰ ਲਿਖਣਾ ਇਹ ਸਾਬਿਤ ਕਰਦਾ ਹੈ ਕਿ ਇਨ੍ਹਾਂ ਨੇ ਇਹ ਤਾਰੀਖ਼ "Calendrical Tabulations 1900-2200" ਤੋਂ ਨਕਲ ਕੀਤੀ ਹੈ। ਯਾਦ ਰਹੇ ਜੁਲਾਈ 2018 ਈ: ਦੇ ਆਖਰੀ ਹਫ਼ਤੇ ਵੈਨਕੂਵਰ ਵਿਖੇ Canadian Sikh Study and Teaching Society ਵੱਲੋਂ ਕਰਵਾਏ ਗਏ ਸੈਮੀਨਾਰ ਵਿੱਚ ਕਰਨਲ ਨਿਸ਼ਾਨ ਨੇ ਕਿਹਾ ਸੀ, "ਮੈਂ ਹਾਲੇ ਤੱਕ ਇਹ ਕਿਤਾਬ ਨਹੀਂ ਵੇਖੀ। ਅਤੇ ਇਹ ਵੀ ਕਿਹਾ ਸੀ ਕਿ ਗਣਿਤ ਮੈਂ ਆਪ ਕੀਤੀ ਹੈ। ਉਹ ਵੀ ਦ੍ਰਿਗ ਗਣਿਤ ਸਿਧਾਂਤ ਮੁਤਾਬਕ ਕੀਤੀ ਹੈ। ਇਥੇ ਕਰਨਲ ਨਿਸ਼ਾਨ ਦਾ ਇਹ ਝੂਠ ਵੀ ਫੜਿਆ ਗਿਆ ਹੈ। ਮੈਂ ਪੂਰੀ ਜਿੰਮੇਵਾਰੀ ਨਾਲ ਲਿਖ ਰਿਹਾ ਹਾਂ ਕਿ ਕਰਨਲ ਨਿਸ਼ਾਨ ਨੂੰ ਗਣਿਤ ਕਰਨੀ ਨਹੀਂ ਆਉਂਦੀ। ਇਨ੍ਹਾਂ ਨੇ ਸਾਰੀਆਂ ਤਾਰੀਖਾਂ, "Calendrical Tabulations 1900-2200" ਤੋਂ ਨਕਲ ਕੀਤੀਆਂ ਹਨ। ਉਸ ਕਿਤਾਬ ਵਿੱਚ ਸਾਰੀ ਗਣਿਤ ਸੂਰਜੀ ਸਿਧਾਂਤ ਮੁਤਾਬਕ ਹੈ। "For the Hindu lunar calendar, we follow the rules of the Surya-Siddhanta, as amended by Ganesa Daivajna.U (xxvi) ਕਰਨਲ ਨਿਸ਼ਾਨ ਨੇ, ਬਿਨਾ ਸੋਚੇ ਸਮਝੇ ਉਥੋਂ ਨਕਲ ਮਾਰ ਕੇ ਆਪਣੀ ਕਿਤਾਬ ਵਿੱਚ ਤਾਰੀਖ਼ਾਂ ਲਿਖ ਦਿੱਤੀਆਂ ਹਨ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਗਏ, ਨਾਨਕਸ਼ਾਹੀ ਸੰਮਤ 549, 550 ਅਤੇ 551 ਦੇ ਕੈਲੰਡਰਾਂ ਨੂੰ ਵੇਖੋ। ਹਰ ਨਵੇਂ ਸਾਲ ਦਾ ਆਰੰਭ 14 ਮਾਰਚ ਤੋਂ ਹੁੰਦਾ ਹੈ। ਕਰਨਲ ਨਿਸ਼ਾਨ ਦੀ ਕਿਤਾਬ ਦੇ ਪੰਨਾ 84 ਦੀ ਛੋਟੋ ਨੂੰ ਵੇਖੋ। "ਚੇਤ ਗੋਬਿੰਦ ਅਰਾਧੀਏ" ਭਾਵ ਚੇਤ ਦੀ ਸੰਗਰਾਂਦ ਦੇ ਸਾਹਮਣੇ ਨਾਨਕਸ਼ਾਹੀ 548, ਮੰਗਲਵਾਰ, 14 ਮਾਰਚ 2017 ਈ: ਦਰਜ ਹੈ। ਸੰਮਤ 548 ਤੋਂ 549, ਚੇਤ ਸੁਦੀ 1, ਦਿਨ ਬੁੱਧਵਾਰ 29 ਮਾਰਚ 2017 ਨੂੰ ਹੁੰਦਾ ਹੈ। ਇਸ ਦਿਨ ਤਾਂ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਤਾਂ ਉਸ ਦਿਨ 16 ਚੇਤ ਸੀ। ਇਸੇ ਤਰ੍ਹਾਂ ਹੀ, ਸੰਮਤ 550 ਦਾ ਆਰੰਭ (ਪੰਨਾ 85) 18 ਮਾਰਚ ਦਾ ਦਰਜ ਹੈ। ਸ਼੍ਰੋਮਣੀ ਕਮੇਟੀ ਦਾ ਕੈਲੰਡਰ ਵੇਖੋ, 18 ਮਾਰਚ ਨੂੰ 5 ਚੇਤ ਸੀ। ਸੰਮਤ 551 ਦਾ ਆਰੰਭ, (ਪੰਨਾ 86) ਚੇਤ ਸੁਦੀ ਏਕਮ, 6 ਅਪ੍ਰੈਲ ਦਿਨ ਸ਼ਨਿੱਚਰਵਾਰ ਦਾ ਦਰਜ ਹੈ। ਚੇਤ ਸੁਦੀ ਏਕਮ, 6 ਅਪ੍ਰੈਲ ਨੂੰ ਸੰਮਤ 551 ਨਾਨਕਸ਼ਾਹੀ ਦਾ ਨਹੀਂ, ਸੰਮਤ 2075 ਬਿਕ੍ਰਮੀ ਦਾ ਆਰੰਭ ਹੋਇਆ ਸੀ। ਸੰਮਤ 551 ਨਾਨਕਸ਼ਾਹੀ ਦਾ ਤਾਂ ਉਸ ਦਿਨ 24 ਚੇਤ ਸੀ।

ਇਸ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਨਾਨਕਸ਼ਾਹੀ ਕੈਲੰਡਰ ਦੇ ਕੱਟੜ ਵਿਰੋਧੀ ਅਤੇ ਸੰਤ ਸਮਾਜ ਦੇ ਸਲਾਹਕਾਰ, ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਨੂੰ, ਕਿਤਾਬ ਲਿਖਣ ਵੇਲੇ ਤੱਕ (2016 ਈ:) ਇਹ ਜਾਣਕਾਰੀ ਨਹੀਂ ਸੀ ਕਿ ਨਾਨਕਸ਼ਾਹੀ ਸੰਮਤ ਦਾ ਆਰੰਭ 1 ਚੇਤ ਤੋਂ ਹੁੰਦਾ ਹੈ ਜਾਂ ਚੇਤ ਸੁਦੀ ਏਕਮ ਤੋਂ? ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਜਿਸ ਨੂੰ ਕੰਧ ਉੱਤੇ ਟੰਗਿਆ ਕੈਲੰਡਰ ਵੀ ਵੇਖਣਾ ਨਹੀਂ ਆਉਂਦਾ, ਉਹ ਨਾਨਕਸ਼ਾਹੀ ਕੈਲੰਡਰ ਅਤੇ ਉਸ ਦੇ ਨਿਰਮਾਤਾ ਸ. ਪਾਲ ਸਿੰਘ ਪੁਰੇਵਾਲ ਦੀ ਅਲੋਚਨਾ ਕਰ ਰਿਹਾ ਹੈ। "ਅਖੇ, ਮੈਂ 1999 ਈ: ਵਿੱਚ ਸਿੰਘ ਸਾਹਿਬ ਨੂੰ ਨਾਨਕਸ਼ਾਹੀ ਕੈਲੰਡਰ ਦੀਆਂ ਖ਼ਾਮੀਆਂ ਤੋਂ ਜਾਣੂ ਕਰਵਾ ਦਿੱਤਾ ਸੀ।

ਸਿਆਸਤ 'ਚ ਨੌਜਵਾਨਾਂ ਨੂੰ ਵੱਧ ਤੋਂ ਵੱਧ ਨੁਮਾਇੰਦਗੀ ਲਈ ਮਿਲਣ ਮੌਕੇ

-ਰਾਹੁਲ ਵਰਮਾ

ਸੰਸਦੀ ਚੋਣਾਂ ਲੜਨ ਲਈ ਉਮਰ ਹੱਦ ਘਟਾਉਣ ਦੀ ਚਰਚਾ ਸਿਆਸੀ ਗਲਿਆਰਿਆਂ 'ਚ ਕਾਫ਼ੀ ਸਮੇਂ ਤੋਂ ਚੱਲ ਰਹੀ ਹੈ। ਇਹ ਮੁੱਦਾ ਬਹੁਤ ਜ਼ੋਰ-ਸ਼ੋਰ ਨਾਲ ਤਾਂ ਨਹੀਂ ਪਰ ਕਦੇ-ਕਦੇ ਚਰਚਾ 'ਚ ਆ ਹੀ ਜਾਂਦਾ ਹੈ। ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਹ ਮੁੱਦਾ ਫਿਰ ਚਰਚਾ 'ਚ ਹੈ। ਸੰਸਦ ਦੀ ਪਰਸੋਨਲ, ਲੋਕ ਸ਼ਿਕਾਇਤ, ਕਾਨੂੰਨ ਤੇ ਨਿਆਂ ਮਾਮਲਿਆਂ ਦੀ ਕਮੇਟੀ ਦੇ ਸੁਝਾਅ ਨਾਲ ਇਸ ਬਹਿਸ ਨੇ ਫਿਰ ਜ਼ੋਰ ਫੜ ਲਿਆ ਹੈ। ਸੁਸ਼ੀਲ ਕੁਮਾਰ ਮੋਦੀ ਦੀ ਅਗਵਾਈ ਵਾਲੀ ਇਸ ਕਮੇਟੀ ਨੇ ਚੋਣ ਲੜਨ ਲਈ ਘੱਟੋ-ਘੱਟ ਉਮਰ ਹੱਦ 25 ਸਾਲ ਤੋਂ ਘਟਾ ਕੇ 18 ਸਾਲ ਕੀਤੇ ਜਾਣ ਦੀ ਗੱਲ ਕਹੀ ਹੈ। ਇਸ ਤੋਂ ਪਹਿਲਾਂ ਦਸੰਬਰ, 2002 'ਚ ਜਯੰਤ ਚੌਧਰੀ ਨੇ ਸੰਸਦ 'ਚ ਇਸ ਵਿਸ਼ੇ 'ਤੇ ਨਿੱਜੀ ਮੈਂਬਰ ਬਿੱਲ ਪੇਸ਼ ਕੀਤਾ ਸੀ। ਹਾਲਾਂਕਿ ਚੋਣ ਕਮਿਸ਼ਨ ਨੇ ਉਮਰ ਹੱਦ ਘਟਾਉਣ ਦੇ ਇਸ ਮਤੇ 'ਤੇ ਸਹਿਮਤੀ ਨਹੀਂ ਪ੍ਰਗਟਾਈ ਹੈ। ਚੋਣ ਲੜਨ ਲਈ ਉਮਰ ਹੱਦ ਘਟਾਉਣ ਦੀ ਵਕਾਲਤ ਕਰਨ ਵਾਲਿਆਂ ਦਾ ਤਰਕ ਹੈ ਕਿ ਇਸ ਨਾਲ ਰਾਜਨੀਤੀ 'ਚ ਨੌਜਵਾਨਾਂ ਦੀ ਹਿੱਸੇਦਾਰੀ ਵਧੇਗੀ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਭਾਰਤ ਨੌਜਵਾਨ ਆਬਾਦੀ ਵਾਲਾ ਦੇਸ਼ ਹੈ ਤਾਂ ਨੌਜਵਾਨਾਂ ਦੀ ਪ੍ਰਤੀਨਿਧਤਾ ਵਧਾਈ ਜਾਣੀ ਸੁਭਾਵਿਕ ਹੈ। ਦੁਨੀਆ ਦੇ ਕਈ ਲੋਕਤੰਤਰੀ ਦੇਸ਼ ਅਜਿਹੇ ਹਨ, ਜਿੱਥੇ 18 ਸਾਲ ਦੀ ਉਮਰ 'ਚ ਚੋਣ ਲੜੀ ਜਾ ਸਕਦੀ ਹੈ। ਕੈਨੇਡਾ, ਬਰਤਾਨੀਆ, ਫਰਾਂਸ, ਜਰਮਨੀ, ਸਵਿਟਜ਼ਰਲੈਂਡ ਤੇ ਆਸਟ ?ਰੇਲੀਆ ਅਜਿਹੇ ਕੁਝ ਪ੍ਰਮੁੱਖ ਦੇਸ਼ ਹਨ, ਜਿੱਥੇ 18 ਸਾਲ ਦਾ ਪੜਾਅ ਪਾਰ ਕਰਦਿਆਂ ਹੀ ਚੋਣ ਲੜਨ ਦੀ ਯੋਗਤਾ ਹਾਸਲ ਹੋ ਜਾਂਦੀ ਹੈ। ਉੱਥੇ ਹੀ ਅਮਰੀਕਾ ਦੇ ਕੁਝ ਸੂਬਿਆਂ, ਬ੍ਰਾਜ਼ੀਲ ਤੇ ਇੰਡੋਨੇਸ਼ੀਆ 'ਚ ਚੋਣ ਲੜਨ ਲਈ ਘੱਟੋ-ਘੱਟ ਉਮਰ 21 ਸਾਲ ਹੋਣੀ ਚਾਹੀਦੀ ਹੈ। ਇਸ ਦੇ ਉਲਟ ਭਾਰਤ 'ਚ ਇਹ 25 ਸਾਲ ਹੈ ਜਦਕਿ ਭਾਰਤ ਉਨ੍ਹਾਂ ਦੇਸ਼ਾਂ 'ਚ ਰਿਹਾ ਹੈ, ਜਿੱਥੇ ਔਰਤਾਂ ਤੇ ਪੁਰਸ਼ਾਂ 'ਚ ਕੋਈ ਭੇਦਭਾਵ ਕੀਤੇ ਬਿਨਾਂ ਸ਼ੁਰੂ ਤੋਂ ਹੀ ਸਾਰੇ ਬਾਲਗਾਂ ਨੂੰ ਵੋਟ ਦੇ ਅਧਿਕਾਰ ਦੀ ਪਰੰਪਰਾ ਅਪਣਾਈ ਗਈ। ਫਿਰ ਵੋਟ ਦੇ ਅਧਿਕਾਰ ਲਈ ਘੱਟੋ-ਘੱਟ ਉਮਰ ਹੱਦ 1989 'ਚ 21 ਤੋਂ ਘਟਾ ਕੇ 18 ਸਾਲ ਕੀਤੀ ਗਈ। ਨਾਲ ਹੀ ਡਰਾਈਵਿੰਗ ਜਿਹੇ ਕਈ ਹੋਰ ਕੰਮਾਂ ਲਈ 18 ਸਾਲ ਦੀ ਉਮਰ ਨੂੰ ਜਾਇਜ਼ ਮੰਨ ਲਿਆ ਗਿਆ। ਇਸ ਲਈ ਚੋਣਾਂ 'ਚ ਉਤਰਨ ਵਾਸਤੇ ਉਮਰ ਹੱਦ ਘਟਾਉਣ ਲਈ ਆਵਾਜ਼ ਚੁੱਕੀ ਜਾਂਦੀ ਹੈ। ਇਸ ਸੂਰਤ 'ਚ ਇਹ ਪੜਤਾਲ ਜ਼ਰੂਰੀ ਹੈ ਕਿ ਕੀ ਇਸ ਨਾਲ ਵਾਕਈ ਕੁਝ ਫ਼ਾਇਦਾ ਹੋਵੇਗਾ ਜਾਂ ਫਿਰ ਮੌਜੂਦਾ ਪ੍ਰਣਾਲੀ ਹੀ ਬਿਹਤਰ ਹੈ?

ਇਸ 'ਚ ਕੋਈ ਸ਼ੱਕ ਨਹੀਂ ਕਿ ਨੌਜਵਾਨਾਂ ਨੂੰ ਰਾਜਨੀਤੀ ਨਾਲ ਜੋੜਨਾ ਕਿਸੇ ਵੀ ਨਜ਼ਰੀਏ ਤੋਂ ਵਧੀਆ ਹੋਵੇਗਾ। ਇਸ ਨਾਲ ਨੀਤੀਆਂ ਬਣਾਉਣ 'ਚ ਉਨ੍ਹਾਂ ਦੀਆਂ ਉਮੀਦਾਂ ਦਾ ਸਹਿਜ ਰੂਪ 'ਚ ਪ੍ਰਗਟਾਵਾ ਹੋ ਸਕੇਗਾ। ਭਾਰਤੀ ਰਾਜਨੀਤੀ ਅਤੇ ਚੋਣਾਂ 'ਚ ਨੌਜਵਾਨਾਂ ਦੀ ਹਿੱਸੇਦਾਰੀ ਨੂੰ ਸਮਝਣ ਲਈ ਕੁਝ ਰੁਝਾਨਾਂ 'ਤੇ ਨਜ਼ਰ ਮਾਰਨਾ ਬਹੁਤ ਉਪਯੋਗੀ ਹੋਵੇਗਾ। ਸਾਲ 2014 'ਚ ਤਕਰੀਬਨ 9,500 ਤਾਂ 2019 'ਚ 10,000 ਉਮੀਦਵਾਰਾਂ ਨੇ ਲੋਕ ਸਭਾ ਚੋਣਾਂ ਲੜੀਆਂ। ਇਨ੍ਹਾਂ 'ਚੋਂ ਮਹਿਜ਼ ਪੰਜ ਫ਼ੀਸਦੀ ਉਮੀਦਵਾਰ ਹੀ 25 ਤੋਂ 30 ਸਾਲ ਦੀ ਉਮਰ ਦੇ ਸਨ। ਸਾਲ 2014 ਦੀਆਂ ਲੋਕ ਸਭਾ ਚੋਣਾਂ 'ਚ 25 ਤੋਂ 30 ਸਾਲ ਦੇ 32 ਉਮੀਦਵਾਰ ਹੀ ਅਜਿਹੇ ਸਨ, ਜਿਨ੍ਹਾਂ ਨੂੰ ਪੰਜ ਫ਼ੀਸਦੀ ਤੋਂ ਜ਼ਿਆਦਾ ਵੋਟਾਂ ਮਿਲੀਆਂ ਜਦਕਿ 2019 'ਚ ਅਜਿਹੇ 26 ਉਮੀਦਵਾਰ ਰਹੇ, ਜਿਨ੍ਹਾਂ ਨੂੰ ਪੰਜ ਫ਼ੀਸਦੀ ਤੋਂ ਜ਼ਿਆਦਾ ਵੋਟਾਂ ਮਿਲੀਆਂ। ਜੇ ਜਿੱਤ ਦੀ ਗੱਲ ਕਰੀਏ ਤਾਂ 2014 'ਚ 11 ਅਤੇ 2019 'ਚ ਅੱਠ ਉਮੀਦਵਾਰ ਹੀ ਜਿੱਤ ਕੇ ਸੰਸਦ ਮੈਂਬਰ ਬਣੇ, ਜਿਨ੍ਹਾਂ ਦੀ ਉਮਰ 25 ਤੋਂ 30 ਸਾਲ ਦੇ ਦਰਮਿਆਨ ਸੀ। ਇਨ੍ਹਾਂ ਅੰਕੜਿਆਂ ਦੇ ਮਤਲਬ ਕੱਢੇ ਜਾਣ ਤਾਂ ਇਹੋ ਗੱਲ ਸਾਹਮਣੇ ਆਉਂਦੀ ਹੈ ਕਿ ਇਕ ਤਾਂ 25 ਤੋਂ 30 ਸਾਲ ਦੀ ਉਮਰ ਵਾਲੇ ਬਹੁਤ ਜ਼ਿਆਦਾ ਉਮੀਦਵਾਰ ਚੋਣਾਂ 'ਚ ਉਤਰ ਨਹੀਂ ਰਹੇ ਅਤੇ ਜੇ ਉਤਰ ਵੀ ਰਹੇ ਹਨ ਤਾਂ ਜਿੱਤ ਨਹੀਂ ਰਹੇ। ਜੋ ਚੋਣਾਂ 'ਚ ਉਤਰਨ ਦੇ ਨਾਲ-ਨਾਲ ਜਿੱਤ ਵੀ ਰਹੇ ਹਨ, ਉਨ੍ਹਾਂ 'ਚੋਂ ਜ਼ਿਆਦਾਤਰ ਸਿਆਸੀ ਪਰਿਵਾਰਾਂ 'ਚੋਂ ਆਉਂਦੇ ਹਨ।

ਪਿਛਲੀਆਂ ਕੁਝ ਲੋਕ ਸਭਾ ਚੋਣਾਂ ਦੀ ਤਸਵੀਰ ਦੇਖੀਏ ਤਾਂ ਸੰਸਦ ਮੈਂਬਰਾਂ ਦੀ ਔਸਤ ਉਮਰ 53 ਤੋਂ 54 ਸਾਲ ਦਰਮਿਆਨ ਨਿਕਲ ਕੇ ਆਵੇਗੀ। ਇਹ ਸਪੱਸ਼ਟ ਰੂਪ 'ਚ ਸੰਕੇਤ ਕਰਦੀ ਹੈ ਕਿ ਸੰਸਦ ਜਿਹੀ ਸੰਵਿਧਾਨਕ ਸੰਸਥਾ 'ਚ ਨੌਜਵਾਨ ਆਬਾਦੀ ਦੀ ਪ੍ਰਤੀਨਿਧਤਾ ਵਧਣੀ ਚਾਹੀਦੀ ਹੈ। ਆਖ਼ਰ ਕੀ ਕਾਰਨ ਹੈ ਕਿ ਅਜਿਹਾ ਨਹੀਂ ਹੋ ਰਿਹਾ? ਪਹਿਲੀ ਨਜ਼ਰੇ ਇਸ ਲਈ ਸਭ ਤੋਂ ਵੱਡਾ ਦੋਸ਼ੀ ਤਾਂ ਸਿਆਸੀ ਪਾਰਟੀਆਂ ਹੀ ਨਜ਼ਰ ਆਉਂਦੀਆਂ ਹਨ। ਸਿਆਸੀ ਪਾਰਟੀਆਂ ਨੌਜਵਾਨਾਂ ਨੂੰ ਟਿਕਟ ਦੇਣ ਤੋਂ ਪਰਹੇਜ਼ ਕਰਦੀਆਂ ਹਨ। ਟਿਕਟ ਦਿੱਤੀ ਵੀ ਜਾਂਦੀ ਹੈ ਤਾਂ ਮੁੱਖ ਰੂਪ 'ਚ ਉਨ੍ਹਾਂ

ਸੂਰਜ ਦੇ ਕਿੰਨਾ ਕੁ ਨੇੜੇ ਪੁੱਜ ਸਕੇਗਾ ਭਾਰਤ ਦਾ ਪਹਿਲਾ ਮਿਸ਼ਨ ?

ਡਾ. ਸੁਰਿੰਦਰ ਕੁਮਾਰ ਜਿੰਦਲ

ਸੂਰਜ ਦਾ ਅਧਿਐਨ ਕਰਨ ਨਾਲ ਸਾਨੂੰ ਬ੍ਰਹਿਮੰਡ ਵਿਚਲੇ ਵਰਤਾਰਿਆਂ ਅਤੇ ਹੋਰ ਤਾਰਿਆਂ ਦਾ ਅਧਿਐਨ ਕਰਨ ਵਿੱਚ ਵੀ ਚੋਖੀ ਮਦਦ ਮਿਲੇਗੀ। ਇੰਨਾ ਹੀ ਨਹੀਂ, ਸੂਰਜ ਇੱਕ ਗਤੀਸ਼ੀਲ ਤਾਰਾ ਵੀ ਹੈ। ਸੂਰਜ ਵਿੱਚ ਅਸੀਂ ਜੋ ਕੁਝ ਦੇਖਦੇ ਹਾਂ, ਇਸ ਵਿੱਚ ਅਸਲ 'ਚ ਇਸ ਤੋਂ ਵੀ ਬਹੁਤ ਜ਼ਿਆਦਾ ਕੁਝ ਹੁੰਦਾ ਹੈ। ਸੂਰਜ ਵਿੱਚ ਹੋਣ ਵਾਲੇ ਲਗਾਤਾਰ ਵਿਸਫੋਟਾਂ ਕਾਰਨ ਅੰਤਾਂ ਦੀ ਊਰਜਾ ਇਸ ਵਿੱਚੋਂ ਨਿਕਲ ਕੇ ਪੂਰੇ ਸੂਰਜ ਮੰਡਲ (ਸੂਰਜੀ ਪਰਿਵਾਰ) ਵਿੱਚ ਸਮਾਉਂਦੀ ਰਹਿੰਦੀ ਹੈ।

ਚੰਦਰਯਾਨ-3 ਦੀ ਸਫਲਤਾ ਤੋਂ ਛੇਤੀ ਹੀ ਬਾਅਦ (2 ਹਫ਼ਤੇ ਤੋਂ ਵੀ ਘੱਟ ਸਮੇਂ ਦੇ ਅੰਦਰ-ਅੰਦਰ) ਭਾਰਤ ਨੇ 'ਅਦਿੱਤਯ-ਐੱਲ 1' ਨੂੰ ਪੁਲਾੜ ਵਿੱਚ ਭੇਜਣ ਲਈ 2 ਸਤੰਬਰ (2023) ਨੂੰ ਪੀਐੱਸਐੱਲਵੀ-ਸੀ57 ਨਾਮਕ ਰਾਕੇਟ ਦਾਗ ਦਿੱਤਾ। ਤੁਹਾਨੂੰ ਦੱਸ ਦੇਈਏ ਕਿ ਆਦਿੱਤਯ-ਐੱਲ1 ਸੂਰਜ ਦਾ ਅਧਿਐਨ ਕਰਨ ਵਾਲਾ ਭਾਰਤ ਦਾ ਪਹਿਲਾ ਪੁਲਾੜ-ਸਟੇਸ਼ਨ ਹੋਵੇਗਾ। ਇਹ ਪੁਲਾੜ-ਸਟੇਸ਼ਨ ਉਸੇ ਦਿਨ ਸ਼ਾਮ ਨੂੰ ਪੀਐੱਸਐੱਲਵੀ-ਸੀ57 ਰਾਕਟ ਤੋਂ ਸਫਲਤਾਪੂਰਵਕ ਵੱਖ ਹੋ ਗਿਆ।

ਕੁਝ ਲੋਕ ਸੋਚਦੇ ਹਨ ਕਿ ਇਹ ਸੂਰਜ ਦੇ ਤਲ ਉੱਪਰ ਜਾ ਕੇ ਉਤਰੇਗਾ - ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਚੰਦਰਯਾਨ-3 ਚੰਨ 'ਤੇ ਉਤਰਿਆ ਸੀ। ਤਾਂ ਦੱਸ ਦੇਈਏ ਕਿ ਜਦੋਂ ਇਸ ਪੁਲਾੜ-ਸਟੇਸ਼ਨ ਨੂੰ ਅੰਤਿਮ ਤੌਰ 'ਤੇ ਤਾਇਨਾਤ ਕਰ ਦਿੱਤਾ ਜਾਵੇਗਾ ਤਾਂ ਵੀ ਇਸ ਦੀ ਸੂਰਜ ਤੋਂ ਦੂਰੀ ਲਗਪਗ 14 ਕਰੋੜ 85 ਲੱਖ ਕਿਲੋਮੀਟਰ ਹੋਵੇਗੀ। ਇਹ ਸੂਰਜ ਦੇ ਹੋਰ ਨੇੜੇ ਨਹੀਂ ਜਾਵੇਗਾ। ਇਹ ਦੂਰੀ ਧਰਤੀ ਅਤੇ ਸੂਰਜ ਵਿਚਲੀ ਦੂਰੀ ਦਾ 99 % ਹੋਵੇਗੀ ਭਾਵ ਇਹ ਸੂਰਜ ਤੋਂ ਬਹੁਤ ਦੂਰ ਰਹੇਗਾ।

ਕੋਈ ਵੀ ਯੰਤਰ ਜਾਂ ਕੋਈ ਵੀ ਅਕਾਸ਼ੀ ਪਿੰਡ ਸੂਰਜ ਦੇ ਜ਼ਿਆਦਾ ਨੇੜੇ ਨਹੀਂ ਜਾ ਸਕਦਾ। ਸੂਰਜ ਉੱਤੇ ਉਤਰਨਾ ਤਾਂ ਬਹੁਤ ਦੂਰ ਦੀ ਗੱਲ ਹੈ। ਸੂਰਜ ਬਲਦੀ ਹੋਈ ਅੱਗ ਦਾ ਗੋਲਾ ਹੈ। ਅਜੇ ਤੱਕ ਮਨੁੱਖ ਅਜਿਹਾ ਕੋਈ ਵੀ ਯੰਤਰ, ਪੁਲਾੜ ਵਾਹਨ ਜਾਂ ਉਪਗ੍ਰਹਿ ਆਦਿ ਨਹੀਂ ਬਣਾ ਸਕਿਆ ਜੋ ਸੂਰਜ 'ਤੇ ਉਤਰ ਸਕੇ। ਸੂਰਜ ਉਪਰ ਉਤਰਨਾ ਅਜੇ ਬਹੁਤ ਦੂਰ ਦੀ ਗੱਲ ਹੈ (ਉਂਜ ਵਿਗਿਆਨ 'ਚ ਕੁਝ ਵੀ ਅਸੰਭਵ ਨਹੀਂ ਮੰਨਿਆ ਜਾਂਦਾ)।

ਸੂਰਜ ਦਾ ਉਹ ਤਲ ਜੋ ਅਸੀਂ ਦੇਖਦੇ ਹਾਂ ਉਸ ਨੂੰ ਫੋਟੋਸਫੀਅਰ ਕਹਿੰਦੇ ਹਨ। ਵਿਗਿਆਨ ਦੀ ਭਾਸ਼ਾ ਵਿੱਚ ਗੱਲ ਕੀਤੀ ਜਾਵੇ ਤਾਂ ਇਹ ਤਲ ਸੂਰਜ ਦੀਆਂ ਬਾਕੀ ਪਰਤਾਂ ਨਾਲੋਂ ਕਾਫ਼ੀ ਠੰਢਾ ਹੈ। ਫਿਰ ਵੀ ਇਸ ਦਾ ਤਾਪਮਾਨ ਸਾਢੇ ਪੰਜ ਹਜ਼ਾਰ ਡਿਗਰੀ ਸੈਲਸੀਅਸ ਹੁੰਦਾ ਹੈ। ਸੂਰਜ ਦੇ ਕੇਂਦਰੀ ਭਾਗ, ਜਿਸ ਨੂੰ 'ਕੋਰ' ਕਹਿੰਦੇ ਹਨ, ਦਾ ਤਾਪਮਾਨ ਡੇਢ ਕਰੋੜ ਡਿਗਰੀ ਸੈਲਸੀਅਸ ਤੱਕ ਹੋ ਸਕਦਾ ਹੈ। ਇੰਨੇ ਜ਼ਿਆਦਾ ਤਾਪਮਾਨ ਕਾਰਨ ਹੀ ਸੂਰਜ ਵਿੱਚ ਭਿਆਨਕ ਵਿਸਫੋਟਾਂ ਰੂਪੀ ਨਾਭਿਕੀ ਸੰਯੋਜਨ ਕਿਰਿਆਵਾਂ ਹੁੰਦੀਆਂ ਹਨ ਅਤੇ ਇਨ੍ਹਾਂ ਲਗਾਤਾਰ ਹੋ ਰਹੇ ਵਿਸਫੋਟਾਂ ਕਾਰਨ ਹੀ ਸੂਰਜ ਅੱਗ ਦੇ ਇੱਕ ਗੋਲੇ ਦੇ ਰੂਪ ਵਿੱਚ ਚਮਕਦਾ ਹੈ।

ਅਗਲੀ ਗੱਲ ਆਉਂਦੀ ਹੈ ਕਿ ਵਿਗਿਆਨੀਆਂ ਨੂੰ ਸੂਰਜ ਦਾ ਅਧਿਐਨ ਕਰਨ ਲਈ ਇੰਨਾ ਵੱਡਾ ਅਤੇ ਮਹਿੰਗਾ ਉਪਰਾਲਾ ਕਰਨ ਦੀ ਕੀ ਲੋੜ ਸੀ?

ਅਕਾਸ਼ ਵਿੱਚ ਰਾਤ ਵੇਲੇ ਅਸੀਂ ਅਣਗਿਣਤ ਤਾਰਿਆਂ ਨੂੰ ਝਿਲਮਿਲ ਕਰਦੇ ਦੇਖਦੇ ਹਾਂ। ਸੂਰਜ ਵੀ ਬਸ ਅਜਿਹਾ ਹੀ ਇੱਕ ਤਾਰਾ ਹੈ ਪਰ ਇਹ ਰਾਤ ਨੂੰ ਨਹੀਂ ਸਗੋਂ ਦਿਨ ਵੇਲੇ ਦਿਸਦਾ ਹੈ (ਇਸ ਦੇ ਕਾਰਨ ਬਾਰੇ ਚਰਚਾ ਐਥੇ ਨਹੀਂ ਕਰਾਂਗੇ)। ਮੋਟੀ ਜਿਹੀ ਗੱਲ ਇਹ ਹੈ ਕਿ ਸੂਰਜ ਧਰਤੀ ਦੇ ਸਭ ਤੋਂ ਨੇੜੇ ਦਾ ਤਾਰਾ ਹੈ (ਹਾਲਾਂਕਿ ਸਾਡੀ ਧਰਤੀ ਸੂਰਜ ਤੋਂ ਪੰਦਰਾਂ ਕਰੋੜ ਕਿਲੋਮੀਟਰ ਦੂਰ ਹੈ)। ਇਸ ਕਾਰਨ ਇਸ ਦਾ ਅਧਿਐਨ ਹੋਰ ਤਾਰਿਆਂ ਨਾਲੋਂ ਵਧੇਰੇ ਸੌਖਿਆਂ ਕੀਤਾ ਜਾ ਸਕਦਾ ਹੈ।

ਸੂਰਜ ਦਾ ਅਧਿਐਨ ਕਰਨ ਨਾਲ ਸਾਨੂੰ ਬ੍ਰਹਿਮੰਡ ਵਿਚਲੇ ਵਰਤਾਰਿਆਂ ਅਤੇ ਹੋਰ ਤਾਰਿਆਂ ਦਾ ਅਧਿਐਨ ਕਰਨ ਵਿੱਚ ਵੀ ਚੋਖੀ ਮਦਦ ਮਿਲੇਗੀ। ਇੰਨਾ ਹੀ ਨਹੀਂ, ਸੂਰਜ ਇੱਕ ਗਤੀਸ਼ੀਲ ਤਾਰਾ ਵੀ ਹੈ। ਸੂਰਜ ਵਿੱਚ ਅਸੀਂ ਜੋ ਕੁਝ ਦੇਖਦੇ ਹਾਂ, ਇਸ ਵਿੱਚ ਅਸਲ 'ਚ ਇਸ ਤੋਂ ਵੀ ਬਹੁਤ ਜ਼ਿਆਦਾ ਕੁਝ ਹੁੰਦਾ ਹੈ। ਸੂਰਜ ਵਿੱਚ ਹੋਣ ਵਾਲੇ ਲਗਾਤਾਰ ਵਿਸਫੋਟਾਂ ਕਾਰਨ ਅੰਤਾਂ ਦੀ ਊਰਜਾ ਇਸ ਵਿੱਚੋਂ ਨਿਕਲ ਕੇ ਪੂਰੇ ਸੂਰਜ ਮੰਡਲ (ਸੂਰਜੀ ਪਰਿਵਾਰ) ਵਿੱਚ ਸਮਾਉਂਦੀ ਰਹਿੰਦੀ ਹੈ। ਜੇਕਰ ਅਜਿਹੀ ਵਿਸਫੋਟਕ ਸੂਰਜੀ ਕਿਰਿਆ ਕਿਸੇ ਵੀ ਕਾਰਨ ਕਰਕੇ ਧਰਤੀ ਵੱਲ ਸੇਧਿਤ ਹੋ ਜਾਵੇ ਤਾਂ ਇਹ ਧਰਤੀ ਦੇ ਨੇੜਲੇ ਵਾਤਾਵਰਨ ਵਿੱਚ ਬਹੁਤ ਭਿਆਨਕ ਖਲਬਲੀ ਮਚਾ ਸਕਦੀ ਹੈ। ਸਾਡੀਆਂ ਸੰਚਾਰ ਪ੍ਰਣਾਲੀਆਂ ਅਤੇ ਹੋਰ ਪੁਲਾੜੀ ਵਾਹਨ ਇਸ ਕਿਰਿਆ ਨਾਲ ਪ੍ਰਭਾਵਿਤ ਹੋ ਕੇ ਕੁਰਾਹੇ ਪੈ ਸਕਦੇ ਹਨ ਜਿਸ ਕਾਰਨ ਸਾਡੀ ਰੋਜ਼ਾਨਾ ਦੀ ਜ਼ਿੰਦਗੀ ਲੀਹੋਂ ਲੱਥ ਸਕਦੀ ਹੈ।

ਇਸ ਲਈ ਅਜਿਹੀ ਸਥਿਤੀ ਦੇ ਵਾਪਰਨ ਦੀ ਹਾਲਤ ਵਿੱਚ ਢੁਕਵੇਂ ਬਚਾਅ ਕਰਨ ਲਈ ਅਜਿਹੀਆਂ ਸਥਿਤੀਆਂ ਦੀ ਭਵਿੱਖਵਾਣੀ ਕਰਨਾ ਬਹੁਤ ਜ਼ਰੂਰੀ ਹੈ ਤੇ ਅਜਿਹਾ ਤਾਂ ਹੀ ਸੰਭਵ ਹੋ ਸਕੇਗਾ ਜੇਕਰ ਅਸੀਂ ਸੂਰਜ ਦਾ ਅਧਿਐਨ ਲਗਾਤਾਰ ਜਾਰੀ ਰੱਖੀਏ।

ਇੰਨਾ ਹੀ ਨਹੀਂ, ਜੇਕਰ ਕੋਈ ਪੁਲਾੜ ਯਾਤਰੀ ਕਿਸੇ ਹੋਰ ਮਿਸ਼ਨ 'ਤੇ ਜਾਂਦੇ ਸਮੇਂ ਸੂਰਜ ਦੀਆਂ ਗਾਮਾ ਕਿਰਨਾਂ ਦਾ ਸ਼ਿਕਾਰ ਹੋ ਜਾਵੇ ਤਾਂ ਉਸ ਦੀ ਜ਼ਿੰਦਗੀ ਖ਼ਤਰੇ ਵਿੱਚ ਪੈ ਸਕਦੀ ਹੈ। ਇਹ ਕਿਰਨਾਂ ਬੰਦ ਅੱਖਾਂ ਰਾਹੀਂ ਵੀ ਅੰਦਰ ਜਾ ਕੇ ਉਸ ਦੀ ਅੱਖ ਦੇ ਪਰਦੇ ਨੂੰ ਸਾੜ ਕੇ ਉਸ ਨੂੰ ਉਮਰ ਭਰ ਲਈ ਅੰਨ੍ਹਾ ਕਰ ਸਕਦੀਆਂ ਹਨ।

ਅੱਜ ਅਸੀਂ ਆਧੁਨਿਕ ਤਕਨਾਲੋਜੀ ਨੂੰ ਵਰਤਦਿਆਂ ਸੂਰਜ ਦੇ ਬਹੁਤ ਸਾਰੇ ਪ੍ਰਭਾਵਾਂ ਨੂੰ ਵਰਤ ਰਹੇ ਹਾਂ। ਸੈਂਕੜਿਆਂ ਦੀ ਗਿਣਤੀ ਵਿੱਚ ਬਣਾਉਟੀ ਉਪਗ੍ਰਹਿ ਧਰਤੀ ਦੇ ਦੁਆਲੇ ਚੱਕਰ ਲਗਾ ਰਹੇ ਹਨ ਜਿਨ੍ਹਾਂ ਤੋਂ ਵਿਗਿਆਨਕ ਅਤੇ ਵਪਾਰਕ ਬਹੁਤ ਕਿਸਮਾਂ ਦੇ ਲਾਭ ਲਏ ਜਾਂਦੇ ਹਨ।

ਸੂਰਜ ਦੀ ਸਭ ਤੋਂ ਬਾਹਰਲੀ, ਕੋਰੋਨਾ ਨਾਮਕ, ਪਰਤ ਦੇ ਵਿੱਚੋਂ ਨਿਕਲਣ ਵਾਲੀਆਂ ਪੁੰਜ ਦੀਆਂ ਲਪਟਾਂ (ਜੋ ਕਿ ਸੂਰਜ ਲਈ ਓਦਾਂ ਹੀ ਹੁੰਦੀਆਂ ਹਨ ਜਿਵੇਂ ਕਿ ਧਰਤੀ ਲਈ ਭੁਚਾਲ) ਇਨ੍ਹਾਂ ਉਪਕਰਣਾਂ ਦੀ ਕਾਰਜ ਸ਼ੈਲੀ ਉੱਪਰ ਪ੍ਰਭਾਵ ਪਾਉਂਦੀਆਂ ਹਨ। ਕੁਝ ਸੂਰਜੀ ਕਿਰਨਾਂ ਪੁਲਾੜ ਵਿੱਚ ਜਾਣ ਵਾਲੇ ਉਪਗ੍ਰਹਿਆਂ ਦੇ ਅੰਦਰ ਦਾਖਲ ਹੋ ਕੇ ਉਨ੍ਹਾਂ ਅੰਦਰਲੇ ਉਪਕਰਨਾਂ ਨੂੰ ਖਰਾਬ ਕਰ ਸਕਦੀਆਂ ਹਨ। ਇਨ੍ਹਾਂ ਉਪਗ੍ਰਹਿਆਂ ਦੇ ਨੁਕਸਾਨੇ ਜਾਣ ਨਾਲ ਰੇਡੀਓ, ਟੀ.ਵੀ., ਮੋਬਾਈਲ ਫੋਨ, ਇੰਟਰਨੈੱਟ ਆਦਿ ਦੀਆਂ ਸੰਚਾਰ ਪ੍ਰਣਾਲੀਆਂ ਰੁਕ ਜਾਣਗੀਆਂ ਅਤੇ ਅਜਿਹਾ ਹੋਣ ਦੀ ਹਾਲਤ ਵਿੱਚ ਸਾਡੀ ਜ਼ਿੰਦਗੀ ਕਿਹੋ ਜਿਹੀ ਹੋਵੇਗੀ, ਅਸੀਂ ਸਾਰੇ ਭਲੀ-ਭਾਂਤ ਅੰਦਾਜ਼ਾ ਲਗਾ ਸਕਦੇ ਹਾਂ। ਇਨ੍ਹਾਂ ਸਭ ਕਾਰਨਾਂ ਕਰਕੇ ਅੱਜ ਦੇ ਤਕਨਾਲੋਜੀ ਭਰਪੂਰ ਸੰਸਾਰ ਵਿੱਚ ਰਹਿਣ ਖਾਤਰ ਮਨੁੱਖ ਲਈ ਸੂਰਜ ਨਾਲ ਨੇੜਿਓਂ ਸਾਂਝ ਪਾਉਣੀ ਬਹੁਤ ਜ਼ਰੂਰੀ ਹੈ।

ਅਗਲੀ ਗੱਲ ਜੋ ਹਰ ਪਾਠਕ/ਦਰਸ਼ਕ ਦੇ ਮਨ ਵਿੱਚ ਉੱਠਦੀ ਹੈ, ਉਹ ਇਹ ਹੈ ਕਿ ਇਹ ਮਿਸ਼ਨ ਆਪਣੇ ਨਿਸ਼ਾਨੇ 'ਤੇ ਕਦੋਂ ਪੁੱਜੇਗਾ ਅਤੇ ਜੇਕਰ ਇਹ ਮਿਸ਼ਨ ਸੂਰਜ ਦੇ ਤਲ 'ਤੇ ਨਹੀਂ ਉਤਰੇਗਾ ਤਾਂ ਆਖ਼ਰ ਜਾਵੇਗਾ ਜਾਂ ਪੁੱਜੇਗਾ ਕਿੱਥੇ?

ਇਹ ਪੁਲਾੜ-ਸਟੇਸ਼ਨ ਲਾਂਚ ਕਰਨ ਤੋਂ ਬਾਅਦ ਉਸੇ ਦਿਨ ਸ਼ਾਮ ਨੂੰ ਪੀਐੱਸਐੱਲਵੀ-ਸੀ57 ਰਾਕੇਟ ਤੋਂ ਸਫਲਤਾਪੂਰਵਕ ਵੱਖ ਹੋ ਗਿਆ। ਇਸ ਪੁਲਾੜੀ ਵਾਹਨ ਨੂੰ ਆਪਣੇ ਨਿਸ਼ਾਨੇ 'ਤੇ ਪੁੱਜਣ ਲਈ ਤਕਰੀਬਨ 4 ਮਹੀਨੇ ਦਾ ਸਫ਼ਰ ਕਰਨਾ ਪਵੇਗਾ। ਉਸ ਉਪਰੰਤ ਇਸ ਨੂੰ ਧਰਤੀ ਅਤੇ ਸੂਰਜ ਦੇ ਵਿਚਾਲੜੇ 'ਲਗਰੇਂਜ ਪੁਆਇੰਟ 1' ਭਾਵ 'ਐੱਲ ਇੱਕ' ਨੇੜੇ ਸਥਾਪਤ ਕੀਤਾ ਜਾਵੇਗਾ। ਫਿਰ ਇਹ ਇਸ 'ਲਗਰੇਂਜ ਪੁਆਇੰਟ 1' ਭਾਵ 'ਐੱਲ ਇੱਕ' ਦੁਆਲੇ ਇੱਕ ਵਿਸ਼ੇਸ਼ ਚੱਕਰ, ਜਿਸ ਨੂੰ 'ਹੈਲੋ ਆਰਬਿਟ' ਕਹਿੰਦੇ ਹਨ, ਵਿੱਚ ਘੁੰਮਣਾ ਸ਼ੁਰੂ ਕਰ ਦੇਵੇਗਾ।

ਇਸ ਪੁਲਾੜ-ਸਟੇਸ਼ਨ ਦੀ ਇਸੇ ਮੰਜ਼ਿਲ ਅਤੇ ਉਦੇਸ਼ ਕਾਰਨ ਇਸ ਦਾ ਨਾਮ 'ਅਦਿੱਤਯ-ਐੱਲ ਇੱਕ' ਰੱਖਿਆ ਗਿਆ ਹੈ। ਅਦਿੱਤਯ ਹਿੰਦੀ ਭਾਸ਼ਾ ਦਾ ਇੱਕ ਸ਼ਬਦ ਹੈ ਜਿਸ ਦਾ ਅਰਥ ਹੈ ਸੂਰਜ। 'ਐੱਲ ਇੱਕ' ਇਸ ਦੀ ਮੰਜ਼ਿਲ ਹੈ ਜਿੱਥੇ ਰਹਿ ਕੇ ਇਹ ਸੂਰਜ ਬਾਰੇ ਅੰਕੜੇ ਇਕੱਠੇ ਕਰਕੇ ਨਾਲੋ-ਨਾਲ ਉਨ੍ਹਾਂ ਅੰਕੜਿਆਂ ਦਾ ਅਧਿਐਨ ਕਰੇਗਾ।

ਹੁਣ ਗੱਲ ਕਰਦੇ ਹਾਂ 'ਲਗਰੇਂਜ ਪੁਆਇੰਟ' ਦੀ। ਜੇਕਰ ਕੋਈ ਵੀ ਦੋ ਅਕਾਸ਼ੀ ਪਿੰਡ, ਜਿਸ ਤਰ੍ਹਾਂ ਕਿ ਸੂਰਜ ਅਤੇ ਧਰਤੀ ਜਾਂ ਚੰਦਰਮਾ ਅਤੇ ਧਰਤੀ, ਲੈ ਲਈਏ ਤਾਂ ਉਨ੍ਹਾਂ ਦੇ ਵਿਚਕਾਰ ਅਜਿਹੇ ਕੁਝ ਬਿੰਦੂ ਹੁੰਦੇ ਹਨ ਜਿੱਥੇ ਦੋਵੇਂ ਪੁਲਾੜੀ ਪਿੰਡਾਂ ਦੀ ਗੁਰੂਤਾ ਖਿੱਚ ਇਕਸਾਰ ਹੁੰਦੀ ਹੈ ਅਤੇ ਉਹ ਇੱਕ ਦੂਜੇ ਨੂੰ ਖ਼ਤਮ ਕਰ ਦਿੰਦੀ ਹੈ। ਇਸ ਕਾਰਨ ਦੋਵੇਂ ਅਕਾਸ਼ੀ ਪਿੰਡਾਂ ਵਿੱਚੋਂ ਕਿਸੇ ਦੀ ਵੀ ਖਿੱਚ ਉੱਥੇ ਸਥਿਤ ਉਪਗ੍ਰਹਿ ਆਦਿ ਉੱਪਰ ਕੰਮ ਨਹੀਂ ਕਰਦੀ। ਕਿਸੇ ਵੀ ਦੋ ਅਕਾਸ਼ੀ ਪਿੰਡਾਂ ਵਿਚਕਾਰ ਅਜਿਹੇ ਪੰਜ 'ਲਗਰੇਂਜ' ਬਿੰਦੂ ਹੁੰਦੇ ਹਨ ਜਿਨ੍ਹਾਂ ਨੂੰ ਐੱਲ 1, ਐੱਲ 2, ਐੱਲ 3, ਐੱਲ 4, ਅਤੇ ਐੱਲ 5 ਕਹਿੰਦੇ ਹਨ।

'ਲਗਰੇਂਜ' ਬਿੰਦੂ ਐੱਲ 1 ਸੂਰਜ ਅਤੇ ਧਰਤੀ ਵਿਚਲੀ ਰੇਖਾ 'ਤੇ ਹੁੰਦਾ ਹੈ। ਅਜਿਹੀ ਥਾਂ ਉੱਤੇ ਇਸ ਪੁਲਾੜ-ਸਟੇਸ਼ਨ ਨੂੰ ਰੱਖਣ ਦਾ ਫ਼ਾਇਦਾ ਇਹ ਹੋਵੇਗਾ ਕਿ ਉਹ ਬਿਨਾਂ ਕਿਸੇ ਰੁਕਾਵਟ ਦੇ ਸੂਰਜ ਦਾ ਅਧਿਐਨ ਲਗਾਤਾਰ ਕਰਦਾ ਰਹੇਗਾ - ਗ੍ਰਹਿਣਾਂ ਆਦਿ ਦੇ ਸਮੇਂ ਵੀ। ਇਸ ਪੁਲਾੜ ਯਾਨ ਵਿਚ ਸੱਤ 'ਪੇਅਲੋਡ' ਹਨ ਜੋ ਕਿ ਸੂਰਜ ਦੇ ਫੋਟੋਸਫੀਅਰ, ਕਰੋਮੋਸੋਮ ਤੇ ਸਭ ਤੋਂ ਬਾਹਰਲੀ ਪਰਤ, ਜਿਸ ਨੂੰ ਕਰੋਨਾ ਕਹਿੰਦੇ ਹਨ, ਉੱਤੇ ਨਜ਼ਰ ਰੱਖਣਗੇ। ਇਸ ਕੰਮ ਲਈ ਸੂਰਜ ਤੋਂ ਨਿਕਲਣ ਵਾਲੀਆਂ ਬਿਜਲ-ਚੁੰਬਕੀ ਤਰੰਗਾਂ ਅਤੇ ਕਣਾਂ ਦੀ ਸੂਹ ਲਗਾਉਣ ਵਾਲੇ ਡਿਟੈਕਟਰਾਂ ਦੀ ਮਦਦ ਲਈ ਜਾਵੇਗੀ।

ਇਸ ਪੁਲਾੜਯਾਨ ਦੇ ਸੱਤਾਂ 'ਚੋਂ 4 'ਪੇਅਲੋਡ' ਸਿੱਧੇ-ਸਿੱਧੇ ਸੂਰਜ ਉੱਤੇ ਨਜ਼ਰ ਰੱਖਣਗੇ ਜਦੋਂਕਿ ਬਾਕੀ ਦੇ ਤਿੰਨ 'ਪੇਅਲੋਡ' ਆਪਣੇ ਚਾਰ 'ਭਰਾਵਾਂ' ਤੋਂ ਪ੍ਰਾਪਤ ਹੋਏ ਅੰਕੜਿਆਂ ਨੂੰ ਵਰਤ ਕੇ ਬਿਜਲ-ਚੁੰਬਕੀ ਤਰੰਗਾਂ ਅਤੇ ਉਪਲਬਧ ਕਣਾਂ ਦਾ ਅਧਿਐਨ ਉੱਥੇ ਹੀ ਕਰਨਗੇ। ਇਸ ਪੁਲਾੜੀ ਵਾਹਨ ਦੇ ਮੁੱਖ ਉਦੇਸ਼ ਇਸ ਤਰ੍ਹਾਂ ਹੋਣਗੇ:

- ਸੂਰਜੀ ਵਾਤਾਵਰਨ ਦੇ ਉਪਰਲੇ ਭਾਗ, ਭਾਵ ਕ੍ਰੋਮੋਸਫੀਅਰ ਅਤੇ ਕੋਰੋਨਾ, ਵਿੱਚ ਆਉਣ ਵਾਲੀਆਂ ਤਬਦੀਲੀਆਂ ਦਾ ਅਧਿਐਨ ਕਰਨਾ।
- ਸੂਰਜੀ ਵਾਤਾਵਰਨ ਦੇ ਉਪਰਲੇ ਭਾਗ ਦੇ ਗਰਮ ਹੋਣ ਦਾ ਅਧਿਐਨ ਕਰਨਾ ਤੇ ਅੰਸ਼ਕ ਰੂਪ ਨਾਲ ਆਇਨੀਕ੍ਰਿਤ ਪਲਾਜ਼ਮਾ ਦਾ ਅਧਿਐਨ ਕਰਨਾ।
- ਉਨ੍ਹਾਂ ਕਿਰਿਆਵਾਂ ਦਾ ਪਤਾ ਲਾਉਣਾ ਜੋ ਕਿ ਇੱਕ ਤੋਂ ਵੱਧ ਪਰਤਾਂ ਦੇ ਵਿੱਚ ਹੁੰਦੀਆਂ ਹਨ ਅਤੇ ਜਿਨ੍ਹਾਂ ਨਾਲ ਆਖ਼ਰਕਾਰ ਸੂਰਜ ਵਿੱਚੋਂ ਨਿਕਲਣ ਵਾਲੀਆਂ ਹਵਾਵਾਂ ਯਾਨੀ ਕਿ ਅੱਗ ਦੀਆਂ ਲਪਟਾਂ ਬਣਦੀਆਂ ਹਨ।
- ਸੂਰਜ ਦੀ ਬਾਹਰਲੀ ਪਰਤ ਦੇ ਵਿਚਲੇ ਚੁੰਬਕੀ ਖੇਤਰ ਦਾ ਅਧਿਐਨ ਕਰਨਾ।

ਆਓ, ਆਪਾਂ ਸਾਰੇ ਰਲ-ਮਿਲ ਕੇ ਉਮੀਦ ਕਰੀਏ ਕਿ ਇਸ ਪੁਲਾੜੀ ਵਾਹਨ ਦਾ ਚਾਰ ਮਹੀਨਿਆਂ ਦਾ ਇਹ ਲੰਬਾ ਸਫ਼ਰ ਕਾਮਯਾਬ ਰਹੇ ਅਤੇ ਉਸ ਉਪਰੰਤ ਇਹ ਐੱਲ 1 ਬਿੰਦੂ ਉੱਤੇ ਸੂਰਜ ਦੇ ਨਾਲ ਘੁੰਮਦਾ ਹੋਇਆ ਸਫ਼ਲ ਗਣਨਾਵਾਂ ਕਰੇ ਤਾਂ ਜੋ ਮਨੁੱਖਤਾ ਨੂੰ ਹੋਰ ਅਗਾਂਹ ਲੈ ਕੇ ਜਾਣ ਦਾ ਰਾਹ ਪੱਧਰਾ ਹੋ ਸਕੇ।

ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ

ਮਹਿੰਦੀ ਲਾਉਣ ਦਾ ਰਿਵਾਜ ਭਾਵੇਂ ਅਲੱਗ-ਅਲੱਗ ਹੈ, ਪਰ ਇਸ ਨੂੰ ਸਭ ਧਰਮਾਂ ਦੇ ਲੋਕ ਲਾਉਂਦੇ ਹਨ। ਉਂਜ ਤਾਂ ਮਹਿੰਦੀ ਲਾਉਣਾ ਖ਼ੁਸ਼ੀ ਦੀ ਨਿਸ਼ਾਨੀ ਹੈ, ਪਰ ਘਰ ਵਿੱਚ ਕਿਸੇ ਦੀ ਮੌਤ ਹੋ ਜਾਣ 'ਤੇ ਸੋਗ ਹੋ ਜਾਂਦਾ ਹੈ ਤਾਂ ਖ਼ੁਸ਼ੀ ਦਾ ਕੋਈ ਕਾਰਜ ਨਹੀਂ ਕੀਤਾ ਜਾਂਦਾ। ਜੇਕਰ ਕਿਸੇ ਔਰਤ ਦੇ ਪਤੀ ਦੀ ਮੌਤ ਹੋ ਜਾਵੇ ਤਾਂ ਸੋਗ ਖ਼ਤਮ ਕਰਵਾਉਣ ਲਈ ਉਸ ਦੇ ਪੇਕਿਆਂ ਵੱਲੋਂ ਮਹਿੰਦੀ, ਚੂੜੀਆਂ, ਡੋਰੀ ਭਾਵ ਪਰਾਂਦੀ ਦਿੱਤੀ ਜਾਂਦੀ ਹੈ ਕਿਉਂਕਿ ਸੋਗ ਗ੍ਰਸਤ ਔਰਤ ਆਪਣੇ ਵਾਲ ਖੁੱਲ੍ਹੇ ਰੱਖਦੀ ਹੈ।

ਜੋਗਿੰਦਰ ਕੌਰ ਅਗਨੀਹੋਤਰੀ

ਵਿਆਹ ਸ਼ਾਦੀ ਜਾਂ ਹੋਰ ਕਿਸੇ ਖੁਸ਼ੀ ਦੇ ਮੌਕੇ 'ਤੇ ਔਰਤਾਂ ਤੇ ਕੁੜੀਆਂ ਵੱਲੋਂ ਮਹਿੰਦੀ ਲਾਈ ਜਾਂਦੀ ਹੈ। ਮਹਿੰਦੀ ਕੁਦਰਤ ਦੀ ਦੇਣ ਹੈ। ਮਹਿੰਦੀ ਦੇ ਬੂਟੇ ਬਾਗ਼ਾਂ ਅਤੇ ਹੋਰ ਸਾਂਝੀਆਂ ਥਾਵਾਂ 'ਤੇ ਲਾਏ ਜਾਂਦੇ ਹਨ। ਮਹਿੰਦੀ ਦੇ ਸੁੱਕੇ ਪੱਤਿਆਂ ਨੂੰ ਪੀਸ ਕੇ ਮਹਿੰਦੀ ਤਿਆਰ ਕੀਤੀ ਜਾਂਦੀ ਹੈ। ਇਸ ਨੂੰ ਲਾਉਣ ਤੋਂ ਪਹਿਲਾਂ ਭਿਉਂ ਕੇ ਰੱਖਿਆ ਜਾਂਦਾ ਹੈ। ਇੱਕ ਵੇਲਾ ਇਹ ਵੀ ਸੀ ਜਦੋਂ ਤਾਜ਼ੇ ਪੱਤਿਆਂ ਨੂੰ ਤੋੜ ਕੇ ਉਨ੍ਹਾਂ ਨੂੰ ਕੂੰਡੇ ਘੋਟਣੇ ਨਾਲ ਰਗੜਿਆ ਜਾਂਦਾ ਸੀ। ਜਦੋਂ ਮਹਿੰਦੀ ਪੂਰੀ ਤਰ੍ਹਾਂ ਮੁਲਾਇਮ ਹੋ ਜਾਂਦੀ ਤਾਂ ਇਸ ਨੂੰ ਹੱਥਾਂ 'ਤੇ ਲਾਇਆ ਜਾਂਦਾ।

ਘਰੇਲੂ ਸਮੱਸਿਆਵਾਂ ਕਦੇ ਵੀ ਨਹੀਂ ਸੁਲਝਦੀਆਂ। ਜੇ ਇੱਕ ਸੁਲਝ ਜਾਂਦੀ ਹੈ ਤਾਂ ਕੋਈ ਹੋਰ ਖੜ੍ਹੀ ਹੋ ਜਾਂਦੀ ਹੈ। ਕਹਿੰਦੇ ਨੇ ਵਸਣ ਸ਼ਰੀਕੇ ਦਾ ਨਾਭੇ ਦੀ ਸਰਦਾਰੀ। ਭਾਵ ਸ਼ਰੀਕੇ ਕਬੀਲੇ ਵਿੱਚ ਆਪਣੇ ਆਪ ਨੂੰ ਸਥਾਪਿਤ ਕਰਨ ਲਈ ਔਕੜਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜਦੋਂ ਘਰ ਵਿੱਚ ਅਜਿਹੀਆਂ ਸਮੱਸਿਆਵਾਂ ਆਉਂਦੀਆਂ ਹਨ ਤਾਂ ਔਰਤ ਉਨ੍ਹਾਂ ਨੂੰ ਸਹਾਰਦੀ ਹੋਈ ਵੀ ਡੋਲਦੀ ਨਹੀਂ, ਪਰ ਆਪਣੇ ਮਨ ਦੀ ਵੇਦਨਾ ਨੂੰ ਪ੍ਰਗਟ ਕਰਦੀ ਹੋਈ ਕਹਿੰਦੀ ਹੈ:

ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ
ਮਹਿੰਦੀ ਬਾਗ਼ ਵਿੱਚ ਰਹਿੰਦੀ
ਰਗੜ ਰਗੜ ਕੇ ਹੱਥਾਂ 'ਤੇ ਲਾਉਂਦੇ
ਭੋਰੜ ਬਣ ਬਣ ਲਹਿੰਦੀ
ਬੋਲ ਸ਼ਰੀਕਾਂ ਦੇ
ਮੈਂ ਨਾ ਬਾਬਲਾ ਸਹਿੰਦੀ।

ਸ਼ਰੀਕ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡਦੇ। ਮਜਬੂਰੀ ਵੱਸ ਤਾਅਨੇ ਝੱਲਣੇ ਪੈਂਦੇ ਹਨ। ਅਜਿਹੇ ਮੌਕੇ ਔਰਤ ਸਬਰ ਸੰਤੋਖ ਦਾ ਸਹਾਰਾ ਲੈ ਕੇ ਕਹਿੰਦੀ ਹੈ:

ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ
ਮਹਿੰਦੀ ਬਾਗ਼ ਵਿੱਚ ਰਹਿੰਦੀ
ਰਗੜ ਰਗੜ ਕੇ ਹੱਥਾਂ 'ਤੇ ਲਾਉਂਦੇ
ਬੱਤੀਆਂ ਬਣ ਬਣ ਲਹਿੰਦੀ
ਬੋਲ ਸ਼ਰੀਕਾਂ ਦੇ
ਵਖ਼ਤ ਪਏ ਤੋਂ ਸਹਿੰਦੀ।



ਮਹਿੰਦੀ ਹੱਥਾਂ 'ਤੇ ਲਾਉਣ ਨਾਲ ਹੱਥਾਂ ਦੀ ਸੁੰਦਰਤਾ ਵਧਦੀ ਹੈ। ਵਿਆਂਦੜ ਦੇ ਮਹਿੰਦੀ ਲਾਉਣੀ ਸ਼ਗਨ ਮੰਨਿਆ ਜਾਂਦਾ ਹੈ। ਉਂਜ ਤਾਂ ਵਿਆਹ ਸ਼ਾਦੀ ਦੇ ਮੌਕੇ ਔਰਤਾਂ ਮਹਿੰਦੀ ਲਾਉਂਦੀਆਂ ਹਨ, ਪਰ ਸਭ ਤੋਂ ਪਹਿਲਾਂ ਵਿਆਹ ਵਾਲੀ ਕੁੜੀ ਦੇ ਮਹਿੰਦੀ ਲਾਈ ਜਾਂਦੀ ਹੈ। ਇਹ ਮਹਿੰਦੀ ਸੁੱਘੜ ਸਿਆਣੀ ਹੀ ਲਾਉਂਦੀ ਸੀ ਜਿਸ ਨੂੰ ਮਹਿੰਦੀ ਲਾਉਣ ਦੀ ਜਾਚ ਹੁੰਦੀ ਸੀ। ਅੱਜਕੱਲ੍ਹ ਮਹਿੰਦੀ ਵਾਲੇ ਕਾਰਜ ਨੂੰ ਬਿਊਟੀ ਪਾਰਲਰ ਤੋਂ ਹੀ ਕਰਵਾ ਲਿਆ ਜਾਂਦਾ ਹੈ। ਲਾੜੇ ਦੇ ਮਹਿੰਦੀ ਲਾਉਣ ਦਾ ਹੱਕ ਭਰਜਾਈ ਨੂੰ ਦਿੱਤਾ ਜਾਂਦਾ ਹੈ ਅਤੇ ਇਸ ਦੇ ਬਦਲੇ ਭਰਜਾਈ ਨੂੰ ਉਹ ਸ਼ਗਨ ਵਜੋਂ ਕੁਝ ਰੁਪਏ ਦਿੰਦਾ ਹੈ। ਇੱਕ ਸਮਾਂ ਉਹ ਵੀ ਸੀ ਜਦੋਂ ਬਰਾਤ ਦੋ ਜਾਂ ਤਿੰਨ ਦਿਨ ਰਹਿੰਦੀ ਸੀ, ਉਸ ਸਮੇਂ ਲਾੜੇ ਦੇ ਮਹਿੰਦੀ ਉਸ ਦੀਆਂ ਸਾਲੀਆਂ ਲਾਉਂਦੀਆਂ ਸਨ। ਉਸ ਸਮੇਂ ਲਾੜਾ ਉਨ੍ਹਾਂ ਨੂੰ ਸ਼ਗਨ ਵਜੋਂ ਕੁਝ ਰੁਪਏ ਦਿੰਦਾ ਸੀ।

ਮਹਿੰਦੀ ਲਾਉਣ ਦਾ ਰਿਵਾਜ ਭਾਵੇਂ ਅਲੱਗ-ਅਲੱਗ ਹੈ, ਪਰ ਇਸ ਨੂੰ ਸਭ ਧਰਮਾਂ ਦੇ ਲੋਕ ਲਾਉਂਦੇ ਹਨ। ਉਂਜ ਤਾਂ ਮਹਿੰਦੀ ਲਾਉਣਾ ਖ਼ੁਸ਼ੀ ਦੀ ਨਿਸ਼ਾਨੀ ਹੈ, ਪਰ ਘਰ ਵਿੱਚ ਕਿਸੇ ਦੀ ਮੌਤ ਹੋ ਜਾਣ 'ਤੇ ਸੋਗ ਹੋ ਜਾਂਦਾ ਹੈ ਤਾਂ ਖ਼ੁਸ਼ੀ ਦਾ ਕੋਈ ਕਾਰਜ ਨਹੀਂ ਕੀਤਾ ਜਾਂਦਾ। ਜੇਕਰ ਕਿਸੇ ਔਰਤ ਦੇ ਪਤੀ ਦੀ ਮੌਤ ਹੋ ਜਾਵੇ ਤਾਂ ਸੋਗ ਖ਼ਤਮ ਕਰਵਾਉਣ ਲਈ ਉਸ ਦੇ ਪੇਕਿਆਂ ਵੱਲੋਂ ਮਹਿੰਦੀ, ਚੂੜੀਆਂ, ਡੋਰੀ ਭਾਵ ਪਰਾਂਦੀ ਦਿੱਤੀ ਜਾਂਦੀ ਹੈ ਕਿਉਂਕਿ ਸੋਗ ਗ੍ਰਸਤ ਔਰਤ ਆਪਣੇ ਵਾਲ ਖੁੱਲ੍ਹੇ ਰੱਖਦੀ ਹੈ। ਇਸ ਲਈ ਵਿਆਹ ਸ਼ਾਦੀ ਵਰਗੇ ਕਾਰਜ ਕਰਨ ਲਈ ਸੋਗ ਵਧਾਉਣ ਜਾਂ ਖਤਮ ਕੀਤਾ ਜਾਂਦਾ ਹੈ। ਮੌਤ ਭਾਵੇਂ ਕਹਿਰ ਦੀ ਹੋਵੇ, ਸੋਗ ਵਧਾਉਣ (ਖਤਮ) ਲਈ ਇਹ ਰਸਮ ਜ਼ਰੂਰ ਕੀਤੀ ਜਾਂਦੀ ਹੈ।

ਸਾਉਣ ਦਾ ਮਹੀਨਾ ਚੜ੍ਹਦਿਆਂ ਹੀ ਔਰਤਾਂ ਅਤੇ ਕੁੜੀਆਂ ਦੇ ਚਿਹਰਿਆਂ 'ਤੇ ਰੌਣਕ ਆ ਜਾਂਦੀ ਹੈ ਕਿਉਂਕਿ ਸਾਉਣ ਦਾ ਮਹੀਨਾ ਖ਼ੁਸ਼ੀਆਂ ਦਾ ਮਹੀਨਾ ਹੈ। ਮੀਂਹ ਪੈਣ 'ਤੇ ਪਸ਼ੂ ਅਤੇ ਮਨੁੱਖ ਸਭ ਖ਼ੁਸ਼ ਹੋ ਜਾਂਦੇ ਹਨ ਕਿਉਂਕਿ ਹਾੜ੍ਹ ਮਹੀਨੇ ਦੀ ਤਪਸ਼ ਤੋਂ ਬਾਅਦ ਮੌਸਮ ਵਿੱਚ ਤਬਦੀਲੀ ਆਉਂਦੀ ਹੈ। ਖਾਣ-ਪੀਣ ਵਿੱਚ ਵੀ ਬਦਲਾਅ ਆ ਜਾਂਦਾ ਹੈ। ਠੰਢੇ ਮੌਸਮ ਵਿੱਚ ਖਾਧੀਆਂ ਚੀਜ਼ਾਂ ਨੁਕਸਾਨ ਨਹੀਂ ਕਰਦੀਆਂ ਜਦਕਿ ਗਰਮੀ ਵਿੱਚ ਬਣਾਉਣੀਆਂ ਵੀ ਔਖੀਆਂ ਤੇ ਖਾ ਕੇ ਹਜ਼ਮ ਕਰਨੀਆਂ ਵੀ ਔਖੀਆਂ ਹੁੰਦੀਆਂ ਹਨ। ਸੋ ਸਾਉਣ ਮਹੀਨੇ ਵਿੱਚ ਤੀਆਂ ਲੱਗਦੀਆਂ ਹਨ। ਕੁੜੀਆਂ ਤੇ ਵਹੁਟੀਆਂ ਤੀਆਂ ਵਿੱਚ ਜਾ ਕੇ ਖ਼ੁਸ਼ੀ ਮਨਾਉਂਦੀਆਂ ਹਨ। ਪੀਂਘਾਂ ਝੂਟਦੀਆਂ ਅਤੇ ਮਨ ਦੇ ਭਾਵਾਂ ਨੂੰ ਬੋਲੀਆਂ ਰਾਹੀਂ ਪ੍ਰਗਟ ਕਰਦੀਆਂ ਹਨ। ਸੋ ਸਾਉਣ ਮਹੀਨੇ ਦੇ ਚਾਨਣੇ ਪੱਖ ਦੀ ਦੂਜ ਨੂੰ ਮਹਿੰਦੀ ਲਾਈ ਜਾਂਦੀ ਹੈ ਤੇ ਤੀਜ ਨੂੰ ਤੀਆਂ ਲੱਗਦੀਆਂ ਹਨ। ਸਾਉਣ ਦੇ ਮਹੀਨੇ ਵਿੱਚ ਵਿਆਹੀਆਂ ਕੁੜੀਆਂ ਨੂੰ ਪੇਕੇ ਤੀਆਂ ਮਨਾਉਣ ਲਈ ਲਿਆਂਦਾ ਜਾਂਦਾ ਹੈ ਤਾਂ ਹੀ ਕਿਹਾ ਜਾਂਦਾ ਹੈ:

ਸਾਉਣ ਵੀਰ 'ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਇਸ ਤਰ੍ਹਾਂ ਇਸ ਤਿਉਹਾਰ ਨੂੰ ਮਨਾਉਣ ਲਈ ਦੂਜ ਵਾਲੇ ਦਿਨ ਜਦੋਂ ਮਹਿੰਦੀ ਲਾਈ ਜਾਂਦੀ ਹੈ ਤਾਂ ਕੁੜੀਆਂ ਇੱਕ ਦੂਜੀ ਦੇ ਮਹਿੰਦੀ ਲਾਉਂਦੀਆਂ ਸਨ। ਸੁੱਕੀ ਮਹਿੰਦੀ ਹੱਟੀ ਤੋਂ ਜਾਂ ਦੁਕਾਨ ਤੋਂ ਮੁੱਲ ਲਿਆਂਦੀ ਜਾਂਦੀ, ਪਰ ਹਰੀ ਮਹਿੰਦੀ ਬਾਗ਼ ਵਿੱਚੋਂ ਤੋੜ ਕੇ ਲਿਆਉਂਦੇ। ਅਜਿਹੇ ਕਾਰਜ ਘਰ ਦੇ ਮਰਦ ਮੈਂਬਰ ਵੀ ਖ਼ੁਸ਼ੀ ਨਾਲ ਪੂਰੇ ਕਰਦੇ ਹਨ। ਉਨ੍ਹਾਂ ਅੰਦਰ ਆਪਣੇ ਪਰਿਵਾਰ ਦੀਆਂ ਨੂੰਹਾਂ ਤੇ ਧੀਆਂ ਦੇ ਚਾਵਾਂ ਨੂੰ ਪੂਰਾ ਕਰਨ ਦਾ ਇੱਕ ਵਧੀਆ ਮੌਕਾ ਹੁੰਦਾ ਸੀ। ਕੁਝ ਮਰਦ ਤਾਂ ਮਹਿੰਦੀ ਰਗੜਨ ਵਿੱਚ ਵੀ ਹੱਥ ਵਟਾਉਂਦੇ ਸਨ। ਪਰਿਵਾਰ ਦੇ ਮੈਂਬਰ ਦੇ ਸਹਿਯੋਗ ਸਦਕਾ ਉਨ੍ਹਾਂ ਦੀ ਖ਼ੁਸ਼ੀ ਹੋਰ ਵੀ ਵਧ ਜਾਂਦੀ। ਗਿੱਧੇ ਵਿੱਚ ਮਹਿੰਦੀ ਵਾਲੇ ਹੱਥਾਂ ਦੀਆਂ ਸਿਫਤਾਂ ਕਰਦੇ ਹੋਏ ਇਹ ਬੋਲੀ ਪਾਈ ਜਾਂਦੀ:

ਲਾ ਕੇ ਗੋਰਿਆਂ ਹੱਥਾਂ ਉੱਤੇ ਮਹਿੰਦੀ
ਗਿੱਧੇ ਦੇ ਵਿੱਚ ਨੱਚਦੀ ਫਿਰੇ।

ਵਿਆਹ ਵੇਲੇ ਜਦੋਂ ਲਾੜੇ ਦੇ ਮਹਿੰਦੀ ਲਾਈ ਜਾਂਦੀ ਹੈ ਤਾਂ ਉਸ ਸਮੇਂ ਇਹ ਗੀਤ ਗਾਇਆ ਜਾਂਦਾ ਹੈ ਕਿਉਂਕਿ ਵਿਆਹ ਦੇ ਹਰ ਕਾਰਜ ਨੂੰ ਗੀਤ ਗਾ ਕੇ ਹੀ ਸ਼ੁਰੂ ਕੀਤਾ ਜਾਂਦਾ ਹੈ:

ਆ ਵੇ ਬੰਨਾ, ਲਾ ਸ਼ਗਨਾਂ ਦੀ ਮਹਿੰਦੀ
ਮਹਿੰਦੀ ਦਾ ਰੰਗ ਸੂਹਾ ਲਾਲ।

ਸਾਉਣ ਮਹੀਨੇ ਤੋਂ ਬਾਅਦ ਕਰਵਾ ਚੌਥ ਦੇ ਵਰਤ ਮੌਕੇ ਵੀ ਔਰਤਾਂ ਆਪਣੇ ਹੱਥਾਂ ਨੂੰ ਮਹਿੰਦੀ ਲਾ ਕੇ ਸ਼ਿੰਗਾਰਦੀਆਂ ਹਨ। ਘਰ ਵਿੱਚ ਮਹਿੰਦੀ ਲਾਉਣ ਦਾ ਰਿਵਾਜ ਭਾਵੇਂ ਘੱਟ ਹੋ ਗਿਆ ਅਤੇ ਬਾਹਰ ਜਾ ਕੇ ਲਵਾਉਣ ਦਾ ਰਿਵਾਜ ਵਧ ਗਿਆ ਹੈ। ਇਹੋ ਜਿਹੇ ਮਹਿੰਦੀ ਵਾਲੇ ਹੱਥਾਂ ਦੀ ਚਰਚਾ ਦੂਰ-ਦੂਰ ਤੱਕ ਹੁੰਦੀ ਹੈ। ਲੋਕ-ਗੀਤਾਂ ਵਿੱਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਜਾਂਦਾ ਹੈ:

ਮਹਿੰਦੀ ਵਾਲੇ ਹੱਥਾਂ ਵਿੱਚ ਛੱਲੇ ਮੁੰਦੀਆਂ
ਤੇਰੀਆਂ ਨੀਂ ਗੱਲਾਂ ਮੇਲਿਆਂ 'ਚ ਹੁੰਦੀਆਂ।

ਸੋ ਇਹ ਮਹਿੰਦੀ ਦੇਖਣ ਅਤੇ ਸੁਣਨ ਵਿੱਚ ਸਿਰਫ਼ ਰਿਵਾਜ ਹੈ, ਪਰ ਇਸ ਦੀ ਮਹਾਨਤਾ ਇਹੀ ਹੈ ਕਿ ਇਸ ਦੀ ਵਰਤੋਂ ਯੋਗ ਸਮੇਂ ਕਰਨਾ ਸੱਭਿਆਚਾਰ ਦੀ ਪਛਾਣ ਹੈ।



ਸਿਹਤ ਦਾ ਵੱਡਾ ਵੈਰੀ ਹੈ ਪ੍ਰਦੂਸ਼ਣ

ਵਾਤਾਵਰਨ ਨਾਲ ਖਿਲਵਾੜ ਕਿੰਨਾ ਮਹਿੰਗਾ ਪੈਂਦਾ ਹੈ, ਇਹ ਇਸ ਵਾਰ ਪੰਜਾਬ ਅਤੇ ਹਿਮਾਚਲ ਵਿਚ ਆਏ ਹੜ੍ਹਾਂ ਨੇ ਸਾਨੂੰ ਦੱਸ ਦਿੱਤਾ ਹੈ। ਪ੍ਰਦੂਸ਼ਣ ਰਹਿਤ ਵਾਤਾਵਰਨ ਅਰੋਗ ਜ਼ਿੰਦਗੀ ਦਾ ਆਧਾਰ ਬਣਦਾ ਹੈ। ਬੇਸ਼ੱਕ ਅਜਿਹਾ ਸੰਭਵ ਨਹੀਂ ਕਿ ਕਿਸੇ ਨੂੰ ਕੋਈ ਬਿਮਾਰੀ ਹੋਵੇ ਹੀ ਨਾ ਪਰ ਆਪਣੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖ ਕੇ ਅਸੀਂ ਕਾਫ਼ੀ ਹੱਦ ਤਕ ਬਿਮਾਰੀਆਂ ਤੋਂ ਛੁਟਕਾਰਾ ਪਾ ਸਕਦੇ ਹਾਂ। ਬਿਮਾਰੀਆਂ ਸਿਰਫ਼ ਸਰੀਰਕ ਪੱਖੋਂ ਹੀ ਤਕਲੀਫ਼ਦੇਹ ਨਹੀਂ ਹੁੰਦੀਆਂ ਸਗੋਂ ਡਾਕਟਰੀ ਖ਼ਰਚਿਆਂ ਪੱਖੋਂ ਵੀ ਪਰਿਵਾਰਾਂ ਨੂੰ ਨਿਚੋੜ ਦਿੰਦੀਆਂ ਹਨ।

ਛਾਤੀ, ਫੇਫੜਿਆਂ ਦੇ ਰੋਗ, ਕਿਡਨੀ, ਲਿਵਰ ਦੀ ਖ਼ਰਾਬੀ, ਦਿਲ ਦੇ ਰੋਗ, ਅੱਖਾਂ ਦੀਆਂ ਬਿਮਾਰੀਆਂ ਅਤੇ ਸਭ ਤੋਂ ਭਿਆਨਕ ਰੋਗ ਕੈਂਸਰ ਵਾਤਾਵਰਨ ਦੇ ਪ੍ਰਦੂਸ਼ਣ ਦੀ ਹੀ ਦੇਣ ਹਨ। ਵਾਤਾਵਰਨ ਦਾ ਵਿਗਾੜ ਮਨੁੱਖੀ ਜੀਵਨ ਲਈ ਖ਼ਤਰੇ ਦੀ ਘੰਟੀ ਹੈ। ਹਵਾ ਪ੍ਰਦੂਸ਼ਣ ਦੇਸ਼ ਲਈ ਨਾਸੂਰ ਬਣ ਗਿਆ ਹੈ। ਹੁਣ ਇਹ ਸਿਰਫ਼ ਸਰਦੀਆਂ ਦੀ ਨਹੀਂ, ਬਲਕਿ ਸਾਲ ਭਰ ਦੀ ਸਮੱਸਿਆ ਬਣ ਗਿਆ ਹੈ।

ਦੇਸ਼ ਵਿਚ ਸਭ ਤੋਂ ਖ਼ਰਾਬ ਸਥਿਤੀ ਦਿੱਲੀ-ਐੱਨਸੀਆਰ ਦੀ ਹੈ। ਸ਼ਿਕਾਗੋ ਯੂਨੀਵਰਸਿਟੀ ਨੇ ਏਅਰ ਕੁਆਲਿਟੀ ਲਾਈਫ ਇੰਡੈਕਸ 2022 ਨਾਂ ਦੀ ਰਿਪੋਰਟ ਜਾਰੀ ਕੀਤੀ ਹੈ। ਇਸ ਮੁਤਾਬਕ ਬੰਗਲਾਦੇਸ਼ ਤੋਂ ਬਾਅਦ ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਹੈ। ਇਸ ਰਿਪੋਰਟ ਵਿਚ ਇਹ ਦੱਸਿਆ ਗਿਆ ਹੈ ਕਿ ਜੇ ਪ੍ਰਦੂਸ਼ਣ ਦਾ ਪੱਧਰ ਤੈਅ ਮਾਪਦੰਡਾਂ ਤੋਂ ਵੱਧ ਹੈ ਤਾਂ ਉੱਥੇ ਰਹਿਣ ਵਾਲੇ ਲੋਕਾਂ ਦੀ ਉਮਰ 'ਤੇ ਕਿੰਨਾ ਬੁਰਾ ਅਸਰ ਪੈਂਦਾ ਹੈ। ਪ੍ਰਦੂਸ਼ਣ ਦੀ ਵਜ ?ਹਾ ਨਾਲ ਦਿੱਲੀ-ਐੱਨਸੀਆਰ ਵਿਚ ਰਹਿਣ ਵਾਲੇ ਲੋਕਾਂ ਦੀ ਉਮਰ ਔਸਤਨ 10 ਸਾਲ ਘਟ ਰਹੀ ਹੈ। ਅਧਿਐਨ ਵਿਚ ਦਿੱਲੀ ਨੂੰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਦੱਸਿਆ ਗਿਆ ਹੈ। ਆਬਾਦੀ ਤੇ ਸ਼ਹਿਰੀਕਰਨ ਦੇ ਵਧਣ ਨਾਲ ਵਾਤਾਵਰਨ ਵਿਚ ਅਸੰਤੁਲਨ ਮਹਿਸੂਸ ਹੋਣ ਲੱਗਿਆ ਹੈ। ਪਿਛਲੇ ਕਈ ਸਾਲਾਂ ਤੋਂ ਮੌਸਮੀ ਤਬਦੀਲੀਆਂ ਪ੍ਰਤੱਖ ਰੂਪ ਵਿਚ ਦੇਖਣ ਨੂੰ ਮਿਲੀਆਂ ਹਨ ਜਿਵੇਂ ਕਿ ਕਈ ਵਾਰ ਸਰਦ ਰੁੱਤ ਆਮ ਨਾਲੋਂ ਛੋਟੀ ਤੇ ਘੱਟ ਪਾਈ ਜਾਂਦੀ ਹੈ ਅਤੇ ਗਰਮੀਆਂ ਵਿਚ ਭਾਰਤ ਦੇ ਕਈ ਖੇਤਰਾਂ ਦਾ ਤਾਪਮਾਨ 45 ਡਿਗਰੀ ਸੈਲਸੀਅਸ ਤਕ ਪਹੁੰਚ ਜਾਂਦਾ ਹੈ। ਆਲਮੀ ਤਪਸ਼ ਕਾਰਨ ਹਿਮਾਲਿਆ ਉੱਤੋਂ ਬਰਫ ਦੇ ਪਿਘਲਣ ਵਿਚ ਤੇਜ਼ੀ ਆਉਣ ਲੱਗੀ ਹੈ। ਸੰਨ 2000 ਤਕ ਜਿਹੜੇ ਗਲੇਸ਼ੀਅਰ 22 ਸੈਂਟੀਮੀਟਰ ਪ੍ਰਤੀ ਸਾਲ ਦੇ ਹਿਸਾਬ ਨਾਲ ਪਿਘਲ ਰਹੇ ਸਨ, ਸੰਨ 2000 ਤੋਂ ਬਾਅਦ ਉਹ 43 ਸੈਂਟੀਮੀਟਰ ਪ੍ਰਤੀ ਸਾਲ ਯਾਨੀ ਕਿ ਪਹਿਲਾਂ ਨਾਲੋਂ ਦੁੱਗਣੇ ਦੇ ਹਿਸਾਬ ਨਾਲ ਪਿਘਲਣ ਲੱਗੇ ਹਨ।

ਸੂਰਜੀ ਤਪਸ਼ ਨੂੰ ਰੋਕਣ ਵਾਲੀਆਂ ਗੈਸਾਂ ਵਿਚ ਵਾਧਾ ਦਰਜ ਕੀਤਾ ਗਿਆ ਹੈ ਜਿਸ ਕਾਰਨ ਧਰਤੀ ਦਾ ਤਾਪਮਾਨ 1.5 ਸੈਲਸੀਅਸ ਦੀ ਦਰ ਨਾਲ ਵਧਣ ਲੱਗਾ ਹੈ। ਭਾਰਤ 'ਚ ਮੌਨਸੂਨ ਦੇ ਆਉਣ ਅਤੇ ਜਾਣ ਦੇ ਸਮੇਂ ਵਿਚ ਵੀ ਤਬਦੀਲੀ ਨੋਟ ਕੀਤੀ ਗਈ ਹੈ। ਹੜ੍ਹਾਂ ਰਾਹੀਂ ਤਬਾਹੀ ਦਾ ਮੰਜ਼ਰ ਵੀ ਵਾਤਾਵਰਨ ਦੇ ਵਿਗਾੜ ਕਾਰਨ ਹੀ ਹੈ। ਰੁੱਖਾਂ ਦੀ ਧੜਾਧੜ ਕਟਾਈ ਕਾਰਨ ਹੀ ਅਸੀਂ ਇਸ ਨੌਬਤ ਨੂੰ ਪਹੁੰਚੇ ਹਾਂ।

ਹਵਾ ਦੀ ਗੁਣਵੱਤਾ ਦੇ ਮਿਆਰ ਨੂੰ ਜਾਣਨ ਲਈ ਏਅਰ ਕੁਆਲਿਟੀ ਇੰਡੈਕਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਇੰਡੈਕਸ ਅਨੁਸਾਰ 0-500 ਤਕ ਵੱਖ-ਵੱਖ ਛੇ ਦਰਜਿਆਂ ਵਿਚ ਵੰਡ ਕੀਤੀ ਜਾਂਦੀ ਹੈ ਜਿਵੇਂ ਕਿ 0-50 ਦੀ ਦਰਜਾਬੰਦੀ ਅਨੁਸਾਰ ਹਵਾ ਦੀ ਗੁਣਵੱਤਾ ਮਨੁੱਖਾਂ ਲਈ ਚੰਗੀ ਮੰਨੀ ਜਾਂਦੀ ਹੈ ਜਦ ਕਿ 51-100 ਤਕ ਦੀ ਤਸੱਲੀਬਖ਼ਸ਼, 101-200 ਤਕ ਦਰਮਿਆਨੀ, 201-300 ਤਕ ਦੀ ਖ਼ਰਾਬ 301-400 ਤਕ ਦੀ ਬਹੁਤ ਖ਼ਰਾਬ ਅਤੇ 401-500 ਤਕ ਦੀ ਅੱਤ ਦਰਜੇ ਦੀ ਖ਼ਰਾਬ ਹੁੰਦੀ ਹੈ। ਹਰ ਸਾਲ ਅਕਤੂਬਰ-ਨਵੰਬਰ ਦੇ ਮਹੀਨੇ ਉੱਤਰੀ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਦਾ ਇਹ ਇੰਡੈਕਸ ਅੱਤ ਦਰਜੇ ਦੇ ਖ਼ਰਾਬ ਸੰਕੇਤ ਨੂੰ ਪਾਰ ਕਰ ਜਾਂਦਾ ਹੈ। ਫਿਰ ਅਸੀਂ ਸਮੱਸਿਆ ਦਾ ਥੋੜ੍ਹ ਚਿਰਾ ਮਸਨੂਈ ਹੱਲ ਤਲਾਸ਼ਦੇ ਹਾਂ ਜਿਵੇਂ ਕਿ ਗੱਡੀਆਂ ਦਾ ਆਡ-ਈਵਨ ਨੰਬਰ ਦੇ ਹਿਸਾਬ ਬਦਲਵੇਂ ਦਿਨਾਂ ਵਿਚ ਚਲਨ, ਬਚਾਅ ਹਿਤ ਸਕੂਲਾਂ ਵਿਚ ਬੱਚਿਆਂ ਨੂੰ ਛੁੱਟੀਆਂ, ਅਫ਼ਸਰਾਂ, ਮੁਲਾਜ਼ਮਾਂ ਨੂੰ ਪੂਲ ਕਰ ਕੇ ਗੱਡੀ ਦੀ ਵਰਤੋਂ ਕਰਨ ਦੇ ਸੁਝਾਅ ਵਗੈਰਾ ਸ਼ਾਮਲ ਹਨ। ਕੋਈ ਵੀ ਸਰਕਾਰ ਸਮੱਸਿਆ ਦੇ ਪੱਕੇ ਹੱਲ ਪ੍ਰਤੀ ਸੰਜੀਦਾ ਦਿਖਾਈ ਨਹੀਂ ਦਿੰਦੀ।

ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਵਰਤੋਂ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਦੀ ਹੈ।

ਕੂੜੇ ਵਿਚ ਸੁੱਟੇ ਗਏ ਅਜਿਹੇ ਲਿਫ਼ਾਫ਼ਿਆਂ ਨੂੰ ਲੋਕ ਕਈ ਵਾਰ ਅੱਗ ਲਾ ਕੇ ਸੁਰਖ਼ਰੂ ਹੋ ਜਾਂਦੇ ਹਨ। ਪਲਾਸਟਿਕ ਦਾ ਧੂੰਆਂ ਟੌਕਸਿਕ (ਪੌਲੀ ਕਲੋਰੀਨੇਟਡ ਬਾਈ ਫਿਨਾਇਲ) ਗੈਸ ਯੁਕਤ

ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਹੁੰਦਾ ਹੈ ਜਿਹੜਾ ਮਨੁੱਖ ਤੇ ਬਨਸਪਤੀ, ਦੋਵਾਂ ਦੀ ਸਿਹਤ ਲਈ ਬਹੁਤ ਹਾਨੀਕਾਰਕ ਹੁੰਦਾ ਹੈ। ਬਾਰਿਸ਼ ਦੇ ਦਿਨਾਂ 'ਚ ਪਲਾਸਟਿਕ ਦੇ ਲਿਫ਼ਾਫ਼ੇ ਸੀਵਰੇਜ ਵਿਚ ਪਾਣੀ ਦੇ ਵਹਾਅ ਅੱਗੇ ਰੁਕਾਵਟ ਦਾ ਕਾਰਨ ਬਣਦੇ ਹਨ। ਸੜਕਾਂ 'ਤੇ ਵਰਤ ਕੇ ਸੁੱਟੇ ਗਏ ਅਜਿਹੇ ਲਿਫ਼ਾਫ਼ੇ ਅਵਾਰਾ ਪਸ਼ੂ ਖਾ ਕੇ ਬਿਮਾਰ ਹੁੰਦੇ ਹਨ। ਪਰਾਲੀ ਸਾੜ ਕੇ ਅਸੀਂ ਵਾਤਾਵਰਨ ਨੂੰ ਤਾਂ ਪਲੀਤ ਕਰਦੇ ਹੀ ਹਾਂ, ਖੇਤਾਂ ਦੇ ਲਾਗੇ-ਛਾਗੇ ਖੜ੍ਹੇ ਦਰੱਖਤਾਂ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਾਂ। ਅੱਗ ਕਾਰਨ ਉੱਠਦਾ ਸੰਘਣਾ ਧੂੰਆਂ ਐਕਸੀਡੈਂਟਾਂ ਦਾ ਕਾਰਨ ਵੀ ਬਣਦਾ ਹੈ। ਮਿੱਤਰ ਕੀੜੇ ਅਗਨ ਭੇਟ ਹੋ ਜਾਂਦੇ ਹਨ। ਮਨੁੱਖੀ ਜੀਵਨ ਦੀ ਸ਼ਾਨ ਪੰਛੀ ਵੱਡੀ ਗਿਣਤੀ ਵਿਚ ਪੰਜਾਬ ਤੋਂ ਪਰਵਾਸ ਕਰ ਗਏ ਹਨ। ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਨੇ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਲਗਪਗ ਪੂਰੇ ਮਾਲਵੇ ਵਿਚ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ। ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਲੋੜ ਨਾਲੋਂ ਵੱਧ ਪਾਈ ਗਈ ਹੈ। ਅਜਿਹੇ ਪਾਣੀ ਦੀ ਵਰਤੋਂ ਮਨੁੱਖਾਂ, ਜੀਵ-ਜੰਤੂਆਂ ਅਤੇ ਫ਼ਸਲਾਂ ਲਈ ਅਤਿਅੰਤ ਖ਼ਤਰਨਾਕ ਹੈ। ਇਸ ਖੇਤਰ ਵਿਚ ਕਿਡਨੀ ਰੋਗਾਂ ਅਤੇ ਕੈਂਸਰ ਵਰਗੀ ਭਿਆਨਕ ਜਾਨਲੇਵਾ ਬਿਮਾਰੀ ਨੇ ਪੈਰ ਪਸਾਰ ਲਏ ਹਨ। ਪਾਣੀ ਨੂੰ ਪ੍ਰਦੂਸ਼ਿਤ ਕਰਨ ਵਿਚ ਫੈਕਟਰੀਆਂ ਵਾਲੇ ਵੀ ਰਸਾਇਣ ਯੁਕਤ ਰਹਿੰਦ-ਖੂਹੰਦ ਧਰਤੀ ਹੇਠ ਭੇਜ ਕੇ ਆਪਣਾ ਯੋਗਦਾਨ ਪਾ ਰਹੇ ਹਨ। ਪ੍ਰਦੂਸ਼ਣ ਰੋਕੂ ਮਹਿਕਮੇ ਦੁਆਰਾ ਫੜੇ ਜਾਣ 'ਤੇ ਥੋੜ੍ਹਾ-ਬਹੁਤਾ ਜੁਰਮਾਨਾ ਭਰ ਕੇ ਫਿਰ ਤੋਂ ਉਹੀ ਕੰਮ ਫੜ ਲੈਂਦੇ ਹਨ। ਅਨਟਰੀਟਡ ਪਾਣੀ ਨੂੰ ਧਰਤੀ ਹੇਠ ਭੇਜਣਾ ਕਾਨੂੰਨਨ ਜੁਰਮ ਕਰਾਰ ਦਿੱਤਾ ਜਾਵੇ ਅਤੇ ਪਾਣੀ ਦੀ ਸ਼ੁੱਧਤਾ ਲਈ ਪਲਾਂਟ ਦੇ ਅੰਦਰ ਹੀ ਵਿਵਸਥਾ ਹੋਣੀ ਚਾਹੀਦੀ ਹੈ।

ਵੱਡਾ ਸਵਾਲ ਇਹ ਹੈ ਕਿ ਆਖ਼ਰ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਕਿਵੇਂ ਬਚਾਇਆ ਜਾਵੇ? ਇਸ ਦਾ ਜਵਾਬ ਇਹ ਹੈ ਕਿ ਸਰਕਾਰਾਂ ਵੱਲੋਂ ਕਿਸਾਨਾਂ, ਵਾਤਾਵਰਨ ਪ੍ਰੇਮੀਆਂ, ਵਾਤਾਵਰਨ ਵਿਗਿਆਨੀਆਂ, ਡਾਕਟਰਾਂ ਅਤੇ ਸੁਹਿਰਦ ਅਫ਼ਸਰਾਂ ਉੱਤੇ ਆਧਾਰਤ ਇਕ ਗ਼ੈਰ-ਸਿਆਸੀ ਕਮੇਟੀ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ ਜਿਹੜੀ ਪਰਾਲੀ ਸਾੜਨ ਨੂੰ ਰੋਕਣ ਲਈ ਸਰਬ-ਪ੍ਰਵਾਨਤ ਹੱਲ ਸੁਝਾਵੇ। ਪਰਾਲੀ ਤੋਂ ਬਾਇਓ ਐਨਰਜੀ, ਗੱਤਾ, ਕਾਗਜ਼, ਫਿਊਲ ਆਦਿ ਤਿਆਰ ਕਰਨ ਦੇ ਪਲਾਂਟ ਲਗਾਏ ਜਾਣ ਬਾਰੇ ਸੋਚਿਆ ਜਾ ਸਕਦਾ ਹੈ। ਕਿਸਾਨ ਦੀ ਆਮਦਨ ਨੂੰ ਬਿਨਾਂ ਪ੍ਰਭਾਵਿਤ ਕੀਤਿਆਂ ਉਸ ਨੂੰ ਖੇਤੀ ਵਿਭਿੰਨਤਾ ਲਈ ਮਨਾਇਆ ਜਾਵੇ। ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਖੇਤੀ ਵਿਗਿਆਨੀਆਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਕਰਨਾ ਯਕੀਨੀ ਬਣਾਇਆ ਜਾਵੇ। ਫੈਕਟਰੀਆਂ ਦਾ ਪ੍ਰਦੂਸ਼ਣ ਘਟਾਉਣ ਲਈ ਫੈਕਟਰੀ ਮਾਲਕਾਂ ਦੀ ਨਕੇਲ ਕੱਸੀ ਜਾਵੇ।

ਉਲੰਘਣਾ ਕਰਨ ਵਾਲਿਆਂ ਦਾ ਲਾਇਸੈਂਸ ਰੱਦ ਕਰ ਕੇ ਸਦਾ ਲਈ ਤਾਲਾ ਲਗਾਇਆ ਜਾਵੇ। ਪ੍ਰਦੂਸ਼ਣ ਕੰਟਰੋਲ ਬੋਰਡ ਦੇ ਕਿਸੇ ਪੱਧਰ ਦੇ ਅਧਿਕਾਰੀ ਦੁਆਰਾ ਆਪਣੀ ਡਿਊਟੀ ਪ੍ਰਤੀ ਵਰਤੀ ਅਣਗਹਿਲੀ ਲਈ ਸਖ਼ਤ ਤੋਂ ਸਖ਼ਤ ਸਜ਼ਾ ਦੀ ਵਿਵਸਥਾ ਕੀਤੀ ਜਾਵੇ। ਰੁੱਖ ਸਾਨੂੰ ਸ਼ੁੱਧ ਹਵਾ ਦਿੰਦੇ ਹਨ। ਫਲ, ਫੁੱਲ, ਲੱਕੜੀ, ਬਹੁਤ ਸਾਰੀਆਂ ਦਵਾਈਆਂ ਰੁੱਖਾਂ ਦੀ ਦੇਣ ਹਨ। ਮੀਂਹ ਪੁਆਉਣ ਤੇ ਹੜ੍ਹਾਂ ਨੂੰ ਰੋਕਣ ਵਿਚ ਰੁੱਖ ਸਾਡੀ ਮਦਦ ਕਰਦੇ ਹਨ। ਉਨ੍ਹਾਂ ਦੇ ਫ਼ਾਇਦਿਆਂ ਨੂੰ ਮੁੱਖ ਰੱਖਦੇ ਹੋਏ ਸੋਸ਼ਲ ਫਾਰੈਸਟਰੀ ਯਾਨੀ ਨਦੀਆਂ-ਨਾਲਿਆਂ, ਨਹਿਰਾਂ-ਸੂਇਆਂ, ਸੜਕਾਂ ਤੇ ਰੇਲ ਪਟੜੀਆਂ ਦੇ ਦੁਆਲੇ ਵੱਧ ਤੋਂ ਵੱਧ ਪੌਦੇ ਲਾਏ ਜਾਣ।

ਪਲਾਸਟਿਕ ਦੀ ਵਰਤੋਂ 'ਤੇ 100% ਪਾਬੰਦੀ ਆਇਦ ਕਰ ਕੇ ਕਾਗਜ਼ ਦੇ ਲਿਫ਼ਾਫ਼ੇ, ਕੱਪੜੇ ਦੇ ਥੈਲੇ ਅਤੇ ਗਲਣਯੋਗ ਪਲਾਸਟਿਕ ਦੀ ਸਮੱਗਰੀ ਵਰਤੋਂ 'ਚ ਲਿਆਂਦੀ ਜਾਵੇ। ਵਾਤਾਵਰਨ ਅਨੁਕੂਲ ਖਾਦਾਂ, ਦਵਾਈਆਂ ਜਿਵੇਂ ਕਿ ਨੀਮ ਕੋਟਡ ਯੂਰੀਆ ਆਦਿ ਵਰਤੋਂ 'ਚ ਲਿਆਂਦੀਆਂ ਜਾਣ। ਪੈਟਰੋਲ-ਡੀਜ਼ਲ ਦਾ ਬਦਲ ਫਲੈਕਸ ਫਿਊਲ ਵਾਲੇ ਇੰਜਣ ਵਾਲੇ ਵਾਹਨਾਂ ਦੀ ਵਰਤੋਂ ਕੀਤੀ ਜਾਵੇ। ਪੈਟਰੋਲ ਦੀ ਥਾਂ ਬਦਲਵੇਂ ਈਂਧਨ ਜਿਵੇਂ ਕਿ ਈਥਨੌਲ ਮਿਸ਼ਰਤ ਨੂੰ ਉਪਯੋਗ 'ਚ ਲਿਆਂਦਾ ਜਾਵੇ। ਭਾਰਤ ਦੇ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਦਾ ਉਹ ਬਿਆਨ ਕਿ ਭਾਰਤ ਨੇ 2030 ਤਕ 20% ਈਥਾਨੌਲ ਮਿਸ਼ਰਣ ਵਾਲੇ ਈਂਧਨ ਦਾ ਟੀਚਾ ਮਿੱਥਿਆ ਹੈ, ਸਵਾਗਤਯੋਗ ਹੈ। ਦੋਸਤੋ! ਵੇਲਾ ਹੈ ਜਾਗਣ ਦਾ। ਇਹ ਕੰਮ ਕਿਸੇ ਇਕੱਲੇ ਦਾ ਨਹੀਂ ਸਗੋਂ ਸਾਨੂੰ ਸਾਰਿਆਂ ਨੂੰ ਇਕ ਜ਼ਿੰਮੇਵਾਰ ਨਾਗਰਿਕ ਦੀ ਭੂਮਿਕਾ ਨਿਭਾਉਣੀ ਹੋਵੇਗੀ।

ਉਲਟਾ ਕੈਸਾ ਜ਼ਮਾਨਾ ਆਇਆ - ਕੁੜੀਆਂ ਮੁੰਡਿਆਂ ਹੈ ਭੇਸ ਵਟਾਇਆ

ਜੋ ਕੁਝ ਵੀ ਅੱਜ ਸਾਡੇ ਸਮਾਜ ਵਿੱਚ ਹੋ ਰਿਹਾ ਹੈ ਉਸ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਪੰਜਾਬ ਦੀ ਧਰਤੀ ਉੱਤੇ ਵੀ ਕੀ ਕੁਝ ਹੋਣਾ ਸ਼ੁਰੂ ਹੋ ਗਿਆ ਹੈ। ਅੱਜ ਕੱਲ੍ਹ ਮੁੰਡੇ ਤਾਂ ਕੁੜੀਆਂ ਵਾਲੇ ਰੰਗ ਰੂਪ ਪਹਿਰਾਵੇ ਵਿੱਚ ਰਹਿੰਦੇ ਨਜ਼ਰ ਆ ਰਹੇ ਹਨ ਤੇ ਕੁੜੀਆਂ ਮੁੰਡਿਆਂ ਦੀ ਤਰ੍ਹਾਂ, ਇਹ ਬਿਮਾਰੀ ਹੈ ਤਾਂ ਬਹੁਤ ਘੱਟ ਪਰ ਦਿਨੋਂ ਦਿਨ ਜਿਹੜੇ ਹਿਸਾਬ ਨਾਲ ਵੱਧਦੀ ਜਾ ਰਹੀ ਹੈ ਉਹ ਹੈ ਵੀ ਕਰਦੀ ਹੈ ਤੇ ਫਿਕਰਮੰਦ ਵੀ ਕਿਉਂਕਿ ਇਸ ਤਰੀਕੇ ਬਿਨਾਂ ਰੋਕ ਟੋਕ ਦੇ ਜੋ ਚੱਲ ਰਿਹਾ ਹੈ ਉਸ ਨੂੰ ਦੇਖ ਕੇ ਨਵੇਂ ਵੀ ਇਸ ਵਹਿਣ ਵਿੱਚ ਵਹਿ ਰਹੇ ਹਨ। ਪਿਛਲੇ ਪੰਜ ਚਾਰ ਸਾਲਾਂ ਦੇ ਵਿੱਚ ਹੀ ਪੰਜਾਬ ਦੇ ਸ਼ਹਿਰੀ ਇਲਾਕੇ ਨੂੰ ਛੱਡੋ ਪੇਂਡੂ ਇਲਾਕਿਆਂ ਵਿੱਚ ਵੀ ਨੌਜਵਾਨ ਲੜਕੀਆਂ ਨੇ ਪਹਿਰਾਵੇ ਵਿੱਚ ਪੈਂਟ ਕਮੀਜ਼ ਟੀ ਸ਼ਰਟ ਪਜ਼ਾਮੇ ਨੂੰ ਇਸ ਤਰੀਕੇ ਸ਼ਾਮਲ ਕਰ ਲਿਆ ਹੈ ਜਿਵੇਂ ਇਹ ਸਾਡੇ ਲਈ ਬਹੁਤ ਜਰੂਰੀ ਹੋ ਗਿਆ ਹੋਵੇ। ਹੋਰ ਤਾਂ ਹੋਰ ਸਿੱਖਿਆ ਦੇ ਕੇਂਦਰ ਸਕੂਲਾਂ ਕਾਲਜਾਂ ਯੂਨੀਵਰਸਿਟੀ ਖਾਸ ਕਰ ਆਇਲਸ ਸੈਂਟਰਾਂ ਵਿੱਚ ਤਾਂ ਇਨ੍ਹਾਂ ਪਹਿਰਾਵੇਆਂ ਦੇ ਵਿੱਚੋਂ ਨੰਗੇਜ਼

ਵੀ ਖੁੱਲ੍ਹ ਕੇ ਦਿਸਦਾ ਹੈ ਤੇ ਵਿਗੜੀ ਮੰਡੀਰ ਘਟੀਆ ਤੰਜ਼ ਕਸਦੀ ਹੈ ਤੇ ਫਿਰ ਲੜ੍ਹਾਈ ਝਗੜੇ ਵੀ ਸ਼ੁਰੂ ਹੁੰਦੇ ਹਨ। ਹੁਣ ਗੱਲ ਤਾਂ ਇਹ ਹੈ ਕਿ ਜਦੋਂ ਬੱਚੇ ਖਾਸਕਰ ਨੌਜਵਾਨ ਲੜਕੀਆਂ ਅਜਿਹੇ ਗਲਤ ਪਹਿਰਾਵੇ ਪਾ ਕੇ ਸਕੂਲਾਂ ਕਾਲਜਾਂ ਵਿੱਚ ਜਾਂਦੇ ਹਨ ਤਾਂ ਸਭ ਤੋਂ ਪਹਿਲਾਂ ਘਰ ਦੇ ਮੁੱਖੀ ਮਾਂ ਬਾਪ ਸਮਝਾਉਣ ਤੇ ਵਰਜਣ। ਪਰ ਕੀ ਕਰੀਏ ਜਿਨ੍ਹਾਂ ਨੇ ਵਰਜਣਾ ਹੈ ਉਹ ਤਾਂ ਪਹਿਲਾਂ ਹੀ ਖੁਦ ਮੇਮ ਬਣਕੇ ਰਹਿੰਦੀ ਹੈ। ਹੋਰ ਤਾਂ ਹੋਰ ਪਿੰਡਾਂ ਵਿੱਚ ਖੇਤਾਂ 'ਚੋਂ ਕੱਖ ਪੱਠੇ ਲੈਣ ਗਈਆਂ ਸਿਆਣੀ ਉਮਰ ਦੀਆਂ ਬੀਬੀਆਂ ਵੀ ਗਲਤ ਕੱਪੜੇ ਪਾਉਣ ਦੀਆਂ ਸ਼ਕੀਨ ਹੋ ਗਈਆਂ। ਜਦੋਂ ਲੜਕੀਆਂ ਦੇ ਬਹੁਤ ਹੀ ਫਿੱਟ ਤੰਗ ਜੀਨ ਪਾਈ ਦੇਖਦੇ ਹਾਂ ਤਾਂ ਇਹ ਸੋਚੀਦਾ ਕਿ ਇਹ ਪਾਈ ਕਿਵੇ ਹੋਉ। ਬਹੁਤ ਜਿਆਦਾ ਤੰਗ ਕੱਪੜੇ ਪਾਉਣਾ ਸਿਹਤ ਲਈ ਵੀ ਹਾਨੀਕਾਰਕ ਹਨ। ਮੇਰੀ ਇਹ ਗੱਲ ਕਈਆਂ ਨੂੰ ਚੁਭੇਗੀ। ਜੇ ਅਸੀਂ ਬੱਚਿਆਂ ਨੂੰ ਆਪ ਖੁਦ ਹੀ ਨਹੀ ਸਮਝਾਵਾਗੇ ਤਾਂ ਕੋਈ ਦੂਸਰਾ ਥੋੜ੍ਹਾ ਸਮਝਾਉਗਾ। ਵੈਸੇ ਵੀ ਪੰਜਾਬਣ ਮੁਟਿਆਰਾਂ ਦੀ ਜੋ ਟੌਹਰ ਸਸਤੇ ਪੰਜਾਬੀ ਸੂਟ ਨਾਲ ਹੈ ਉਹ ਮਹਿੰਗੇ ਤੋਂ ਮਹਿੰਗੇ ਪੈਂਟ ਕਮੀਜ਼ ਜੀਨ ਨਾਲ ਕਦੇ ਨਹੀਂ ਹੋ ਸਕਦੀ ਨਾਲੇ ਪੈਂਟ ਕਮੀਜ਼ ਤੇ ਹੋਰ ਗਲਤ ਕੱਪੜੇ ਪਾਉਣਾ ਹੀ ਔਰਤ ਦੀ ਅਜ਼ਾਦੀ ਨਹੀਂ। ਬੀਤੇ ਦਿਨੀਂ ਵਿਦੇਸ਼ ਤੋਂ ਆਏ ਹੋਏ ਵਿਅਕਤੀ ਨੇ ਇਹ ਸਭ ਦੇਖਕੇ ਕਿਹਾ ਕਿ ਜੋ ਪਹਿਰਾਵਾ ਪੰਜਾਬ ਵਿੱਚ ਬੀਬੀਆਂ ਦੇ ਦੇਖ ਰਹੇ ਹਾਂ ਇਸ ਤਰ੍ਹਾਂ ਤਾਂ ਵਿਦੇਸ਼ਾਂ ਵਿੱਚ ਵੀ ਨਹੀਂ। ਹੁਣ ਮੁੰਡਿਆਂ ਵੱਲ ਦੇਖੀਏ ਤਾਂ ਉਹ ਜ਼ਨਾਨਾ ਲੜਕੀਆਂ ਦੇ ਕੱਪੜੇ ਪਾ ਕੇ ਰੱਖਣ ਵੱਲ ਨੂੰ ਹੋ ਤੁਰੇ ਹਨ। ਉਪਰੋਂ ਮੁੰਡੇ ਕੁੜੀਆਂ ਗਲ

ਬਦਲ ਰਹੇ ਮੌਸਮ ਵਿੱਚ ਖੰਘ ਨੇ ਕੀਤਾ ਪ੍ਰੇਸ਼ਾਨ

''ਸ਼ੁਰੂ ਵਿੱਚ ਗਲੇ ਅੰਦਰ ਖਰਾਸ਼ ਤੇ ਸੁੱਕੀ ਖਾਂਸੀ, ਜੁਕਾਮ, ਛਿੱਕਾਂ, ਬੁਖਾਰ ਦੇ ਲੱਛਣ ਦੇਖੇ ਜਾਂਦੇ ਹਨ। ਸੁੱਕੀ ਖੰਘ ਕਾਰਨ ਬਲਗਮ ਬਾਹਰ ਨਾ ਆਉਣ ਤੇ ਛਾਤੀ ਵਿੱਚ ਜਕੜਨ, ਦਰਦ ਮਹਿਸੂਸ ਹੁੰਦੀ ਹੈ। ਬਲਗਮ ਵਾਲੀ ਖੰਘ ਦੀ ਹਾਲਤ ਵਿੱਚ ਕਮਜ਼ੋਰ ਤੇ ਬੁਜ਼ੁਰਗਾਂ ਲਈ ਬਾਰ-ਬਾਰ ਥੁਕਨਾ ਮੁਸ਼ਕਲ ਹੋ ਜਾਂਦਾ ਹੈ - ਅਨਿਲ ਧੀਰ ਕਾਲਮਨਿਸਟ ਥੈਰਾਪਿਸਟ ਹੈਲਥ ਐਜੂਕੇਟਰ ਅਵਾਰਡ ਵਿਜੇਤਾ ਸੋਸਲ ਐਕਟੀਵਿਸਟ



ਫੇਫੜਿਆਂ ਦੀ ਆਮ ਬਿਮਾਰੀ ਖੰਘ ਦਾ ਹਰ ਮੌਸਮ ਸਰਦੀ, ਗਰਮੀ 'ਤੇ ਬਰਸਾਤ ਵਿੱਚ ਅਸਰ ਦੇਖਿਆ ਜਾਂਦਾ ਹੈ। ਬੱਚੇ, ਨੌਜਵਾਨ ਤੇ ਬਜ਼ੁਰਗਾਂ ਲਈ ਇਸ ਹਾਲਤ ਵਿੱਚ ਕੋਈ ਵੀ ਕੰਮ ਕਰਨਾ ਔਖਾ ਹੀ ਨਹੀਂ ਕਦੇ-ਕਦੇ ਨਾਮੁਮਕਿਨ ਵੀ ਹੋ ਜਾਂਦਾ ਹੈ। ਸ਼ੁਰੂ ਵਿੱਚ ਗਲੇ ਅੰਦਰ ਖਰਾਸ਼ ਤੇ ਸੁੱਕੀ ਖਾਂਸੀ, ਜੁਕਾਮ, ਛਿੱਕਾਂ, ਬੁਖਾਰ ਦੇ ਲੱਛਣ ਦੇਖੇ ਜਾਂਦੇ ਹਨ। ਸੁੱਕੀ ਖੰਘ ਕਾਰਨ ਬਲਗਮ ਬਾਹਰ ਨਾ ਆਉਣ ਤੇ ਛਾਤੀ ਵਿੱਚ ਜਕੜਨ, ਦਰਦ ਮਹਿਸੂਸ ਹੁੰਦੀ ਹੈ। ਬਲਗਮ ਵਾਲੀ ਖੰਘ ਦੀ ਹਾਲਤ ਵਿੱਚ ਕਮਜ਼ੋਰ ਤੇ ਬਜ਼ੁਰਗਾਂ ਲਈ ਬਾਰ-ਬਾਰ ਥੁਕਨਾ ਮੁਸ਼ਕਲ ਹੋ ਜਾਂਦਾ ਹੈ।

ਖੰਘ ਸਰੀਰ ਅੰਦਰ ਪ੍ਰਤੀਕਰਮ ਦਾ ਤਰੀਕਾ ਹੈ ਜਦੋਂ ਕੋਈ ਚੀਜ ਗਲੇ ਅੰਦਰ ਹਵਾ ਦੇ ਰਸਤੇ ਨੂੰ ਪਰੇਸ਼ਾਨ ਕਰਦੀ ਹੈ। ਚਿੜਚਿੜੇਪਨ ਤੰਤੂਆਂ ਨੂੰ ਉਤੇਜਿਤ ਕਰਕੇ ਦਿਮਾਗ ਨੂੰ ਸੰਦੇਸ਼ ਭੇਜਦੇ ਹਨ। ਦਿਮਾਗ ਛਾਤੀ ਅਤੇ ਪੇਟ ਦੀਆਂ ਮਾਸਪੇਸ਼ੀਆਂ ਦੇ ਐਕਸ਼ਨ ਨਾਲ ਫੇਫੜਿਆਂ ਅੰਦਰੋਂ ਹਵਾ ਦੇ ਧੱਕੇ ਨਾਲ ਬਾਹਰ ਆਉਣ ਦੀ ਕ੍ਰਿਆ ਨੂੰ ਖੰਘ ਕਿਹਾ ਜਾਂਦਾ ਹੈ।

ਮਿੱਟੀ- ਘੱਟੇ ਵਾਲਾ, ਜਿਆਦਾ ਹੀਟ ਤੇ ਠੰਢ ਦੇ ਮਾਹੌਲ ਤੇ ਮੌਸਮ ਵਿਚ ਬਦਲਾਅ, ਅਲਰਜ਼ੀ, ਕਮਜ਼ੋਰ ਫੇਫੜੇ, ਨਮੂਨਿਆ, ਦਮਾ, ਰਹਿਣ ਕਰਕੇ ਖਾਂਸੀ ਸ਼ੁਰੂ ਹੋ ਜਾਂਦੀ ਹੈ। ਖੰਘ ਦੀ ਹਾਲਤ ਵਿਚ ਨੀਂਦ ਨਾ ਆਉਣ ਕਰਕੇ ਸਿਰ ਦਰਦ, ਚੱਕਰ ਆਉਣਾ ਦੇ ਨਾਲ ਲਗਾਤਾਰ ਥਕਾਵਟ ਮਹਿਸੂਸ ਹੁੰਦੀ ਹੈ। ਆਮ ਹਾਲਤ ਵਿੱਚ ਖਿਆਲ ਨਾ ਰੱਖਣ ਨਾਲ ਬਿਮਾਰੀ ਵੱਧ ਜਾਂਦੀ ਹੈ। ਠੰਡ ਵਿੱਚ ਛੋਟੇ ਬਚਿਆਂ ਦਾ ਖਾਸ ਖਿਆਲ ਰੱਖੋ।ਖੰਘ ਤੋਂ ਤੰਗ ਲੋਕ ਖੰਘ ਦੀ ਆਮ ਹਾਲਤ ਵਿੱਚ ਘਰੇਲੂ ਰੇਮੇਡੀਜ਼ ਦਾ ਫਾਇਦਾ ਲੈ ਸਕਦੇ ਹਨ। ਆਪਣਾ ਖਿਆਲ ਰੱਖੋ:

- ਗਲੇ ਤੇ ਨੱਕ ਦੀ ਸਫਾਈ ਅਤੇ ਖੰਘ-ਜੁਕਾਮ ਦੀ ਹਾਲਤ ਵਿੱਚ 2-3 ਬਾਰ ਸਟੀਮ (ਭਾਫ) ਲਵੋ। ਘਰ ਅੰਦਰ ਪਤੀਲੇ ਵਿੱਚ ਪਾਣੀ, ਚੁਟਕੀ

ਅਨਿਲ ਧੀਰ
ਕਾਲਮਨਿਸਟ
healthmedia1@hotmail.com

ਨਮਕ ਪਾ ਕੇ ਉਬਾਲੋ। ਮੂੰਹ-ਸਿਰ ਟਾਵਲ ਨਾਲ ਢੱਕ ਗਰਮ ਪਤੀਲੇ ਤੋਂ ਮੂੰਹ ਥੋੜਾ ਦਰ ਰੱਖ ਕੇ ਲੰਬਾ ਸਾਹ ਲੈਂਦੇ ਹੋਏ ਭਾਫ ਲੈਣ ਨਾਲ ਆਰਾਮ ਮਿਲਦਾ ਹੈ।

- ਆਈਸਕ੍ਰੀਮ, ਕੋਲਡ ਡ੍ਰਿੰਕਸ, ਜੰਕ-ਫੂਡ ਯਾਨਿ ਤਲੀਆਂ, ਮਸਾਲੇਦਾਰ ਤੇ ਖੱਟੇ ਪਦਾਰਥਾਂ ਦਾ ਸੇਵਨ ਨਾ ਕਰੋ।
- ਗਰਮ ਪਾਣੀ ਵਿੱਚ ਸ਼ਹਿਦ ਮਿਕਸ ਕਰਕੇ ਲਗਾਤਾਰ ਪੀਓ। ਘਰੇਲੂ ਗਰਮ ਮਿਕਸ ਵੇਜ਼ੀਟੇਬਲ ਤੇ ਚਿਕਨ ਸੂਪ ਕਾਲੀ ਮਿਰਚ ਪਾਉਡਰ ਮਿਲਾ ਕੇ ਬਾਰ-ਬਾਰ ਇਸਤੇਮਾਲ ਕਰੋ।ਅਦਰਕ-ਕਾਲੀ ਮਿਰਚ, ਸ਼ਹਿਦ ਵਾਲੀ ਜਾਂ ਦੇਸੀ ਚਾਹ ਸੇਵਨ ਕਰੋ।
- ਛੋਟੇ ਬੱਚਿਆਂ ਨੂੰ ਸ਼ਹਿਦ ਚਟਾਓ।ਛਾਤੀ ਤੇ ਥੋੜੀ ਵਿਕਸ ਲਗਾ ਸਕਦੇ ਹੋ। ਛਾਤੀ ਤੇ ਘੱਟ ਗਰਮ ਸਰੋਂ ਦੇ ਤੇਲ ਦੀ ਮਾਲਿਸ਼ ਕਰਨੀ ਚਾਹੀਦੀ ਹੈ।
- ਜਿਆਦਾ ਖਾਂਸੀ ਦੀ ਹਾਲਤ ਵਿੱਚ ਆਯੁਰਵੈਦਿਕ ਚੂਰਨ ਸਿਤੋਪਲਾਦੀ ਸ਼ਹਿਦ ਮਿਲਾ ਕੇ ਇਸਤੇਮਾਲ ਕਰੋ।
- ਸੁੱਕੀ ਖੰਘ ਵਿੱਚ ਛੋਟੀ ਇਲਾਚੀ, ਲੌਂਗ, ਮਿਸਰੀ ਚੂਸਦੇ ਰਹੋ।ਤਬੇ ਤੇ ਮੁਨੱਕਾ ਭੁੰਨ ਕੇ ਚੂਸਣ ਨਾਲ ਰਾਹਤ ਮਿਲਦੀ ਹੈ।
- ਬਲਗਮ ਵਾਲੀ ਖੰਘ ਵਿੱਚ ਗਰਮ ਦੁੱਧ ਹਲਦੀ ਪਾਉਡਰ, ਸ਼ਹਿਦ ਮਿਕਸ ਕਰਕੇ ਸੇਵਨ ਕਰੋ।
- ਸ਼ਕੀਨੀ ਛੱਡੋ, ਘਰੋਂ ਬਾਹਰ ਜਾਣ ਵੇਲੇ ਬੱਚਿਆਂ ਦੇ ਤੇ ਆਪਣੇ ਮੌਸਮ ਮੁਤਾਬਕ ਕਪੜੇ ਪਾਓ।
- ਅਲਕੋਹਲ ਅਤੇ ਹਰ ਕਿਸਮ ਦੇ ਨਸ਼ੇ ਫੇਫੜਿਆਂ ਲਈ ਜ਼ਹਿਰ ਸਾਬਿਤ ਹੋ ਰਹੇ ਹਨ।

ਨੋਟ: ਅੱਜ ਵੀ ਕੋਵਿਡ ਦੇ ਕਈ ਵੇਰੀਏਂਟਸ ਦੇ ਚਲਦੇ ਹੋਏ ਲਗਾਤਾਰ ਸੁੱਕੀ ਤੇ ਬਲਗਮ ਵਾਲੀ ਖੰਘ ਦੀ ਹਾਲਤ ਵਿੱਚ ਲਾਪਰਵਾਹੀ ਨਾ ਵਰਤੋਂ। ਗਰਭਵਤੀ ਔਰਤਾਂ ਖਾਸ ਖਿਆਲ ਰੱਖਣ। ਵਰਕ-ਪਲੇਸ 'ਤੇ ਕੰਮ ਦੌਰਾਣ ਮੂੰਹ ਢੱਕ ਕੇ ਅਤੇ ਸਹੀ ਦੂਰੀ ਬਣਾ ਕੇ ਰੱਖੋ। ਘਰ ਦੇ ਆਮ ਰੇਮੀਡੀਜ਼ ਨਾਲ ਠੀਕ ਨਾ ਹੋਣ ਦੀ ਹਾਲਤ ਵਿੱਚ ਤੁਰੰਤ ਫੈਮਿਲੀ ਡਾਕਟਰ ਨਾਲ ਸੰਪਰਕ ਕਰੋ।

ਕੈਂਸਰ ਦੇ ਡਰਾਉਣੇ ਅੰਕੜੇ: ਘੱਟ ਉਮਰ ਦੇ ਵਿਅਕਤੀਆਂ 'ਚ ਕੈਂਸਰ ਰੋਗ ਦਾ ਵਾਧਾ ਚਿੰਤਾਜਨਕ

ਘੱਟ ਉਮਰ ਦੇ ਵਿਅਕਤੀਆਂ 'ਚ ਕੈਂਸਰ ਰੋਗ ਵਧਣ ਦੀ ਖ਼ਬਰ ਬੇਹੱਦ ਚਿੰਤਾਜਨਕ ਹੈ। ਇਕ ਤਾਜ਼ਾ ਅਧਿਐਨ 'ਚ ਇਹ ਖ਼ੁਲਾਸਾ ਹੋਇਆ ਹੈ। ਇਹ ਅਧਿਐਨ ਰਿਪੋਰਟ ਇੰਗਲੈਂਡ ਦੀ ਰਾਜਧਾਨੀ ਲੰਡਨ ਤੋਂ ਪ੍ਰਕਾਸ਼ਿਤ ਹੁੰਦੇ ਮੈਡੀਕਲ ਰਸਾਲੇ 'ਬੀਐੱਮਜੇ ਔਨਕੌਲੋਜੀ' ਦੇ ਹਾਲੀਆ ਅੰਕ 'ਚ ਪ੍ਰਕਾਸ਼ਿਤ ਹੋਈ ਹੈ। ਇਹ ਰਸਾਲਾ ਕੈਂਸਰ ਬਾਰੇ ਹਰ ਤਰ੍ਹਾਂ ਦੀਆਂ ਤਾਜ਼ਾ ਖੋਜਾਂ ਦੇ ਤੱਥ ਪ੍ਰਕਾਸ਼ਿਤ ਕਰਦਾ ਹੈ।

ਸਕਾਟਲੈਂਡ ਦੀ ਐਡਿਨਬਰਾ ਯੂਨੀਵਰਸਿਟੀ ਵੱਲੋਂ ਕੀਤੇ ਗਏ ਹਾਲੀਆ ਅਧਿਐਨ 'ਚ ਇਹ ਦਾਅਵਾ ਕੀਤਾ ਗਿਆ ਹੈ ਕਿ ਦੁਨੀਆ 'ਚ ਪਿਛਲੇ 30 ਸਾਲਾਂ ਦੌਰਾਨ 50 ਸਾਲ ਤੋਂ ਘੱਟ ਉਮਰ ਦੇ ਕੈਂਸਰ ਮਰੀਜ਼ਾਂ ਦੀ ਗਿਣਤੀ 79 ਫ਼ੀਸਦੀ ਵਧੀ ਹੈ ਜੋ ਆਪਣੇ-ਆਪ 'ਚ ਸਿਰ ਜੋੜ ਕੇ ਵਿਚਾਰ-ਵਟਾਂਦਰਾ ਕਰਨ ਵਾਲਾ ਵਿਸ਼ਾ ਹੈ। ਸਾਹ ਨਾਲ਼ੀ, ਫੇਫੜਿਆਂ ਤੇ ਪ੍ਰੋਸਟੇਟ ਕੈਂਸਰ ਦੇ ਮਾਮਲੇ ਜ਼ਿਆਦਾ ਵਧ ਰਹੇ ਹਨ। ਕੋਵਿਡ-19 ਮਹਾਮਾਰੀ ਦਾ ਵਾਇਰਸ ਵੀ ਫੇਫੜਿਆਂ 'ਤੇ ਹੀ ਹਮਲਾ ਕਰਦਾ ਸੀ। ਇਹ ਸਭ ਪ੍ਰਦੂਸ਼ਣ ਕਾਰਨ ਵਾਪਰ ਰਿਹਾ ਹੈ।

ਪੰਜਾਬ ਦੇ ਬਠਿੰਡਾ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਦੇ ਜ਼ਿਆਦਾਤਰ ਇਲਾਕੇ ਧਰਤੀ ਹੇਠਲੇ ਪਾਣੀ ਦੇ ਦੂਸ਼ਿਤ ਹੋਣ ਕਾਰਨ ਕੈਂਸਰ ਰੋਗ ਤੋਂ ਪ੍ਰਭਾਵਿਤ ਰਹੇ ਹਨ। ਇਸੇ ਲਈ ਉਸ ਇਲਾਕੇ ਨੂੰ ਕੈਂਸਰ-ਪੱਟੀ ਵੀ ਆਖਿਆ ਜਾਂਦਾ ਰਿਹਾ ਹੈ। ਇਹੋ ਵਜ੍ਹਾ ਹੈ ਕਿ ਭਾਰਤ ਸਰਕਾਰ ਨੇ ਸਾਲ 2019 'ਚ ਬਠਿੰਡਾ ਵਿਖੇ ਏਮਜ਼ ਦੀ ਸਥਾਪਨਾ ਕਰ ਦਿੱਤੀ ਸੀ ਜਿੱਥੇ ਕੈਂਸਰ ਦਾ ਇਲਾਜ ਹੁੰਦਾ ਹੈ। ਇਸ ਤੋਂ ਇਲਾਵਾ ਬਾਬਾ ਫ਼ਰੀਦ ਯੂਨੀਵਰਸਿਟੀ ਦਾ ਐਡਵਾਂਸਡ ਕੈਂਸਰ ਇੰਸਟੀਚਿਊਟ ਵੀ ਬਠਿੰਡਾ 'ਚ ਸਥਾਪਤ ਕੀਤਾ ਗਿਆ ਹੈ। ਹਾਲੇ 'ਏਮਜ਼' ਦੇ ਮਾਹਰ ਵੀ ਇਸੇ ਇੰਸਟੀਚਿਊਟ ਦੀ ਮਦਦ ਨਾਲ ਕੈਂਸਰ ਰੋਗੀਆਂ ਦਾ ਇਲਾਜ ਕਰ ਰਹੇ ਹਨ। ਸਾਲ 2016 'ਚ ਇਸ ਸੰਸਥਾ ਦੇ ਕਾਇਮ ਹੋਣ ਤੋਂ ਪਹਿਲਾਂ ਅਤੇ ਉਸ ਤੋਂ ਇਕ-ਦੋ ਸਾਲ ਬਾਅਦ ਤੱਕ ਵੀ ਇੱਥੇ ਕੈਂਸਰ ਦੇ ਮਰੀਜ਼ਾਂ ਦੀ ਆਮਦ ਕੋਈ ਬਹੁਤੀ ਨਹੀਂ ਹੁੰਦੀ ਸੀ। ਬਹੁਤੇ ਲੋਕ ਤਦ ਰਾਜਸਥਾਨ ਦੇ ਬੀਕਾਨੇਰ ਸਥਿਤ 'ਅਚਾਰੀਆ ਤੁਲਸੀ ਰਿਜਨਲ ਕੈਂਸਰ ਟਰੱਸਟ ਐਂਡ ਰਿਸਰਚ ਇੰਸਟੀਚਿਊਟ' ਵਿਚ ਜਾ ਕੇ ਹੀ ਆਪਣਾ ਇਲਾਜ ਕਰਵਾਉਣ ਨੂੰ ਤਰਜੀਹ ਦਿੰਦੇ ਸਨ। ਮੁਕਤਸਰ ਸਾਹਿਬ ਤੇ ਬਠਿੰਡਾ ਤੋਂ ਜਾਣ ਵਾਲੀ ਰੇਲ ਗੱਡੀ ਦਾ ਨਾਂ ਤੱਕ 'ਕੈਂਸਰ ਟਰੇਨ' ਪੈ ਗਿਆ ਸੀ ਕਿਉਂਕਿ ਇਸ ਰੇਲ 'ਚ ਤਦ ਬਹੁਤਾਤ ਮੁਸਾਫ਼ਰ ਕੈਂਸਰ ਦੇ ਰੋਗੀ ਹੀ ਹੁੰਦੇ ਸਨ। ਸਾਲ 2017 'ਚ ਪੰਜਾਬੀ ਲੇਖਕ ਨਛੱਤਰ ਨੇ ਇਸ ਇਲਾਕੇ ਦੇ ਅਨੇਕ ਮਰੀਜ਼ਾਂ ਨਾਲ ਗੱਲਬਾਤ ਕਰਨ ਉਪਰੰਤ 'ਕੈਂਸਰ ਟਰੇਨ' ਨਾਂ ਦਾ ਇਕ ਨਾਵਲ ਵੀ ਲਿਖਿਆ ਸੀ ਜੋ ਕਾਫ਼ੀ ਚਰਚਿਤ ਹੋਇਆ ਸੀ।

ਖ਼ੈਰ, ਖੋਜਕਾਰਾਂ ਨੇ 204 ਦੇਸ਼ਾਂ ਦੇ ਸਾਲ 1990 ਤੋਂ 2019 ਤੱਕ ਦੇ ਅੰਕੜਿਆਂ ਦਾ ਡੂੰਘਾ ਅਧਿਐਨ ਕੀਤਾ ਹੈ। ਇਸ 'ਚ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਕੈਂਸਰ ਰੋਗੀਆਂ ਦੀ ਗਿਣਤੀ ਵਿਚ 1990 ਤੋਂ ਬਾਅਦ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਅਧਿਐਨ ਦੇ ਅੰਕੜੇ ਤਾਂ ਹੋਰ ਵੀ ਡਰਾਉਣੇ ਹਨ ਕਿਉਂਕਿ ਇਨ੍ਹਾਂ ਰਾਹੀਂ ਦਾਅਵਾ ਕੀਤਾ ਗਿਆ ਹੈ ਕਿ ਸਾਲ 2030 'ਚ ਛੋਟੀ ਉਮਰੇ ਕੈਂਸਰ ਹੋਣ ਤੇ ਇਸ ਨਾਲ ਜੁੜੀਆਂ ਮੌਤਾਂ ਦੀ ਗਿਣਤੀ 'ਚ 21 ਤੋਂ 31 ਫ਼ੀਸਦੀ ਦਾ ਵਾਧਾ ਹੋਣ ਦੇ ਆਸਾਰ ਹਨ। ਇਹ ਖ਼ਤਰਾ ਸਭ ਤੋਂ ਵੱਧ 40 ਸਾਲ ਦੀ ਉਮਰ ਦੇ ਜਾਂ ਆਪਣੀ ਉਮਰ ਦੇ 40ਵਿਆਂ ਵਿੱਚੋਂ ਲੰਘ ਰਹੇ ਲੋਕਾਂ ਨੂੰ ਹੋਵੇਗਾ।

ਖੋਜਕਾਰਾਂ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਕੈਂਸਰ ਦਾ ਵੱਡਾ ਕਾਰਨ ਜੈਨੇਟਿਕ ਹੁੰਦਾ ਹੈ ਪਰ ਨਾਲ ਹੀ ਇਸ ਲਈ ਖਾਣ-ਪੀਣ ਦੀਆਂ ਕੁਝ ਆਦਤਾਂ ਵੀ ਜ਼ਿੰਮੇਵਾਰ ਹੁੰਦੀਆਂ ਹਨ। ਲਾਲ ਮਾਸ, ਲੂਣ ਦੀ ਜ਼ਿਆਦਾ ਮਾਤਰਾ, ਅਲਕੋਹਲ ਤੇ ਤੰਬਾਕੂ ਦਾ ਸੇਵਨ ਕਰਨ ਵਾਲਿਆਂ 'ਚ ਇਹ ਰੋਗ ਵਧੇਰੇ ਹੋ ਸਕਦਾ ਹੈ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ
– ਹੋਰ ਸੇਵਾਵਾਂ –
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਇੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

ਹਵਾ ਦਾ ਬੁੱਲਾ !

ਸਫ਼ਰ ਲੰਮੇਰਾ ਸੀ,
ਦਿਲ ਤੋਂ ਦਿਲ ਤੱਕ ਦਾ।
ਪੈਂਡਾ ਵੀ ਲੰਮਾ ਸੀ,
ਦਸਤਕ ਸਤਿਕਾਰ ਦੀ ਸੀ।
ਆਇਆ ਤਾਂ ਨਿੱਠ ਕੇ ਸੀ,
ਬੱਸ ਹੱਸ ਕੇ ਚਲਾ ਗਿਆ।
ਉਹ ਹਵਾ ਦਾ ਬੁੱਲਾ ਸੀ,
ਵਿਚ ਵੱਜ ਕੇ ਚਲਾ ਗਿਆ।

ਕੁਝ ਸਮਾਂ ਤਾਂ ਹੋਰ ਖੜ੍ਹਦਾ,
ਕੋਈ ਦਿਲ ਦੀ ਗੱਲ ਕਰਦਾ।
ਜੇ ਪਾਣੀ ਨਾ ਭਰਦਾ।
ਫ਼ ?ਰ ਅੱਗੇ ਗੱਲ ਕਰਦਾ।
ਉਹ ਹਵਾ ਦਾ ਝੌਂਕਾ ਸੀ,
ਬਿਨਾਂ ਕਹੇ ਹੀ ਚਲਾ ਗਿਆ।

ਕੁੰਡਾ ਖੜਕਾਇਆ ਸੀ।
ਜਦ ਮਿਲਣ ਉਹ ਆਇਆ ਸੀ।
ਮੈਂ ਅੱਖੀਆਂ ਵਿਛਾਈਆਂ ਸੀ।
ਪਲਕਾਂ ਵੀ ਗਿਰਾਈਆਂ ਸੀ।
ਅੱਥਰੂ ਗਿਰਨ ਤੋਂ ਪਹਿਲਾਂ,
ਕੋਇਆਂ ਵਿਚ ਅਟਕੇ ਸੀ।
ਓਏ ! ਡਿੱਗਣ ਤਾਂ ਦਿੰਦਾ।
ਪਹਿਲਾਂ ਹੀ ਚਲਾ ਗਿਆ।
ਉਹ ਹਵਾ ਦਾ ਬੁੱਲਾ ਸੀ,
ਖਹਿ ਕੇ ਚਲਾ ਗਿਆ।

ਇੰਤਜ਼ਾਰ ਵੀ ਹੱਦ ਦੀ ਸੀ।
ਵਾਅਦਾ ਵੀ ਕਦ ਦਾ ਸੀ।
ਮੈਂ ਸਿਜਦੇ ਵਿਚ ਵੀ ਸਾਂ,
ਉਹ ਵੀ ਯਦ ਵਿਚ ਸੀ।
ਮਦਹੋਸ਼ੀ ਐਨੀ ਸੀ,
ਮੈਨੂੰ ਹੋਸ਼ ਜਦੋਂ ਆਇਆ ,
ਉਹ ਗਲੀ ਉਲੰਘ ਗਿਆ।
ਉਹ ਹਵਾ ਦਾ ਬੁੱਲਾ ਸੀ,
ਵਿਚ ਵੱਜ ਕੇ ਲੰਘ ਗਿਆ।

ਜਸਪਾਲ ਜੱਸੀ

ਗ਼ਜ਼ਲ

ਹਕੂਮਤ ਕਹਿਰ ਢਾਵੇਗੀ,
ਜਦੋਂ ਤਕ ਲੋਕ ਸੁੱਤੇ ਨੇ।
ਨਵੇਂ ਕਰ ਨਿੱਤ ਲਗਾਵੇਗੀ,
ਜਦੋਂ ਤਕ ਲੋਕ ਸੁੱਤੇ ਨੇ।

ਵਜ਼ਾਰਤ ਹਰ ਸਮੇਂ ਸੋਚੇ,
ਕਿਵੇਂ ਜਨਤਾ ਨੂੰ ਹੈ ਲੁੱਟਣਾਂ,
ਸਿਆਸਤ ਲੁੱਟ ਮਚਾਵੇਗੀ,
ਜਦੋਂ ਤਕ ਲੋਕ ਸੁੱਤੇ ਨੇ।

ਨਹੀਂ ਸਰਕਾਰ ਜਾਗੇਗੀ,
ਅਗਰ ਇਹ ਲੋਕ ਨਾ ਜਾਗੇ,
ਇਹ ਨਿੱਤ ਹੀ ਚੰਨ ਚੜ੍ਹਾਵੇਗੀ,
ਜਦੋਂ ਤਕ ਲੋਕ ਸੁੱਤੇ ਨੇ।

ਇਹ ਕੁਦਰਤ ਹਾਕ ਖ਼ੁਦ ਮਾਰੇ,
ਜਗਾਉਂਦੀ ਸੁੱਤਿਆਂ ਨੂੰ ਇਹ,
ਇਹ ਹੋਕਾ ਨਿਤ ਲਗਾਵੇਗੀ,
ਜਦੋਂ ਤਕ ਲੋਕ ਸੁੱਤੇ ਨੇ।

ਲੋਕਾਈ ਮਜਲਿਸਾਂ ਅੰਦਰ,
ਇਹ ਚਰਚਾ ਹੋਣ ਲੱਗੀ ਹੈ,
ਇਹ ਜਨਤਾ ਮਾਰ ਖਾਵੇਗੀ,
ਜਦੋਂ ਤਕ ਲੋਕ ਸੁੱਤੇ ਨੇ।

ਅਗਰ ਜਮਹੂਰੀਅਤ ਜ਼ਿੰਦਾ,
ਉਨ੍ਹਾਂ ਦੇ ਹੱਕ ਸਲਾਮਤ ਹਨ,
ਹਕੂਮਤ ਤਾਂ ਨਚਾਵੇਗੀ,
ਜਦੋਂ ਤਕ ਲੋਕ ਸੁੱਤੇ ਨੇ।

ਸੱਚਾਈ ਹੋਰ ਹੁੰਦੀ ਹੈ,
ਰਿਆਸਤ ਹੋਰ ਦਿਖਲਾਏ,
ਇਹ ਮੂਰਖ ਨਿੱਤ ਬਣਾਵੇਗੀ,
ਜਦੋਂ ਤਕ ਲੋਕ ਸੁੱਤੇ ਨੇ।

ਦਿਖਾ ਕੇ ਡਰ ਰਕੀਬਾਂ ਦਾ,
ਸਦਾ ਸਰਕਾਰ ਲੁੱਟਦੀ ਹੈ,
ਬੜੇ ਹੀ ਗੁਲ ਖਿਲਾਵੇਗੀ,
ਜਦੋਂ ਤਕ ਲੋਕ ਸੁੱਤੇ ਨੇ।

ਗ਼ਰੀਬਾਂ-ਗੁਰਬਿਆਂ ਨੂੰ ਤਾਂ,
ਸਤਾਉਂਦਾ ਡਰ ਹੈ ਹੁਣ 'ਰਾਣੇ',
ਇਹ ਬਸਤੀ ਬਚ ਨਾ ਪਾਵੇਗੀ,
ਜਦੋਂ ਤਕ ਲੋਕ ਸੁੱਤੇ ਨੇ।

ਜਗਦੀਸ਼ ਰਾਣਾ
7986207849

ਭਾਰਤ ਵੇਚਣ ਵਾਲੇ ਦੋ ਨੇ

ਨਾਢੂ ਖਾਂ ਦੇ ਸਾਲੇ ਦੋ ਨੇ।
ਦੇਸ਼ ਨੂੰ ਵੇਚਣ ਵਾਲੇ ਦੋ ਨੇ।

ਅਰਕ ਨਿਚੋੜਿਆ ਧਰਮਾਂ ਵਾਲਾ,
ਸੌੜੀਆਂ ਸੋਚਾਂ ਵਾਲੇ ਦੋ ਨੇ।

ਅਕਲ ਆਉਣੀ ਤਾਂ ਗੱਲ ਦੂਰ ਦੀ,
ਮੂੰਹ ਤੇ ਲਾਉਂਦੇ ਤਾਲੇ ਦੋ ਨੇ।

ਵਿਕ ਰਿਹਾ ਏ ਹੌਲੀ-ਹੌਲੀ,
ਖਰੀਦਣ ਵਾਲੇ ਲਾਲੇ ਦੋ ਨੇ।

ਵਿਸ਼ਵ ਗੁਰੂ ਬਣ ਮੇਲਾ ਲੁੱਟਦੇ,
ਲੋਕਾਂ ਲੀਡਰ ਭਾਲੇ ਦੋ ਨੇ।

ਗੁੱਝੀ ਰਮਜ਼ ਨਾ ਪੱਲੇ ਪੈਂਦੀ,
ਨਿੱਤ ਦੇ ਘਾਲੇ ਮਾਲੇ ਦੋ ਨੇ।

ਰਾਜੇ ਅੰਨ੍ਹੇ ਗੂੰਗੇ ਬਹਿਰੇ,
ਐਪਰ ਦਿਲ ਦੇ ਕਾਲੇ ਦੋ ਨੇ।

ਗੁੰਡਾਗਰਦੀ ਰਹਿਣ ਕਰਾਉਂਦੇ,
ਗੁੰਡੇ ਪਾਲਣ ਵਾਲੇ ਦੋ ਨੇ।

ਤੂੰ ਵੀ 'ਰਾਜਨ' ਰਹੀਂ ਚੁਕੰਨਾ,
ਅਕਲੋਂ ਗੰਜੇ ਹਾਲੇ ਦੋ ਨੇ।

ਰਜਿੰਦਰ ਸਿੰਘ ਰਾਜਨ
9876184954

ਝੂਠ ਬੋਲ ਕੇ

ਝੂਠ ਬੋਲ ਕੇ ਬਚ ਸਕਦਾ ਏ,
ਸੱਚ ਬੋਲ ਕੇ ਸੂਲੀ ਚੜ੍ਹਜੀ।
ਮੇਰੇ ਨਾਲ ਤਾਂ ਹੁੰਦੀ ਰਹਿੰਦੀ,
ਮੇਰੀ ਥਾਂ ਤੇ ਤੂੰ ਨਾ ਖੜ੍ਹ ਜੀਂ

ਇਸ ਲਈ ਸਮਝਾ ਰਿਹਾ ਤੈਨੂੰ,
ਐਵੇਂ ਗ਼ਲਤ ਨਾ ਸਮਝੀ ਮੈਨੂੰ।
ਤੂੰ ਭਲਾ ਸੋਚੇਗਾ ਬੁਰਾ ਕਹਿਣਗੇ,
ਡਾਂਗਾਂ, ਮਾਰਨਗੇ ਨਾਲੇ ਤੈਨੂੰ।

ਹਾਂ ਰਲਮਾ ਮਿਲਵਾਂ ਬੋਲੀ ਚੱਲੀ,
ਮੇਰੀ ਗੱਲ ਨੂੰ ਪੱਲੇ ਬੰਨ੍ਹੀ।
ਮੇਰੇ ਵਾਂਗੂੰ ਪਾ ਨਾ ਕੱਢਦੀ,
ਭਲੇ ਬੰਦੇ ਦੀ ਗੱਲ ਨੂੰ ਕੰਨੀ।

ਨਾ ਅਰਥੀ ਨਾ ਮੋਢੇ ਜੁੜਣਗੇ,
ਜੇ ਸੱਚ ਦਾ ਪਹਿਰੇਦਾਰ ਬਣੇਗਾ।
ਵੀਰਪਾਲ ਭੱਠਲ ਵਾਂਗੂ ਖਾਈਂ ਛਿੱਤਰ,
ਜੇ ਬਹੁਤਾ ਹੀ ਵਫ਼ਾਦਾਰ ਬਣੇਗਾ।


ਵੀਰਪਾਲ ਕੌਰ ਭੱਠਲ

ਕਵਿਤਾ

ਏਹ ਜੋ ਮੇਰੀ ਗੱਲ ਨਈਂ ਕਰਦੇ
ਸੱਚੀ ਮੇਰੀ ਗੱਲ ਕਰਦੇ ਨੇ।

ਝੂਠੇ-ਝੂਠੇ ਹੁੰਦਿਆਂ ਵੀ ਏ,
ਸੱਚ ਨੂੰ ਆਪਣੇ ਵੱਲ ਕਰਦੇ ਨੇ।

ਮਸਲੇ ਦੀ ਕੋਈ ਗੱਲ ਨਹੀਂ ਕਰਦੇ,
ਉਂਝ ਏਹ ਭਾਵੇਂ ਗੱਲ ਕਰਦੇ ਨੇ।

ਕਿੰਝ ਏ ਆਦਮ ਵਰਗੇ ਬੰਦੇ,
ਛਿੱਲ ਕੇ ਪਿੰਡੇ ਛੱਲ ਕਰਦੇ ਨੇ।

ਰੱਖ ਨਕਾਬਾਂ ਚਿਹਰੇ ਉੱਤੇ,
ਦਾਅਵੇ ਬਸ ਪਲ ਪਲ ਕਰਦੇ ਨੇ।

ਨਿੱਤ ਏ ਮਾਰਨ ਲੱਕ 'ਚ ਮੁੱਕੀਆਂ,
ਹਮਲੇ ਅੱਜ ਤੇ ਕੱਲ੍ਹ ਕਰਦੇ ਨੇ।

ਏਹ ਜੋ ਮੇਰੀ ਗੱਲ ਨਈਂ ਕਰਦੇ,
ਸੱਚੀ ਮੇਰੀ ਗੱਲ ਕਰਦੇ ਨੇ।

ਸਿਮਰਨਜੀਤ ਕੌਰ ਸਿਮਰ

ਡੂੰਘੇ ਭੇਦ...

ਡੂੰਘੀਆਂ ਰਮਜ਼ਾਂ ਤੇ ਡੂੰਘੇ ਭੇਦ,
ਕਾਲਾ ਜਾਗੇ ਤੇ ਊਂਘੇ ਸਫ਼ੇਦ।
ਐਹ ਨਹੀਂ ਮਿਲ ਆ ਇਹ ਕਿਵੇਂ,
ਤੈਨੂੰ ਸਦਾ ਇਹ ਠੂੰਗੇ ਖੇਦ।
ਡੂੰਘੀਆਂ ਰਮਜ਼ਾਂ.....
ਉੱਪਰ ਥੱਲੇ ਲੱਭਿਆ ਰੱਬ ਨੂੰ,
ਇੱਧਰ ਉੱਧਰ ਦੱਸਿਆ ਸੱਭ ਨੂੰ।
ਜੋ ਮਚਾਈ ਦੂਜਿਆਂ ਦੇ ਲਈ,
ਆਪੇ ਹੀ ਫ਼ੇਰ ਚੱਬਿਆ ਅੱਗ ਨੂੰ।
ਦੀਵੇ ਥੱਲੇ ਹਨੇਰਾ ਹੀ ਰਿਹਾ,
ਪੜ੍ਹ ਲਏ ਭਾਵੇਂ ਗੂੰਗੇ ਵੇਦ।
ਡੂੰਘੀਆਂ ਰਮਜ਼ਾਂ.....
ਆਪੇ ਜਾਲ 'ਚ ਘਿਰਦਾ ਏਂ ਬੁਣ,
ਲੁੱਕ ਲੁੱਕ ਰੋਂਦਾ ਫਿਰਦਾ ਏਂ ਹੁਣ।
ਅੰਦਰੋਂ ਅੰਦਰੀ ਖਾ ਗਿਆ ਜਿਹੜਾ,
ਖੌਰੇ ਕਿੰਨੇ ਚਿਰਦਾ ਏਂ ਘੁਣ।
ਪੁੱਠੇ ਰਾਹ ਨੂੰ ਪੈ ਜਾਂਦੈ ਛੇਤੀ,
ਸਿੱਧੀ ਕੋਈ ਨਾ ਢੂੰਡੇ ਸੇਧ।
ਡੂੰਘੀਆਂ ਰਮਜ਼ਾਂ....
ਆਪਸ ਦੇ ਵਿੱਚ ਫ਼ੱਕ ਨੇ ਭਾਰੇ।
ਰਾਮ ਖ਼ੁਦਾਇ ਪਰ ਇੱਕ ਨੇ ਸਾਰੇ।
ਤੱਪ ਗਏ ਨੇ ਉਹ ਵਿੱਚ ਇਨ੍ਹਾਂ ਦੇ,
ਮਾਂ ਦੀ ਠੰਡੀ ਹਿੱਕ ਨੇ ਠਾਰੇ।
ਭਰ ਕੇ ਪੂਰਾ ਹੋ ਨਾ ਜਾਵਾਂ,
ਸਹਿਮ ਸਹਿਮ ਕੇ ਹੂੰਗੇ ਛੇਦ।
ਡੂੰਘੀਆਂ ਰਮਜ਼ਾਂ.....

ਮਨਜੀਤ ਕੌਰ ਧੀਮਾਨ
ਸੰ:9464633059

ਰੁਲਦੀ ਫਿਰੇ ਬਹਾਰ...

'ਗੌਰਵਮਈ' ਭੁਰੀਆਂ ਤਸਬੀਹਾਂ ਦੇ ਵਿੱਚ, ਸਰਕਾਰੋਂ ਮਹਿਕ ਰਿਹੈ ਗੁਲਜ਼ਾਰ।
ਪੂਰੀ ਡੂੰਘੀ ਨਜ਼ਰੇ ਮੇਰੇ ਹੱਥ ਲੱਗਾ ਕਿ ਏਥੇ ਅਸਲੋਂ ਹੀ ਰੁਲਦੀ ਫਿਰੇ ਬਹਾਰ।

ਲੁੱਟ ਖੋਹ ਵਾਲੇ ਮੌਲਦੇ ਰਹਿੰਦੇ ਨਿਡਰ ਹੋ ਘੇਰ ਘੇਰ ਚਾਰੇ ਪਾਸਿਓਂ ਰੁੱਖ ਬੰਨੇ,
ਦਾਅਵਿਆਂ ਰੀਝਾਂ ਦੇ ਭਰੇ ਹਮਸਾਏ ਵਿਚਾਰੇ,ਹਾਲ ਪਾਹਰਿਆ ਕਰਨ ਪੁਕਾਰ!

ਡੱਡੂ ਪਰਜਾਤੀ ਲੀਡਰ ਰਹੇ ਤਿਲਕ ਲੋਕਾਂ ਤੋਂ, ਮੁਨਸਫ਼ ਜੱਫੀ 'ਚ ਭਰੇ ਲੋਭ ਭਰੇ,
ਧਾਗੇ ਤਾਬੀਤ ਸਾਖੀਆਂ ਵਹਿਮ ਨੇ ਭਾਰੂ, ਝਾੜੂ ਵੀ ਦਿਖਾਵੇ ਦਿੱਲੀ-ਲੁਕ ਸ਼ੰਗਾਰ।

ਸਦਾ ਹਕੂਮਤਾਂ ਕਰਕੇ ਪੈਂਦਾ ਉਜਾੜਾ, ਫਿਰ ਉਹ ਕਿਸ ਪ੍ਰਗਤੀ ਤੋਂ ਚਾਂਭਲ ਰਹੀ,
ਸੌ ਵਿੱਚੋਂ ਦਸਵੇਂ ਹਿੱਸੇ ਦਾ ਵੀ ਬੇਕਿਰਕੀ ਦਿਖਾਉਂਦੀ ਨਹੀਂ ਕਦੇ ਸਨੇਹ ਪਿਆਰ।

ਅਨੈਤਿਕਤਾ ਦਾ ਸ਼ਬਦ ਕੀ ਉੱਗ ਆਇਆ, ਕੀ ਇਹਦੀ ਸਿਤਮ ਯਾਰੀਫ਼ੀ ਰਹੇ,
ਗੈਰਕਾਨੂੰਨੀ ਜਿਹੇ ਕਾਨੂੰਨ ਬਣਾਕੇ, ਹਕੂਮਤ ਸੇਧ ਲੈਂਦੀ ਏਥੇ ਮਾਰੂ ਹਥਿਆਰ।

ਫੁੱਲ ਬੂਟੇ ਪਸ਼ੂ ਪੰਛੀ ਬਗੈਰਾ ਵੀ ਸਨਾਤਨੀ ਬੁੱਚੜਾਂ ਦੀ ਲਪੇਟ ਤੋਂ ਡਰੇ ਰਹਿੰਦੇ,
ਉਹ ਤਾਂ ਕੁਦਰਤ ਦੀ ਰਹਿਨੁਮਾਈ ਹੇਠ ਪ੍ਰਵਾਨ ਰਹੇ, ਸ਼ੁਕਰ ਹੋਵੇ ਦਾਤਾ ਦਾਤਾਰ।

ਕੁੱਲੀਆਂ ਢਾਰੇ ਸ਼ੁਸ਼ੋਭਿਤ ਸੜਕਾਂ ਤੇ ਹਰੀਆਂ ਚਿੱਟੀਆਂ ਸਾੜੀਆਂ ਤੋਂ ਢਕ ਜਾਂਦੇ ਨੇ,
ਬਿਦੇਸ਼ੀ ਵਫ਼ਦ ਤੋਂ ਉਨ੍ਹਾਂ ਦਾ ਤੁਆਰਫ਼ ਬਚਾਉਂਦੇ ਇਹੋ ਬਿਜੜੇ ਦੰਭੀ-ਕਲਾਕਾਰ।

ਦਰਦਾਂ ਗਮਾਂ ਜੇ ਵਧੀ ਹੀ ਜਾਣਾ, ਮਨੁੱਖੀ ਨਸਲ ਛਾਤੀਆਂ ਸੁੱਕ ਪਿਚਕ ਰਹੀਆਂ,
ਹੱਕ ਮੰਗਦਿਆਂ ਦੇ ਗਿਰਦ ਟਿਕਾਈਆਂ ਬੰਦੂਕਾਂ, ਉਹ ਕੇਹਾ ਜ਼ਰਜੱਰਾ ਦਿਲਦਾਰ।

ਸੱਚੀਆਂ ਖਬਰਾਂ ਦਾ ਕਤਲ ਹੋ ਰਿਹੈ, ਕਾਰਪੋਰੇਟੀਆਂ ਲਈ ਹੀ ਇਸ਼ਤਿਹਾਰ ਰਹੇ,
ਮੁੱਖ ਚੌਧਰੀ ਲਛਮਣ ਰੇਖਾ ਉਲੱਦ ਰਿਹੈ, ਜੁਆਬਦੇਹੀ ਤੋਂ ਕਰਕੇ ਪੂਰਾ ਇਨਕਾਰ।

ਹਰ ਨੇਤਾ ਨੇ ਅਵੱਗਿਆ ਧਾਰ ਲਈ, ਹੰਕਾਰ ਵਿੱਚ ਜੇਲ੍ਹਾਂ ਧਮਕੀਆਂ ਦੇ ਬੰਬ ਭਰੇ,
ਮਹਾਂ-ਲੋਕਤੰਤਰ ਕਿਸ ਆਸਥਾ ਵੱਲ ਸਾਥੋਂ ਭੱਜ ਰਿਹੈ, ਮਾਤਮੀ ਹੋ ਰਹੀ ਹਾਹਾਕਾਰ।

ਕਲਮ ਮੇਰੀ ਬੇਅਰਾਮ ਹਾਲਤ ਵਿੱਚ ਅੱਜਕਲ ਹੈ, ਫਿਰ ਵੀ ਕਦੇ ਸੁਰਾਂ ਛੇੜ ਰਹੀ,
ਦੁਨੀਆਂ ਭਰ ਦੇ ਕਿਰਤੀਆਂ ਤੇ ਹੋ ਰਿਹੈ ਅਸਿਹਣ ਯੋਗ ਵਣਜੀ-ਅਤਿਆਚਾਰ।

ਸੁਖਦੇਵ ਸਿੱਧੂ
9888633481

ਸੱਚੀਆਂ ਮਿੱਤਰ ਕਿਤਾਬਾਂ

ਜਿੰਦਗੀ ਦੱਸ ਮੰਗਿਆ ਕੀ ਸੀ ਮੈਂ, ਜੋ ਤੇਰੇ ਵਸ ਨਹੀਂ ਸੀ
ਹੁਣ ਮੈਂ ਵੀ ਆਪਣੀ ਸਦਰਾਂ ਦਾ ਗਲ੍ਹ ਕਦ ਤੱਕ ਘੁਟ ਸਕਦਾਂ

ਹਰ ਪਲ ਚੜਿਆ ਸੂਲ੍ਹੀ ਤੇ, ਦੇ ਸੱਧਰਾਂ ਦੀ ਕੁਰਬਾਨੀ
ਕਦ ਤੱਕ ਮੈਂ ਹਾਰੇ ਹੋਏ ਜੀਵਣ ਤੋਂ ਪੈਹਰਾ ਮੌਤ ਦਾ ਹਟਾ ਸਕਦਾ

ਭਿਖਿਆ ਤੇ ਮੰਗੀ ਸੀ, ਜੀਵਣ ਜ਼ਿਹਾਰਤ ਜਿਹੀ
ਦੇਖ ਮੈਂ ਆਪਣੀ ਜਿਉਂਦੀ ਕਬਰ ਤੇ ਦੀਪ ਜਲਾ ਸਕਦਾ

ਬੜਾ ਨਾਜ਼ੁਕ ਸੀ ਇਹ ਦਿਲ, ਗ਼ਮਾਂ ਦੀਆਂ ਤਪਸ਼ਾਂ ਪੱਥਰ ਕੀਤਾ
ਦੇਖ ਮੈਂ ਇਸ ਪੱਥਰ ਤੋਂ ਠਾਕੁਰ ਪੈਦਾ ਕਰ ਸਕਦਾ

ਜਾਣਦਾ ਮੈਂ ਕਦਰ ਪੈਣੀ ਇਕ ਦਿਨ ਸਹੀਆਂ ਪੀੜ੍ਹਾਂ ਦੀ
ਮੈਂ ਆਪਣੇ ਰਿਸਦੇ ਜਖਮਾਂ ਨੂੰ ਆਪ ਛੇੜ ਸਕਦਾ

ਦੁੱਖਦੀਆਂ ਰਗਾਂ ਛੇੜਦੇ, ਨਿਭਾਉਣ ਦੁਸ਼ਮਣੀ, ਅਹਿਸਾਨਮੰਦ ਹਾਂ
ਸੁਮਿੱਤਰ ਮੈਂ ਤਾਂ ਵੀ ਰੂਹ ਦੀ ਕਮਾਈ ਤੇਰੇ ਨਾਮ ਕਰ ਸਕਦਾ

ਜਿੰਦਗੀ ਦੇ ਤਜਰਬਿਆਂ ਤੋਂ ਸਿਖੇ ਕਈ ਸਲੀਕੇ
ਫਿਰ ਵੀ ਸੱਚੀਆਂ ਦੋਸਤ ਕਿਤਾਬਾਂ ਨਾਲ ਯਾਰੀ ਨਿਭਾ ਸਕਦਾ।
ਕਿਤਾਬਾਂ ਹੀ ਸੱਚੀਆਂ ਮਿੱਤਰ

ਨਵਜੋਤ ਕੌਰ ਨਿਮਾਣੀ

ਹੱਕ ਤੇ ਫ਼ਰਜ

ਅਸੀਂ ਹੱਕਾਂ ਤੇ ਅਧਿਕਾਰਾਂ ਦੀ ਗੱਲ ਕਰਦੇ ਹਾਂ
ਪਰ ਫਰਜਾਂ ਤੇ ਕਰਤਵਾਂ ਤੋਂ ਕਿਉਂ ਡਰਦੇ ਹਾਂ..

ਰਿਸ਼ਵਤ ਲੈਣ ਵਾਲੇ ਨੂੰ ਰਾਖਸ਼ਿਸ਼ ਦੱਸਦੇ ਹਾਂ
ਪਰ ਕੰਮ ਦੇ ਬਦਲੇ ਦੇਣ ਦੀ ਹਾਮੀ ਭਰਦੇ ਹਾਂ

ਮਾਂ ਪਿਓ ਦੀ ਜਾਇਦਾਦ ਤੇ ਪੂਰਾ ਹੱਕ ਰੱਖਦੇ..
ਪਰ ਮਾਪਿਆਂ ਉੱਤੇ ਹੱਕ ਕਿਉਂ ਨਹੀਂ ਧਰਦੇ ਹਾਂ

ਮੁਫ਼ਤ ਖਾਣ ਦੀ ਆਦਤ ਮੂੰਹ ਨੂੰ ਖ਼ੂਨ ਲੱਗਾ..
ਕਿਹੜੇ ਇਨਕਲਾਬ ਕਿਹੜੇ ਵਿੱਚ ਪਰਦੇ ਹਾਂ

ਇੱਕ ਕੁਰਸੀ ਰਾਣੀ ਦੇ ਬਦਲੇ ਵਿੱਚ ਅਸੀਂ
ਕਈਂ ਵਾਰੀ ਕਈਂ ਜਿੱਤੀਆਂ ਬਾਜ਼ੀਆਂ ਹਰਦੇ ਹਾਂ

ਉੱਠ ਗਏ ਜਾਗਦੇ ਰਹੋ ਤੇ ਭੁੱਲ ਕੇ ਸੋਇਓ ਨਾ
ਅਸੀਂ ਹੀ ਰਾਖੇ, ਚੋਰ ਵੀ ਆਪਣੇ ਘਰ ਦੇ ਹਾਂ

ਗੈਰਾਂ ਵਿੱਚ ਨਹੀਂ ਤਾਕਤ ਸਾਨੂੰ ਮਾਰ ਦੇਵੇ..
ਵਿਚੋਂ ਪੈਦਾ ਹੋਏ ਗੱਦਾਰਾਂ ਕਰਕੇ ਮਰਦੇ ਹਾਂ

ਭਗਤ ਸਿੰਘ ਤਾਂ ਜੰਮੇ ਹਰੀਸ਼ ਪਰ ਗੈਰ ਘਰੇ
ਆਪਣੇ ਘਰ ਕੁਰਬਾਨੀਆਂ ਕਿੱਥੇ ਜਰਦੇ ਹਾਂ

ਹਰੀਸ਼ ਪਟਿਆਲਵੀ

ਸ਼ੇਖਚਿੱਲੀ

ਡਮਰੂ ਵਜਾਕੇ ਲੋਕ ਕਰਨ ਇਕੱਠੇ,
ਸ਼ੇਖਚਿੱਲੀ ਤਮਾਸ਼ਾ ਬਈ ਦਿਖਾਉਣ ਲੱਗ ਪਏ,

ਫੜ੍ਹ ਹੱਥ ਚ ਕਟੋਰਾ ਮੰਗ ਰਹੇ ਭੀਖ ਵੋਟ ਦੀ,
ਸ਼ਰਮਾਂ ਨੂੰ ਵੇਚ ਖੱਪ ਪਾਉਣ ਲੱਗ ਪਏ,

ਸਟੇਜਾਂ ਉੱਤੇ ਚੜ੍ਹ ਮਾਰਦੇ ਨੇ ਜੱਬਲੀਆਂ,
ਘਰੋਂ ਘਰੀਂ ਚਾਪਲੂਸ ਆਉਣ ਲੱਗ ਪਏ,

ਤੋਹਫਿਆਂ ਦੀ ਨਿੱਤ ਬਰਸਾਤ ਕਰਦੇ,
ਲਾਲਚਾਂ ਦੇ ਨਾਲ ਭਰਮਾਉਣ ਲੱਗ ਪਏ,

ਪੱਥਾਂ ਭਾਰ ਨੇ ਹੋਏ ਲੀਡਰ,
ਪੈਂਤਰੇ ਸੱਭੇ ਹੀ ਹੁਣ ਅਪਣਾਉਣ ਲੱਗ ਪਏ,

ਦਿਨ ਤੇ ਰਾਤ 'ਦੀਪ' ਭੁੱਲ ਗਏ ਨੇ
ਸੁਪਨੇ ਕੁਰਸੀ ਦੇ ਜਿਨ੍ਹਾਂ ਨੂੰ ਸਤਾਉਣ ਲੱਗ ਪਏ

ਅਮਨਦੀਪ ਕੌਰ
9877654596

ਮੇਲੇ ਵਿੱਚ ਜਾਵਾਂਗੇ

ਤਿੰਨ ਦਿਨ ਮੇਲਾ ਸਾਡੇ ਪਿੰਡ ਵਿੱਚ ਲੱਗੇ,
ਤਿੰਨੇ ਦਿਨ ਵਜਦੇ ਨੇ ਢੋਲ ਉੱਤੇ ਡੱਗੇ।
ਪਹਿਲਾਂ ਪਹਿਲਾਂ ਮੇਲੇ ਤੋਂ ਘਰਾਂ ਨੂੰ ਸਜ਼ਾਵਾਂ ਗੇ,
ਮੇਲੇ ਵਿੱਚ ਜਾਵਾਂਗੇ ਚੀਜੀਆਂ ਲਿਆਵਾਂਗੇ।
ਕਿਸ਼ਤੀ ਚੱਕਰ ਝੂੰਡੇ ਝੂਲਦੇ ਚੰਡੋਲ,
ਵੀਰੇ ਨਾਲ ਲਊਂ ਝੂਟੇ ਲਊਂ ਬਹਿ ਕੇ ਕੋਲ।
ਲੱਕੜ ਦੇ ਘੋੜੇ ਦੀ ਸਵਾਰੀ ਕਰ ਆਵਾਂਗੇ,
ਮੇਲੇ ਵਿੱਚ ਜਾਵਾਂਗੇ ਚੀਜੀਆਂ ਲਿਆਵਾਂਗੇ।
ਤਿੰਨੇ ਦਿਨ ਤਿੰਨ ਤਿੰਨ ਚੀਜ਼ਾਂ ਮੈਂ ਲਿਆਊਂਗਾ,
ਆ ਕੇ ਸਾਰੇ ਆੜੀਆਂ ਨੂੰ ਖੇਡਾਂ ਮੈਂ ਦਿਖਾਊਂਗਾ।
ਕਾਰ ਤੇ ਜਹਾਜ਼ ਜੀਪ ਰਿਮੋਟ ਆਲੀ ਲਿਆਵਾਂਗੇ,
ਮੇਲੇ ਵਿੱਚ ਜਾਵਾਂਗੇ ਚੀਜੀਆਂ ਲਿਆਵਾਂਗੇ।
ਬਰਫ਼ੀ ਤੇ ਪੇਠੇ ਦੀ ਮਿਠਾਈ ਰੱਜ ਖਾਵਣਾ,
ਲੱਡੂ ਰਸਗੁੱਲੇ ਨਾਲੇ ਗੁਲਾਬ ਜਾਮਣਾ।
ਤੱਤੀਆਂ ਜਲੇਬੀਆਂ ਪਕੌੜੇ ਅਸੀਂ ਖਾਵਾਂਗੇ।
ਮੇਲੇ ਵਿੱਚ ਜਾਵਾਂਗੇ ਚੀਜੀਆਂ ਲਿਆਵਾਂਗੇ।
ਕਿਤੇ ਚਾਟ ਕੁਲਫ਼ੀ ਤੇ ਦਹੀਂ ਭੱਲੇ ਨੇ,
ਦਸ ਦਸ ਗੋਲ ਗੱਪੇ ਖਾਂਦੇ ਕੱਲੇ ਕੱਲੇ ਨੇ।
ਸਾਰੇ ਆੜੀ ਕੱਠੇ ਹੋ ਕੇ ਫੋਟੋ ਵੀ ਖਿਚਾਵਾਂਗੇ,
ਮੇਲੇ ਵਿੱਚ ਜਾਵਾਂਗੇ ਚੀਜੀਆਂ ਲਿਆਵਾਂਗੇ।
ਤੂੰਬੇ ਅਲਗੋਜ਼ੇ ਵਾਲੇ ਗਾਥਾ ਗਾਉਂਦੇ ਨੇ,
ਮਾਲਵੇ ਦੇ ਰੰਗ ਕਈ ਕਵਿਸ਼ਰ ਸੁਣਾਉਂਦੇ ਨੇ।
ਠੂਠੀ ਦੀ ਸਾਰੰਗੀ ਨੂੰ ਖ਼ਰੀਦ ਕੇ ਵਜਾਵਾਂਗੇ,
ਮੇਲੇ ਵਿੱਚ ਜਾਵਾਂਗੇ ਚੀਜੀਆਂ ਲਿਆਵਾਂਗੇ।
ਬਾਬਾ ਕਹਿੰਦਾ ਮੇਲੇ ਵਿੱਚ ਤਿੰਨ ਕੰਮ ਪੱਕੇ,
ਸਹਿਣੇ ਪੈਂਦੇ ਸਾਰਿਆਂ ਨੂੰ ਧੁੱਪ ਧੂੜ ਧੱਕੇ।
ਭੂਆ ਭੈਣਾਂ ਮਾਸੀਆਂ ਨੂੰ ਛਾਜਲੀ ਬੁਲਾਵਾਂਗੇ,
ਮੇਲੇ ਵਿੱਚ ਜਾਵਾਂਗੇ ਚੀਜੀਆਂ ਲਿਆਵਾਂਗੇ।
ਮੇਲੇ ਤੇ ਤਿਉਹਾਰ ਸਾਰੇ ਫਿੱਕੇ ਪੈਂਦੇ ਜਾਣ,
ਜੇਬਾਂ ਖੀਸੇ ਖ਼ਾਲੀ ਮਹਿੰਗਾਈ ਕੱਢੀ ਜਾਨ।
ਇਹੋ ਹਾਲ ਰਹੇ ਕਿੰਝ ਖੁਸ਼ੀਆ

ਉਹ ਆਖ਼ਰੀ ਪੀੜ੍ਹੀ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਨੇ ਲੈਪਟੌਪ ਦੇ ਨਾਲ਼ ਨਾਲ਼
ਸਲੇਟਾਂ ਅਤੇ ਫੱਟੀਆਂ ਪੋਚ ਕੇ ਵੀ ਸਿੱਖਿਆ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਨੇ ਵੀਡੀਓ ਗੇਮਾਂ ਦੇ ਨਾਲ਼ ਨਾਲ਼
ਟੋਕਰੀ ਲਾ ਕੇ ਚਿੜੀਆਂ ਵੀ ਫੜ੍ਹੀਆਂ
ਤੇ ਕ੍ਰਿਕੇਟ ਦੇ ਨਾਲ਼-ਨਾਲ਼ ਬਾਂਦਰ ਕਿੱਲਾ
ਤੇ ਖੋ ਖੋ ਵੀ ਖੇਡੀ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਨੇ ਘਰੋਂ ਅੱਕੀਆਂ ਆਈਆਂ
ਮੈਡਮਾਂ ਤੋਂ ਪੁੱਠੇ ਹੱਥਾਂ ਉੱਤੇ
ਡੰਡੇ ਖਾਧੇ ਤੇ ਮੁਰਗੇ ਵੀ ਬਣੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਦੀ ਪੰਸਦੀਦਾ ਕਾਰ
ਆਪਣੀ ਧੌਂਸ ਜਮਾ ਕੇ
ਭੂਆ ਦਾ ਮੁੰਡਾ ਲੈ ਜਾਂਦਾ
ਪਰ ਅਸੀਂ ਅੱਗੋਂ ਮਸੋਸਿਆ
ਜਿਹਾ ਮੂੰਹ ਕਰਕੇ ਰਹਿ ਜਾਂਦੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਨੇ ਗਰਮੀ ਦੀਆਂ ਛੁੱਟੀਆਂ
ਬਿਜਲੀ ਦੇ ਲੰਬੇ ਲੰਬੇ ਕੱਟਾਂ ਕਾਰਨ
ਪਾਣੀ ਛਿੜਕ ਕੇ ਦਰਵਾਜ਼ਿਆਂ 'ਚ
ਤਾਸ਼ ਖੇਡ ਕੇ ਲੰਘਾਈਆਂ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜੋ ਭੂਆ ਨੂੰ ਇੱਕ ਦਿਨ ਹੋਰ ਰੱਖਣ ਲਈ
ਉਸਦਾ ਲੀੜਿਆਂ ਵਾਲਾ ਝੋਲਾ
ਪੇਟੀਆਂ ਪਿੱਛੇ ਲੁਕੋ ਦਿੰਦੇ

ਅਸੀਂ ਉਹ ਆਖਰੀ ਪੀੜ੍ਹੀ ਹਾਂ
ਜੋ ਮਾਸੀ ਤੇ ਮਾਸੜ ਨੂੰ
ਇੱਕ ਦਿਨ ਹੋਰ ਰੱਖਣ ਲਈ
ਵੀ.ਸੀ.ਆਰ ਦਾ ਲਾਲਚ ਦਿੰਦੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਨੂੰ ਰਿਸ਼ਤੇਦਾਰਾਂ ਦੇ ਆਉਣ ਦਾ
ਜਿੰਨਾਂ ਚਾਅ ਹੁੰਦਾ
ਓਨਾਂ ਹੀ ਬਿਸਕਟਾਂ ਵਾਲੀ
ਚੀਨੀ ਦੀ ਪਲੇਟ 'ਚ ਪਈ ਨੀਤ ਕਾਰਨ
ਜਾਣ ਦਾ ਵੀ ਹੁੰਦਾ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿੰਨ੍ਹਾਂ ਨੇ ਪੈਲੇਸਾਂ ਦੇ ਵਿਆਹਾਂ ਦੇ ਨਾਲ਼
ਘਰਾਂ 'ਚ ਹੁੰਦੇ ਅਨੰਦ ਕਾਰਜ ਵੀ ਦੇਖੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਨੇ ਸਿੱਧੂ ਮੂਸੇ ਵਾਲਾ ਤੇ ਬਾਣੀ ਸੰਧੂ
ਦੇ ਨਾਲ਼ ਗੁਰਮੀਤ ਬਾਵਾ ਤੇ
ਕੁਲਦੀਪ ਮਾਣਕ ਦੀਆਂ ਕਲੀਆਂ ਨੂੰ ਵੀ ਸੁਣਿਆਂ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜੋ ਮਹਿਬੂਬ ਦੇ ਇੱਕ ਝਾਕੇ ਲਈ
ਗੁਰਦੁਆਰੇ ਤੇ ਮੰਦਿਰਾਂ ਵਿੱਚ
ਮੱਥੇ ਟੇਕਦੇ ਫਿਰਦੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜੋ ਕਾਪੀ ਮੋੜਨ ਦੇ ਬਹਾਨੇ
ਚਿੱਠੀ ਰਾਹੀਂ ਦਿਲ ਦਾ
ਹਾਲ ਵੀ ਸੁਣਾ ਦਿੰਦੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜੋ ਠੰਡ ਦੀਆਂ ਠਰੀਆਂ ਰਾਤਾਂ ਵਿੱਚ
ਦਾਦੀ ਦੀ ਰਜਾਈ 'ਚ ਘੁਸੜ ਕੇ
ਕਹਾਣੀ ਸੁਣਦੇ ਸੁਣਦੇ
ਉੱਥੇ ਹੀ ਸੌਂ ਜਾਂਦੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਨੇ ਬਾਪੂ ਤੋਂ ਵੱਧ
ਤਾਏ ਅਤੇ ਚਾਚੇ ਦੇ ਮੋਢਿਆਂ ਤੇ ਬੈਠ
ਖੇਤ ਦਾ ਗੇੜਾ ਲਾਇਆ

ਅਸੀਂ ਉਹ ਆਖਰੀ ਪੀੜ੍ਹੀ ਹਾਂ
ਜੋ ਗਰਮੀ ਦੀਆਂ ਛੁੱਟੀਆਂ 'ਚ
ਸਾਰੇ ਮਾਮੇ ਭੂਆ ਦੇ ਦਸ ਬਾਰਾਂ
ਜਵਾਕ ਇਕੱਠੇ ਹੋ ਕੇ
ਘਰਦਿਆਂ ਦੇ ਨਾਸੀਂ ਧੂੰਆਂ ਲਿਆ ਦਿੰਦੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਦੇ ਨਾਨਕੇ ਪਿੰਡ 'ਚ
ਸਾਰੇ ਘਰ ਹੀ ਮਾਮਿਆਂ ਦੇ ਹੁੰਦੇ
ਜਿੱਥੇ ਜੀ ਕਰਦਾ ਸੌਂ ਜਾਂਦੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜੋ ਘਰਦਿਆਂ ਤੋਂ ਡਰਦੇ
ਨਾ ਚਾਹੁੰਦਿਆਂ ਵੀ
ਦਿਲ ਉੱਤੇ ਪੱਥਰ ਰੱਖ
ਆਏ ਪਿਆਰ ਪ੍ਰਸਤਾਵ ਨੂੰ ਨਾਂਹ ਕਰ ਦਿੰਦੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਨੇ ਰੁਪਏ ਦੀਆਂ ਚਾਰ ਚਾਰ
ਟੋਫ਼ੀਆਂ ਲੈ ਕੇ ਖਾਂਦੀਆਂ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਨੇ ਸ਼ਨੀਵਾਰ ਰਾਤ
ਦੋ ਢਾਈ ਘੰਟਿਆਂ ਵਾਲੀ ਫ਼ਿਲਮ ਨੂੰ
ਵਾਸ਼ਿੰਗ ਪਾਊਡਰ ਨਿਰਮਾ ਤੇ
ਫੇਅਰ ਐਂਡ ਲਵਲੀ ਦੀਆਂ
ਮਸ਼ਹੂਰੀਆਂ ਸਮੇਤ ਚਾਰ-ਚਾਰ
ਘੰਟਿਆਂ 'ਚ ਦੇਖਿਆ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਨੇ ਘਰਦਿਆਂ ਨਾਲ਼
ਝੋਲੀ ਬੰਨ ਕੇ ਨਰਮੇ ਚੁਗੇ
ਤੇ ਝੋਨੇ ਵੀ ਲਵਾਏ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜੋ ਕੋਠਿਆਂ ਉੱਤੇ ਚੜ੍ਹ ਕੇ
ਹੇਠਾਂ ਪਏ ਕਣਕ ਦੇ ਢੇਰਾਂ ਉੱਤੇ ਛਾਲਾਂ ਮਾਰਦੇ
ਤੇ ਨਰਮੇ ਵਾਲੇ ਕੋਠਿਆਂ 'ਚ ਘੋਰਨੇ ਪੱਟ ਪੱਟ
ਸੁਸਰੀਆਂ ਲੜਵਾਉਂਦੇ
ਸੁੱਜ ਕੇ ਭੜੋਲਾ ਹੋ ਜਾਂਦੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਦੇ ਲਵ ਮੈਰਿਜਾਂ ਦੇ ਨਾਲ਼
ਆਰੇਂਜ ਮੈਰਿਜਾਂ ਵੀ ਹੋਈਆਂ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜੋ ਮਹਿਬੂਬ ਨਾਲ ਹੋਈ
ਪਿਛਲੀ ਮੁਲਾਕਾਤ ਨੂੰ
ਅਗਲੀ ਤੱਕ ਨਾ ਭੁੱਲਦੇ
ਯਾਦ ਕਰਦਿਆਂ ਕਦੇ
ਦੁੱਧ ਵਿੱਚ ਲੂਣ ਪਾ ਦਿੰਦੇ
ਤੇ ਕਦੇ ਚਾਹ ਵਿੱਚ ਹਲਦੀ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਨ੍ਹਾਂ ਨੂੰ ਸਹੇਲੀ ਤੇ ਬੇਲੀ ਨੂੰ
ਪੱਟਣ ਤੋਂ ਪਹਿਲਾਂ
ਉਸਦੀ ਭੈਣ ਨੂੰ ਪੱਟਣਾ ਪੈਂਦਾ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜਿਹਨਾਂ ਨੇ ਬਰਗਰਾਂ ਦੇ ਨਾਲ਼ ਨਾਲ਼
ਚੂਰੀ ਪੰਜੀਰੀ ਤੇ ਖੋਏ ਦੇ
ਥਾਲ ਭਰ ਭਰ ਖਾਧੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜੋ ਮਾਂ ਤੇ ਚਾਚੀ ਤਾਈ
ਦੁਆਰਾ ਕੀਤੀਆਂ ਦਾਦੀ ਦੀਆਂ
ਚੁਗ਼ਲੀਆਂ ਨੂੰ ਦਾਦੀ ਨੂੰ ਦੱਸ ਕੇ
ਮਾਂ ਦੇ ਨਾਲ਼
ਦਾਦੀ ਦੇ ਵੀ ਲਾਡਲੇ ਹੁੰਦੇ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜੋ ਸਨੈਪਚੈਟ ਤੇ ਇੰਸਟਾ ਦੇ ਨਾਲ਼ ਨਾਲ਼
ਫੇਸਬੁੱਕ ਵੀ ਚਲਾਉਂਦੀ ਹੈ

ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜੋ ਤੀਹ ਪੈਂਤੀ ਸਾਲ ਦੇ ਹੋ ਕੇ ਵੀ
ਹਾਲੇ ਇਹ ਸੋਚ ਰਹੇ ਹਾਂ
ਕਿ ਇੱਥੇ ਰਹੀਏ ਜਾਂ
ਆਈਲੈੱਟਸ ਕਰਕੇ ਕੈਨੇਡਾ ਜਾਈਏ

ਤੇ ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜੋ ਪੰਜਾਬ ਵਿਰੋਧੀ ਨੀਤੀਆਂ ਤੋਂ ਚਿੰਤਤ ਹੈ

ਤੇ ਅਸੀਂ ਉਹ ਆਖ਼ਰੀ ਪੀੜ੍ਹੀ ਹਾਂ
ਜੋ ਆਪਣੇ ਹੱਕਾਂ ਲਈ ਲੜਨਾ
ਜਾਣਦੀ ਹੈ!

ਵਿਰਕ ਪੁਸ਼ਪਿੰਦਰ

ਅੱਧਮ ਅੱਧ

ਅੱਧਾ ਸੂਰਜ ਅੱਧਾ ਨੇਰ੍ਹਾ।
ਅੱਧੀ ਰਾਤ ਅੱਧਾ ਸਵੇਰਾ।

ਅੱਧੀ ਧਰਤੀ ਅੱਧਾ ਅੰਬਰ
ਅੱਧੀਆਂ ਅਜਮਤਾਂ ਅੱਧੇ ਸੁਅੰਬਰ।

ਅੱਧੀਆਂ ਖ਼ੁਸ਼ੀਆਂ ਅੱਧੇ ਗ਼ਮ
ਨਜ਼ਰ ਪਿਆਸੀ ਅੱਖੀਆਂ ਨਮ।

ਅੱਧਾ ਚੰਨ ਅੱਧੇ ਤਾਰੇ
ਅੱਧੇ ਡੁੱਬੇ ਅੱਧੇ ਕਿਨਾਰੇ।

ਅੱਧੇ ਰਸਤੇ ਅੱਧੀਆਂ ਪੈੜਾਂ
ਉੜਦੇ ਪੱਲੂ ਅੱਧੇ ਨੈੜਾਂ।

ਅੱਧੀ ਖ਼ਾਕ ਅੱਧੀ ਰਾਖ਼
ਅੱਧੀ ਹੀਰ ਅੱਧਾ ਚਾ ?ਕ।

ਅੱਧੀ ਅੱਗ ਅੱਧੀ ਸਵਾਹ
ਅੱਧੀ ਜ਼ਿੰਦਗੀ ਅੱਧੇ ਚਾਅ।

ਅੱਧਾ ਇਸ਼ਕ ਅੱਧਾ ਹਿੱਜ਼ਰ
ਵਗੇ ਰੇਤ 'ਤੇ ਖ਼ਵਾਜਾ ਖਿਜ਼ਰ।

ਅੱਧੀ ਅਵਾਜ਼ ਅੱਧੀ ਚੁੱਪ
ਜਿਉਂਦੀ ਨਦੀ ਮਰਦੇ ਰੁੱਖ।

ਅੱਧੀ ਮਹਿਕ ਅੱਧੀ ਦੁਰਗੰਧ
ਅੱਧੀਆਂ ਸਾਂਝਾ ਅੱਧੀ ਵੰਡ।

ਅੱਧੀ ਬੜ੍ਹਕ ਅੱਧੇ ਸਹਿਮ
ਅੱਧੀ ਸਚਾਈ ਅੱਧੇ ਵਹਿਮ।

ਅੱਧੇ ਓਹਲੇ ਅੱਧੇ ਪ੍ਰਤੱਖ
ਝੂਠ ਧੂਹ ਲੈਂਦਾ ਅੱਧਾ ਸੱਚ।

ਧੁੱਪ ਛਾਂ ਦੋਵੇਂ ਅੱਧਮ ਅੱਧੇ
ਟੁੱਟ ਕੇ ਫਿਰ ਵੀ ਸਾਂਵੇਂ ਬੱਧੇ।

ਅੱਧਾ ਨੰਗਾ ਅੱਧਾ ਢਕਿਆ
ਅਜ਼ਬ ਜਿਹਾ ਸੰਸਾਰ ਹੈ ਰਚਿਆ।

ਵਿੱਚ ਕਾਇਨਾਤ ਕੁੱਝ ਨਾ ਪੂਰਾ
ਕੀ ਹੋਇਆ ਜੇ ਤੂੰ ਅੱਧ ਅਧੂਰਾ।

ਅੱਧਾ ਮੇਰਾ ਤੂੰ ਅੱਧਾ ਹੋਰ ਦਾ
ਸਦਮਾਂ ਹੀ ਤਾਂ ਕਲਮ ਤੋਰਦਾ।

ਅੱਧੇ ਅੱਥਰੂ ਅੱਧੀ ਮੁਸਕਾਨ
ਕਦੇ ਨਾ ਸਮਝੇ ਇਹ ਜਹਾਨ।

ਜਹਾਨ ਜੇ ਸਮਝਣ ਵਾਲਾ ਹੁੰਦਾ
ਵਸਦੇ ਘਰਾਂ ਨੂੰ ਨਾ ਵੱਜਦਾ ਕੁੰਡਾ।

ਡਾ. ਮੇਹਰ ਮਾਣਕ

ਗੁਰਮੁਖੀ ਅੱਖਰ

ਮਾਂ ਪਿਓ ਦੇ ਗੱਲ ਕੰਨੀਂ ਪਾਵਾਂ
ਮੈਂ ਤਾਂ ਆਪਣਾ ਫਰਜ਼ ਨਿਭਾਵਾਂ
ਪੈਂਤੀ ਅੱਖਰੀ ਪੜ੍ਹਨੀ ਕਿੱਦਾਂ
ਇਸਦਾ ਵੱਲ ਸਿਖਾਓ
ਆਪਣੇ ਬੱਚਿਆਂ ਨੂੰ
ਗੁਰਮੁਖੀ ਅੱਖਰ ਪੜ੍ਹਾਓ
ਆਪਣੇ ਬੱਚਿਆਂ ਨੂੰ

ਨਾਲ ਪਿਆਰ ਦੇ ਕੋਲ ਬਿਠਾਓ
ਵਿਰਸੇ ਬਾਰੇ ਵੀ ਸਮਝਾਓ
ਊੜਾ ਐੜਾ ਈੜੀ ਸੱਸੇ
ਤੋਂ ਜਾਣੂ ਕਰਵਾਓ
ਆਪਣੇ ਬੱਚਿਆਂ ਨੂੰ
ਗੁਰਮੁਖੀ ਅੱਖਰ ਪੜ੍ਹਾਓ
ਆਪਣੇ ਬੱਚਿਆਂ ਨੂੰ

ਬੋਲੀ ਸਾਡੀ ਉੱਚ ਮਿਆਰੀ
ਸਾਨੂੰ ਜਾਨੋ ਵੱਧ ਪਿਆਰੀ
ਜੋ ਬੋਲੀ ਲਈ ਜੂਝੇ ਉਨ੍ਹਾਂ ਦਾ
ਸਵੈ ਬਿਰਤਾਂਤ ਸੁਨਾਓ
ਆਪਣੇ ਬੱਚਿਆਂ ਨੂੰ
ਗੁਰਮੁਖੀ ਅੱਖਰ ਪੜ੍ਹਾਓ
ਆਪਣੇ ਬੱਚਿਆਂ ਨੂੰ

ਗੁਰੂਆਂ ਭਗਤਾਂ ਦੀ ਬਾਣੀ ਦੀ
ਪੰਜਾਂ ਆਬਾਂ ਦੇ ਪਾਣੀ ਦੀ
ਪੰਜਾਬੀ ਵਿੱਚ ਲਿਖਕੇ ਸੋਹਣੀ
ਕਵਿਤਾ ਕੋਈ ਬਣਾਓ
ਆਪਣੇ ਬੱਚਿਆਂ ਨੂੰ
ਗੁਰਮੁਖੀ ਅੱਖਰ ਪੜ੍ਹਾਓ
ਆਪਣੇ ਬੱਚਿਆਂ ਨੂੰ

ਢਿੱਲੋਂ ਘਰ-ਘਰ ਹੋਕਾ ਲਾਓ
ਆਪਣੀ ਬੋਲੀ ਨੂੰ ਅਪਨਾਓ
ਮਾਂ ਬੋਲੀ ਦਾ ਗੀਤ ਸੁਰੀਲਾ
ਥਾਂ ਥਾਂ ਉੱਤੇ ਗਾਓ
ਆਪਣੇ ਬੱਚਿਆਂ ਨੂੰ
ਗੁਰਮੁਖੀ ਅੱਖਰ ਪੜ੍ਹਾਓ
ਆਪਣੇ ਬੱਚਿਆਂ ਨੂੰ

ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ
ਪਿੰਡ ਭੈਣੀ ਸਾਹਿਬ

ਪ੍ਰਾਈਵੇਟ-ਕਾਲਜ

ਲਉ ਬਈ ਮਿੱਤਰੋ ਮੱਦਦ ਕਰਿਉ
'ਨਾਲੇ ਪੁੰਨ ਨਾਲੇ ਫਲ਼ੀਆਂ' ਖੜਿਉ

ਪ੍ਰਾਈਵੇਟ ਕਾਲਜ ਖੋਲਣ ਲੱਗਾਂ
ਡੀਲ ਸਿੱਧੀ ਥੋਨੂੰ ਬੋਲਣ ਲੱਗਾਂ

ਨਰਸਿੰਗ, ਲਾਅ ਤੇ ਐਡਮਨਿਸਟ੍ਰੇਸ਼ਨ
ਬੀ.ਐਡ. ਦੀ ਵੀ ਹੋਊ ਰਜ਼ਿਸਟ੍ਰੇਸ਼ਨ

ਹੋਰ ਵੀ ਡਿਗਰੀਆਂ ਵਾਲੇ ਕੋਰਸ
ਗਿਣਤੀ ਨਾ ਜੀ ਬਾਹਲੇ ਕੋਰਸ

ਮੁੱਦੇ ਵਾਲੀ ਗੱਲ ਤੇ ਆਉ
ਵੱਧ ਤੋਂ ਵੱਧ ਐਡਮੀਸ਼ਨਾਂ ਲਿਆਉ

ਮੱਦਦ ਦੇ ਨਾਲ ਕਰੋ ਵਪਾਰ
ਪੱਕੇ ਕਮੀਸ਼ਨ ਬੰਨ੍ਹ ਲਉ ਯਾਰ

ਇੱਕ ਐਡਮੀਸ਼ਨ ਜਦ ਵੀ ਲਿਆਉ
ਪੂਰੇ ਪੰਜ ਹਜ਼ਾਰ ਕਮਾਉ

ਥੋਡਾ ਕੰਮ ਸਾਡੇ ਤੱਕ ਲਿਆਉਣਾ
ਬਾਕੀ ਸਾਡਾ ਕੰਮ ਟਿਕਾਉਣਾ

ਨਿੰਮ ਕਰੇਲਾ ਕਿਵੇਂ ਚਾੜ੍ਹਨਾ
ਸਬਜਬਾਗਾਂ ਵਿੱਚ ਕਿਵੇਂ ਵਾੜਨਾ

ਬ੍ਰੇਨਵਾਸ਼ ਕੀ ਹਿਪਨੋਟਾਈਜ਼
ਸਭ ਆਉਂਦੀ ਮੈਨੂੰ ਐਕਸਰਸਾਈਜ਼

ਜਿਵੇਂ ਵੀ ਮਿਲਦਾ ਗ੍ਰਾਹਕ ਲਿਆਉ
ਸ਼ਰਤਾਂ 'ਜੋ ਚਾਹੋ ਸੋ ਪਾਉ'

ਦੇ ਦਿਉ ਆਉਣ ਨਾ ਆਉਣ ਦੀ ਮਰਜ਼ੀ
ਹਾਜ਼ਰੀਆਂ ਸਾਡੀ ਸਿਰਦਰਦੀ

ਕਹਿ ਦਿਉ ਪੇਪਰ ਦੇਣ ਆ ਜਿਉ
ਤੇ ਫਿਰ ਡਿਗਰੀ ਲੈਣ ਆ ਜਿਉ

ਪਲੇਸਮੈਂਟ ਭਾਵੇਂ ਬਹੁਤੀ ਨਾ ਹੈ
ਪਰ ਇਹ ਗੱਲ ਕੋਈ ਛੋਟੀ ਨਾ ਹੈ

ਬੱਚਾ 'ਅਪ ਟੂ ਡੇਟ' ਬਣਾਉਣਾ
ਘਰੇ ਹੀ ਗ੍ਰੈਜੂਏਟ ਬਣਾਉਣਾ

ਮਾਪੇ ਗੱਲਾਂ ਕਰ ਸਕਦੇ ਨੇ
ਚਾਰ ਬੰਦਿਆਂ ਵਿੱਚ ਖੜ੍ਹ ਸਕਦੇ ਨੇ

ਫੇਰ ਕੀ ਐ ਜੇ ਅੱਠ ਲੱਖ ਲੱਗ ਜੂ
ਵਿੱਚ ਸ਼ਰੀਕੇ ਨਾਮ ਤਾਂ ਵੱਜ ਜੂ

'ਪਿੰਡ ਘੜਾਮੇਂ' ਛੋਟੇ ਧੰਦੇ
ਵਾਧੂ ਆਏ ਬਿਹਾਰੋਂ ਬੰਦੇ

'ਰੋਮੀ' ਜਹਿਆਂ ਦਾ ਘਟੇ ਨਾ ਮਾਣ
ਕਾਲਜ ਸਾਡਾ ਹੋਊ ਵਰਦਾਨ

ਬੇਸ਼ੱਕ ਬੇਰੁਜ਼ਗਾਰ ਹੀ ਫਿਰਨੇ
ਡਿਗਰੀ ਵਾਲੇ ਪਰ ਘਰ ਘਰ ਮਿਲਣੇ

ਰੋਮੀ ਘੜਾਮੇਂ ਵਾਲਾ
98552-81105

ਜੋ ਤੂੰ ਕੀਤਾ

ਜੋ ਤੂੰ ਕੀਤਾ ਮੇਰੇ ਨਾਲ,
ਕਰ ਨ੍ਹੀ ਸਕਦਾ ਤੇਰੇ ਨਾਲ।
ਇਹ ਮੈਨੂੰ ਹੀ ਖਾ ਨਾ ਜਾਵੇ,
ਤਾਂ ਹੀ ਲੜਦਾਂ ਨ੍ਹੇਰੇ ਨਾਲ।
ਪਹਿਲਾਂ ਕੱਲੇ ਤੁਰਨਾ ਪੈਂਦਾ,
ਫਿਰ ਰਲ ਜਾਣ ਬਥੇਰੇ ਨਾਲ।
ਯਾਰਾਂ ਛੱਡੀ ਕਸਰ ਕੋਈ ਨਾ,
ਸੱਟਾਂ ਜਰੀਆਂ ਜੇਰੇ ਨਾਲ।
ਬਾਬੇ ਨੇ ਅਕਲ ਆਪਣੀ ਨਾਲ,
ਲੋਕੀਂ ਜੋੜੇ ਡੇਰੇ ਨਾਲ।
ਮਾਂ ਦੇ ਮੂੰਹ ਤੇ ਰੌਣਕ ਆਈ,
ਪੁੱਤ ਦੇ ਇੱਕੋ ਫੇਰੇ ਨਾਲ।
ਦਿਲ ਮਿਲਦਾ ਹੁੰਦਾ ਇਕ ਨਾਲ,
ਬੰਦੇ ਤੁਰਨ ਬਥੇਰੇ ਨਾਲ।
ਤੇਰੇ ਦਰ ਤੇ ਆਇਆ 'ਮਾਨ',
ਛੱਡ ਕੇ ਰੋਸਾ ਤੇਰੇ ਨਾਲ।

ਮਹਿੰਦਰ ਸਿੰਘ ਮਾਨ
9915803554

ਆ-ਦਮੀ

ਕੋਈ ਨਾ ਕਿਸੇ ਦਾ ਦਰਦੀ ਹੈ ਭਰੇ ਜੱਗ ਵਿੱਚ,
ਜਾਣੇ ਬਣਦੇ ਅਣਜਾਣੇ ਸਮਝਦੇ ਦੂਜੇ ਨੂੰ ਟਿੱਚ।
ਕਰ ਕੇ ਮੂੰਹ ਚੋਪੜੀ ਮਤਲਬ ਕੱਢ ਜਾਂਦੇ ਔਹ,
ਐਸੇ ਸੱਜਣ ਬਥੇਰੇ ਜਿਹੜੇ ਟੰਗਾਂ ਜਾਂਦੇ ਖਿੱਚ।

ਕਿਸੇ ਦੀ ਮੌਤੇ ਨ ਮਰੇ ਕੋਈ ਸੱਚੀ ਇਹ ਗੱਲ,
ਅਪਣੇ ਸਕੇ-ਸਕੋਤਰੇ ਪਰਖੇ ਜਾਂਦੇ ਔਖੇ ਪੱਲ।
ਸਿਰ ਪਵੇ ਮੁਸੀਬਤ ਬੱਸ ਝੱਟ ਕੰਡ ਵਿਖਾਉਂਦੇ,
'ਕੱਠੇ ਜੀਉਣ ਮਰਨ ਦੇ ਵਾਅਦੇ ਨਿਰੇ ਨੇ ਛਲ਼।

ਅਪਣੇ ਹੀ ਕਾਫੀ ਨੇ ਦੁਸ਼ਮਣ ਦੀ ਲੋੜ ਨਹੀਂ,
ਯਾਰ ਕਿਸ ਕੰਮ ਆਉਣੇ ਕਦੇ ਵੀ ਥੋੜ੍ਹ ਨਹੀਂ।
ਆਏ ਖਿਆਲ ਤਾਂ ਖਲਬਲੀ ਉੱਠੀ ਮਨ ਵਿੱਚ,
ਕਿਸ ਦਾ ਕਰਾਂ ਯਕੀਨ ਸ਼ਸ਼ੋਪੰਜ ਹੈ ਤੋੜ ਨਹੀਂ।

ਡੁੱਬ ਲੋਭ ਮੋਹ ਹੰਕਾਰ 'ਚ ਗੁੰਮਿਆਂ ਹੈ ਬੰਦਾ,
ਮਜ਼ੂਬ ਰਾਜਸੀ ਨਫ਼ਰਤ ਦਾ ਚੱਲਦਾ ਹੈ ਧੰਦਾ।
ਬੀਜ ਪਿਆਰ ਮੁਹੱਬਤ ਵਾਲ਼ਾ ਨਾਸ ਹੋਇਆ,
ਰੋਜ਼ੀ ਰੋਟੀ ਦਾ ਮੁਹਤਾਜ ਹੋ ਗਿਆ ਹੈ ਬੰਦਾ।

ਸੋਚ ਸੋਚ ਕੇ ਬੰਦਾ ਗੁੰਮ ਸੁੰਮ ਹੋਇਆ ਫਿਰਦੈ,
ਵਲ਼ ਖਾਵੇ ਸੱਪ ਵਾਂਗੂੰ ਗੁੱਛ ਮੁੱਛ ਜੇਹਾ ਦਿਸਦੈ।
ਘੁੱਟ ਘੁੱਟਕੇ ਜੀਅ ਰਿਹਾ ਵਾਂਗ ਸ਼ੁਦਾਈਆਂ ਹੈ,
ਮੇਲਾ ਮੇਲਾ ਕਰਦੈ ਨਿੱਜ ਹੈ ਦਾਣੇ ਜਿਉਂ ਪਿਸਦੈ।

ਸੇਵਾ ਸਿੰਘ "ਨੂਰਪੁਰੀ"

ਸੋਹਣੀ ਸੂਰਤ...

ਸੋਹਣੀ ਸੂਰਤ ਵੇਖ ਕੇ ਧਿੱਜ ਨਾ ਜਾਵੀਂ ਤੂੰ।
ਸੋਚ ਸਮਝ ਕੇ ਮਿੱਤਰਾ ਪਿਆਰ ਨੂੰ ਪਾਵੀਂ ਤੂੰ।

ਝੂੱਠੀਆਂ ਕਸਮਾਂ ਖਾਣਾ ਕੰਮ ਹੈ ਝੂੱਠਿਆਂ ਦਾ,
ਸੱਚਿਆਂ ਦੇ ਨਾਲ ਰਹਿ ਕੇ ਸੱਚ ਕਮਾਵੀਂ ਤੂੰ।

ਸੱਜਣਾਂ ਦਾ ਥਹੁ ਪਤਾ ਨਾ ਲੱਗੇ ਕਿਧਰੇ ਜੇ,
ਚੰਨ ਤਾਰਿਆਂ ਕੋਲੇ ਅਰਜਾਂ ਪਾਵੀਂ ਤੂੰ।

ਚੋਰ ਠੱਗ ਨੇ ਸਾਰੇ ਸਿਆਸੀ ਨੇਤਾ ਏਹ,
ਏਹਨਾਂ ਤੇ ਵਿਸਵਾਸ਼ ਨਾ ਕਦੇ ਜਿਤਾਵੀਂ ਤੂੰ।

ਕੰਮ ਕਿਸੇ ਦਾ ਬਣਦਾ ਹੋਊ ਕਰ ਦੇਵੀ
ਝੂਠੇ ਲਾਰੇ ਨਾ ਕਿਸੇ ਨੂੰ ਲਾਵੀਂ ਤੂੰ।

ਮੋਹ ਦੀਆਂ ਤੰਦਾਂ ਜੀਹਦੇ ਨਾਲ ਵਧਾ ਲਈਆਂ,
ਕਦੇ ਵੈਰ ਨਾ ਉਨ੍ਹਾਂ ਨਾਲ ਕਮਾਵੀਂ ਤੂੰ।

ਸਭ ਤੋਂ ਵੱਡਾ ਮੰਦਿਰ 'ਬੁਜਰਕ' ਵਿੱਦਿਆ ਦਾ,
ਲੰਘਦੇ ਵੜਦੇ ਆਪਣਾ ਸੀਸ ਝੁਕਾਵੀਂ ਤੂੰ।

ਹਰਮੇਲ ਸਿੰਘ ਧੀਮਾਨ

ਨਜ਼ਮ

ਲੈ ਲਓ ਲਫ਼ਜ਼ਾਂ ਦੀ ਨਸਵਾਰ

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM VW TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD